INTERNATIONAL MAGAZINE
RNI No. 61816/95

30/-

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਦਸੰਬਰ
2024

ਪ੍ਰਣਾਮ
ਸ਼ਹੀਦਾਂ
ਨੂੰ



If Undelivered, Please Return to
Atam Marg Office
Gurdwara Ishar Parkash, Ratwara Sahib
New Chandigarh, P.O. Mullanpur Garibdass,
Teh.Kharar, Distt. S.A.S Nagar (Mohali) - 140901,
Punjab, India,
Tel. +91-94172-14391,79




ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ
ਜੀ ਮਹਾਰਾਜ ਸੁੰਦਰ ਪਾਲਕੀ ਵਿਚ ਸਸ਼ੋਭਿਤ

# ਆਤਮ ਮਾਰਗ

ਸਾਲ-ਤੀਹਵਾਂ, ਮਹੀਨਾ-ਦਸੰਬਰ, 2024

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

**ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**

**ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ**


**ਚੇਅਰਮੈਨ**
ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ**
ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ
ਭਾਈ (ਡਾ.) ਸੁਖਵਿੰਦਰ ਸਿੰਘ

ਚੀਫ ਐਡੀਟਰ
ਡਾ. ਜਗਜੀਤ ਸਿੰਘ


**ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ**

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।


ਫੋਨ :- 84378-12900, 94172-14391, 94172-14379

Email :atammarg1@yahoo.co.in



Registration Under Foreign Contribution (Regulation) Act 1976 R. No. 115320023



**Postal Address for any Enquiry, Money Order, Cheque and drafts :**

**'ATAM MARG' MAGAZINE**

Gurdwara Ishar Parkash, Ratwara Sahib
(New Chandigarh) P.o. Mullanpur Garibdas, Teh. Kharar, Distt. S.A.S Nagar
(MOHALI) - 140901, Pb. India


**SUBSCRIPTION – ਚੰਦਾ – (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |


**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


**Media Broadcast (Ratwara Sahib)**

Please visit us on internet at :-
For Atam Marg Email : atammarg1@yahoo.co.in,
Website & Live video -

www.ratwarasahib.org
www.ratwarasahib.com
www.vgrmct.org

Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

**Live Programme & Cable Tv Network**

**98728-14385, 94172-14385**
**98147-12900**

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

**ਅਮਰੀਕਾ – ਭਾਈ ਅਮਰਦੀਪ ਸਿੰਘ ਅਟਵਾਲ**
001-408-263-1844

**ਕਨੇਡਾ – ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ**
001-604-433-0408

**ਭਾਈ ਤਰਸੇਮ ਸਿੰਘ ਬੈਂਸ**
001-604-862-9525

**ਭਾਈ ਜਸਬੀਰ ਸਿੰਘ ਰਾਣੂ**
001-604-589-9189

**ਇੰਗਲੈਂਡ – ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ**
0044-121-200-2818

**ਭਾਈ ਅਰਵਿੰਦਰ ਸਿੰਘ (ਰਾਜ)**
0044-7968734058

**ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :**
0061-406619858

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -**

**9417214378, 9417214384**

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

**ਵਿਸ਼ੇਸ਼ ਜਾਣਕਾਰੀ ਲਈ**

ਸ਼੍ਰੀ ਮਾਨ ਜੀ - 98551-32009
ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

**ਹੋਰ ਸੰਪਰਕ ਨੰਬਰ**

**98889-10777, 96461-01996, 9417214381**

# ਤੱਤਕਰਾ


| | | |
|---|---|---|
| 1. | ਸੰਪਾਦਕੀ | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | ਬਾਰਹ ਮਾਹਾ | 8 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 3. | ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸਮਰਪਿਤ | 11 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | ਮਹਾਨ ਗੁਰਮਤਿ ਰੂਹਾਨੀ ਸਮਾਗਮ - ਪ੍ਰੈਸ ਰਿਪੋਰਟ | 31 |
| 5. | ਚਉਥੈ ਪਹਰਿ ਸਬਾਹ ਕੈ...॥ | 39 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 6. | ਪ੍ਰਣਾਮ ਸ਼ਹੀਦਾਂ ਨੂੰ | 43 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 7. | ਸ਼ਹੀਦੀ ਸਪਤਾਹ ਦੀ ਦਾਸਤਾਨ | 48 |
| | *ਡਾ. ਰੂਪ ਸਿੰਘ* | |
| 8. | ਭਗਤ ਨਾਮਦੇਵ ਜੀ | 52 |
| | *ਗਿਆਨੀ ਪ੍ਰਤਾਪ ਸਿੰਘ* | |
| 9. | ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ | 54 |
| | *ਡਾ. ਜਗਜੀਤ ਸਿੰਘ* | |
| 10. | ਗੁਰਬਾਣੀ ਅਰਥ ਭੰਡਾਰ | 57 |
| | *ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ* | |
| 11. | ਗੁਰ ਨਾਨਕ ਆਗਮਨ | 62 |
| | *ਡਾ. ਭਾਈ ਵੀਰ ਸਿੰਘ ਜੀ* | |
| 12. | ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ<br>ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,<br>ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ | 65 |

# ਸੰਪਾਦਕੀ

## ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ ॥

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

ਜਿਸ ਧਰਤੀ/ਪ੍ਰਿਥਵੀ 'ਤੇ ਅਸੀਂ ਰਹਿ ਰਹੇ ਹਾਂ ਇਸ ਦੇ ਵੱਖ-ਵੱਖ ਨਾਮ ਰੱਖੇ ਗਏ ਹਨ। ਇਸ ਨੂੰ earth planet ਵੀ ਕਿਹਾ ਜਾਂਦਾ ਹੈ। 'ਮਾਤ ਲੋਕ' ਇਸ ਦਾ ਨਾਮ ਧਾਰਮਿਕ ਦੁਨੀਆਂ ਵਿਚ ਪ੍ਰਚਲਿਤ ਹੈ। ਬਾਣੀ ਵਿਚ ਇਸ ਨੂੰ ਮ੍ਰਿਤ ਮੰਡਲ ਕਿਹਾ ਗਿਆ ਹੈ। ***'ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰ ਬਾਰ ॥' (ਅੰਗ-੮੦੮)*** ਭਾਵ ***'ਮਰਣੁ ਲਿਖਾਇ ਮੰਡਲ ਮਹਿ ਆਏ ॥' (ਅੰਗ-੬੮੫)*** ਜੋ ਵੀ ਜੀਵ ਪੈਦਾ ਹੋਇਆ, ਜਿਸ ਵੀ ਸ਼ੈਅ ਦੀ ਸ਼ਕਲ ਜਾਂ ਅਕਾਰ ਹੈ ਤੇ ਉਸ ਦਾ ਕੋਈ ਨਾਮ ਹੈ, ਉਹ ਇਕ ਦਿਨ ਬਿਨਸਨੀ ਹੈ। ਤੱਤਾਂ ਤੋਂ ਬਣੀ ਨੇ ਮੂਲ ਤੱਤਾਂ ਵਿਚ ਲੀਨ ਹੋਣਾ ਹੀ ਹੋਣਾ ਹੈ -

*ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥*
*ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ ॥*
*ਅੰਗ - ੧੪੨੭*

*ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥*
*ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥*
*ਅੰਗ - ੧੪੨੯*

ਸਰੀਰ ਕਰਕੇ ਸਭਨਾਂ ਨੇ ਇਕ ਦਿਨ ਜਾਣਾ ਹੀ ਹੈ।

*ਸਭਨਾ ਮਰਣਾ ਆਇਆ ਵੇਛੋੜਾ ਸਭਨਾਹ ॥*
*ਅੰਗ - ੫੯੫*

ਸਰੀਰ ਕਰਕੇ ਜਾਣਾ ਨਿਸਚਿਤ ਹੈ, ਅਟੱਲ ਹੈ। ਪਰ ਜਾਣ-ਜਾਣ ਵਿਚ ਫਰਕ ਹੈ। ਇਕ ਚਲੇ ਜਾਣ ਤੋਂ ਬਾਅਦ ਵੀ ਨਹੀਂ ਜਾਂਦੇ। ਸਦਾ ਦਾ ਅਮਰ ਜੀਵਨ ਪ੍ਰਾਪਤ ਕਰ ਜਾਂਦੇ ਹਨ। ਇਕ ਸਰੀਰਾਂ ਵਿਚ ਰਹਿੰਦੇ ਹੋਏ ਵੀ ਮੁਰਦੇ ਸਮਾਨ ਹਨ -

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥*
*ਅੰਗ - ੨੫੩*

ਪੰਜ ਤਰ੍ਹਾਂ ਦੀ ਮੌਤ ਮੰਨੀ ਗਈ ਹੈ। ਭਾਈਚਾਰਕ, ਰਾਜਨੀਤਿਕ, ਆਰਥਿਕ ਅਤੇ ਸਰੀਰਕ ਅਤੇ ਆਤਮਿਕ ਮੌਤ/ਉਪਰੋਕਤ ਚਾਰ ਮੌਤਾਂ ਦੀ ਜਾਣਕਾਰੀ ਬਹੁਤਾਤ ਨੂੰ ਹੋਵੇਗੀ ਪਰ ਆਤਮਿਕ ਮੌਤ ਬਾਰੇ ਵਿਰਲੇ ਹੀ ਜਾਣਦੇ ਹਨ ਕਿਉਂਕਿ ਜ਼ਿਆਦਾਤਰ ਲੋਕ ਇਸ ਆਤਮਿਕ ਮੌਤ ਦੇ ਸ਼ਿਕਾਰ ਹੋਏ-ਹੋਏ ਹਨ। ਜਿਨ੍ਹਾਂ ਲੋਕਾਂ ਦੀਆਂ ਜ਼ਮੀਰਾਂ ਮਰ ਚੁੱਕੀਆਂ ਹਨ ਅਤੇ ਅਧਰਮ ਨੂੰ ਧਰਮ ਸਮਝ ਬੈਠੇ ਹਨ, ਜੋ ਉਸ ਪ੍ਰਮੇਸ਼ਰ/ਅੱਲਾਹ ਤਾਲਾ ਨੂੰ ਖੁਸ਼ ਕਰਨ ਹਿਤ ਉਸ ਦੀ ਬਣਾਈ ਰਚਨਾ ਤੇ ਜ਼ੁਲਮਾਨਾ ਢੰਗ ਨਾਲ ਜ਼ੁਲਮ ਕਰਦੇ ਹਨ, ਉਹ ਆਤਮਿਕ ਪੱਖੋਂ ਦਵਾਲੀਏ ਹਨ ਅਤੇ ਉਹ ਆਤਮਿਕ ਪੱਖੋਂ ਮਰੇ ਹੋਏ ਹਨ। ਭਾਰਤੀ ਸਮਾਜ ਦੀ ਇਹ ਦਸ਼ਾ ਰਹੀ ਹੈ ਕਿ ਸਮਾਜ ਚਹੁੰ ਵਰਣਾਂ ਤੇ ਚਹੁੰ ਆਸ਼ਰਮਾਂ ਵਿਚ ਵੰਡ ਦਿਤਾ ਗਿਆ। ਨਤੀਜਾ ਨਿਕਲਿਆ ਕਿ ਗੁਲਾਮੀ ਦੀਆਂ ਜੰਜੀਰਾਂ ਵਿਚ ਜਕੜੇ ਗਏ। ਇਹ ਸਿਲਸਿਲਾ ਗੁਲਾਮੀ ਦਾ ਸਦੀਆਂ ਤਕ ਚਲਦਾ ਰਿਹਾ। ਇਹ ਗੁਲਾਮੀ ਧਾਰਮਿਕ, ਸਮਾਜਿਕ, ਰਾਜਨੀਤਿਕ, ਆਰਥਿਕ ਤੇ ਜੀਵਨ ਦੇ ਹਰ ਪਹਿਲੂ ਨਾਲ ਸਬੰਧਿਤ ਸੀ। ਸਿੱਖ ਧਰਮ ਦੀ ਆਮਦ ਨਾਲ ਇਹ ਅਹਿਸਾਸ ਹੋਇਆ ਕਿ ਜੇ ਦੁਨੀਆਂ ਤੋਂ ਜਾਣਾ ਹੀ ਹੈ ਤਾਂ ਸਵੈ-ਮਾਣ, ਇੱਜ਼ਤ, ਅਣਖ, ਆਬਰੂ ਭਰਪੂਰ ਜੀਵਨ ਜੀਅ ਕੇ ਦਿਖਾਇਆ ਜਾਵੇ। ਐਸੇ ਨਾਮ ਬਾਣੀ ਨਾਲ ਭਰਪੂਰ 'ਪਤਿ' ਦੇ ਜੀਵਨ ਦੀ ਪ੍ਰੇਰਨਾ ਪਵਿੱਤਰ ਗੁਰਬਾਣੀ ਵਿਚ ਮਿਲਦੀ ਹੈ -

*ਜੇ ਜੀਵੈ ਪਤਿ ਲਥੀ ਜਾਇ ॥*
*ਸਭੁ ਹਰਾਮੁ ਜੇਤਾ ਕਿਛੁ ਖਾਇ ॥* *ਅੰਗ - ੧੪੨*

ਅਸਲ ਪਤਿ ਹੈ ਨਾਮ ਦੀ ਲਿਵ ਵਿਚ *'....ਬਿਨੁ ਨਾਵੈ ਪਤਿ ਜਾਇ ॥'* ਗੁਰਬਾਣੀ ਦਾ ਉਪਦੇਸ਼ ਸਮੇਂ ਸਥਾਨ, ਸਮਾਜਿਕ ਵਰਗ ਵੰਡੀਆਂ ਦੀਆਂ ਸੀਮਾਵਾਂ ਤੋਂ ਅਜ਼ਾਦ ਹੈ।

ਭਾਵ -

*ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ॥*
*ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥*
*ਅੰਗ - ੯੦੩*

ਸਾਰੇ ਦਿਸਦੇ ਸੰਸਾਰ ਵਿਚ ਇਕ ਪ੍ਰਮੇਸ਼ਰ ਹੀ ਹੈ ਜੋ ਨਾਸ਼ਮਾਨ ਨਹੀਂ ਹੈ। ਲੱਖ ਚਉਰਾਸੀ ਜੂਨਾਂ ਦੀ ਨਾਸ਼ ਮਾਨਤਾਂ ਬਾਰੇ ਫੁਰਮਾਨ ਹੈ -

*ਲਖ ਚਉਰਾਸੀਹ ਮੇਦਨੀ ਸਭ ਆਵੈ ਜਾਸੀ ॥*
*ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ ॥*
*ਅੰਗ - ੧੧੦੦*

ਸਾਰੇ ਜੀਵਾਂ ਦੀ ਇਹ ਫਿਤਰਤ ਰਹੀ ਹੈ ਕਿ ਹਰ ਇਕ ਲੰਮੀ ਉਮਰ ਜਿਉਣਾ ਚਾਹੁੰਦਾ ਹੈ -

*ਬਹੁਤਾ ਜੀਵਣੁ ਮੰਗੀਐ ਮੁਆ ਨ ਲੋੜੈ ਕੋਇ ॥ ਅੰਗ - ੬੩*

ਇਸ ਸਮੁੱਚੀ ਕਾਇਨਾਤ ਵਿਚ ਇਕ ਉਹ ਹਨ ਜਿਨ੍ਹਾਂ ਦਾ ਦੇਹ ਅਧਿਆਸ ਖਤਮ ਹੋ ਚੁੱਕਾ ਹੈ। ਨਾਮ ਬਾਣੀ ਨਾਲ ਜੁੜ ਕੇ ਸਦਾ ਦਾ ਅਮਰ ਜੀਵਨ ਪ੍ਰਾਪਤ ਕਰ ਚੁੱਕੇ ਹਨ। ਭਾਵ -

*ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥*
*ਕਹੁ ਨਾਨਕ ਇਹ ਜਗਤ ਮੈ*
*ਕਿਨ ਜਪਿਓ ਗੁਰ ਮੰਤੁ ॥ ਅੰਗ - ੧੪੨੯*

ਉਹ ਆਤਮਿਕ ਤੌਰ 'ਤੇ ਅਮਰ ਹੋ ਗਏ ਹਨ-

*ਜਨਮਿ ਨ ਮਰੈ ਨ ਆਵੈ ਨ ਜਾਇ ॥*
*ਹਰਿ ਸੇਤੀ ਓਹੁ ਰਹੈ ਸਮਾਇ ॥ ਅੰਗ - ੩੭੦*

ਗੁਰਮਤਿ ਦੇ ਵਿਚ ਗੁਲਾਮੀ ਦੀ ਮੌਤ ਨੂੰ ਨਕਾਰਿਆ ਗਿਆ ਹੈ। ਇਥੋਂ ਦੇ ਧਾਰਮਿਕ ਸਕੂਲ ਭਾਵ ਸਮਰੱਥ ਗੁਰੂ ਦੇ ਸਕੂਲ ਵਿਚ ਦਾਖਲ ਹੋਣ ਤੋਂ ਪਹਿਲਾਂ ਹੀ ਇਹ ਸ਼ਰਤ ਪੂਰੀ ਕਰਵਾਈ ਜਾਂਦੀ ਹੈ ਕਿ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*
*ਅੰਗ - ੧੧੦੨*

ਅਰਥਾਤ -

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥ ਅੰਗ - ੧੪੧੨*

ਐਸੀ ਅਵਸਥਾ ਗੁਰਸਿੱਖਾਂ ਨੇ ਪ੍ਰਾਪਤ ਕੀਤੀ ਕਿਉਂਕਿ ਉਨ੍ਹਾਂ ਨੇ ਪੂਰੇ ਗੁਰੂ ਦੇ ਸਕੂਲ ਵਿਚ ਦਾਖ਼ਲਾ ਲੈ ਲਿਆ ਹੈ -

*ਮਰਨ ਜੀਵਨ ਕੀ ਸੰਕਾ ਨਾਸੀ ॥*
*ਆਪਨ ਰੰਗਿ ਸਹਜ ਪਰਗਾਸੀ ॥ ਅੰਗ - ੧੩੪੯*

ਭਗਤ ਕਬੀਰ ਜੀ ਇਸ ਮੌਤ ਦੇ ਵਰਤਾਰੇ 'ਤੇ ਫੁਰਮਾਨ ਕਰਦੇ ਹਨ ਕਿ -

*ਕਬੀਰ ਮਰਤਾ ਮਰਤਾ ਜਗੁ ਮੂਆ*
*ਮਰਿ ਭੀ ਨ ਜਾਨਿਆ ਕੋਇ ॥*
*ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ ॥*
*ਅੰਗ - ੧੩੬੬*

ਮੌਤ ਤੇ ਸੂਰਿਆਂ ਦਾ ਗੂੜ੍ਹਾ ਸਬੰਧ ਹੈ -

*ਮਰਣੁ ਮੁਣਸਾ ਸੂਰਿਆ ਹਕੁ ਹੈ*
*ਜੋ ਹੋਇ ਮਰਨਿ ਪਰਵਾਣੋ ॥*
*ਸੂਰੇ ਸੇਈ ਆਗੈ ਆਖੀਅਹਿ*
*ਦਰਗਹ ਪਾਵਹਿ ਸਾਚੀ ਮਾਣੋ ॥ ਅੰਗ - ੫੮੦*

ਭਾਵ ਮਰਨਾ ਓਹੀ ਪ੍ਰਵਾਨ ਹੈ ਜੋ ਹੱਕ, ਸੱਚ, ਇਨਸਾਫ ਲਈ ਲੜਦਿਆਂ, ਜਬਰ-ਜ਼ੁਲਮ, ਅਤਿਆਚਾਰ ਦਾ ਵਿਰੋਧ ਕਰਦਿਆਂ, ਬਿਨਾਂ ਕਿਸੇ ਅਧੀਨ ਰਹਿ ਗੁਲਾਮੀ ਸਹਿਣ ਕਰਦਿਆਂ ਹੋਵੇ। ਜੋ ਇਸ ਚਾਲੀ 'ਤੇ ਚਲਦਾ ਹੈ ਉਹੀ ਸੂਰਮਾ ਹੈ ਭਾਵ-

*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥*
*ਅੰਗ - ੧੧੦੫*

ਉਹ ਸ਼ਹੀਦ 'ਤੇ ਸੂਰਮੇ ਦੇ ਰੁਤਬੇ ਨੂੰ ਪ੍ਰਾਪਤ ਕਰਦਾ ਹੈ ਜੋ ਹੱਕ ਸੱਚ ਵਾਸਤੇ, ਅਧਰਮ ਦੇ ਖਿਲਾਫ ਜਾਬਰ-ਜ਼ੁਲਮ ਦੇ ਖਿਲਾਫ ਲੜਦਾ-ਜੂਝਦਾ ਸ਼ਹੀਦ ਹੋ ਜਾਂਦਾ ਹੈ। ਉਹ ਰਹਿੰਦੀ ਮਾਨਵਤਾ ਨੂੰ ਸੱਚ ਦੀ ਗਵਾਹੀ ਦੇ ਕੇ ਸਦਾ ਲਈ ਅਮਰ ਹੋ ਜਾਂਦਾ ਹੈ। ਰਹਿੰਦੀਆਂ ਨਸਲਾਂ, ਪੀੜੀਆਂ, ਮਾਨਵਤਾ ਉਨ੍ਹਾਂ ਦੇ ਪੂਰਨਿਆਂ 'ਤੇ ਚਲ ਕੇ ਅਣਖ, ਆਬਰੂ ਵਾਲਾ ਜੀਵਨ ਬਤੀਤ ਕਰਨ ਲਈ ਪ੍ਰੇਰਿਤ ਹੁੰਦੀਆਂ ਰਹਿਣਗੀਆਂ। ਉਨ੍ਹਾਂ ਦਾ ਮਰਨਾ ਵੀ ਸਹਿਲਾ ਹੋ ਨਿਬੜਦਾ ਹੈ -

*ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ ॥*
*ਜੇ ਕਰਿ ਸਾਹਿਬੁ ਮਨਹੁ ਨ ਵੀਸਰੈ*
*ਤਾ ਸਹਿਲਾ ਮਰਣਾ ਹੋਇ ॥*
*ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ ॥*
*ਗੁਰ ਪਰਸਾਦੀ ਜੀਵਤੁ ਮਰੈ ਹੁਕਮੈ ਬੂਝੈ ਸੋਇ ॥*
*ਨਾਨਕ ਐਸੀ ਮਰਨੀ ਜੋ ਮਰੈ ਤਾ ਸਦ ਜੀਵਣੁ ਹੋਇ ॥*
*ਅੰਗ -੫੫੫*

ਇਸ ਤਰ੍ਹਾਂ ਦਾ ਜਾਣਾ ਪ੍ਰਵਾਨ ਹੈ। ਇਸ ਤਰ੍ਹਾਂ ਜਾਣ ਦਾ ਬਹਾਨਾ ਭਾਵੇਂ ਤੱਤੀ ਤਵੀ ਬਣੇ, ਭਾਵੇਂ ਇਹ ਸਮਾਂ ਰਣ ਤੱਤੇ ਵਿਚ ਆਵੇ, ਆਰੇ ਦੇ ਦੰਦਿਆਂ ਹੇਠ, ਉਸ ਲਈ ਦੇਗ, ਰੂਈਂ 'ਚ ਲਪੇਟ ਕੇ, ਚਮਕੌਰ ਸਾਹਿਬ ਵਰਗੇ ਦੁਨੀਆਂ ਦੇ ਸਭ ਤੋਂ ਅਸਾਵੇਂ ਯੁੱਧ ਵਿਚ, ਸਰਹਿੰਦ ਦੀਆਂ ਦੀਵਾਰਾਂ ਵਿਚ ਆਦਿ ਸਭ ਥਾਵਾਂ 'ਤੇ ਹਰ ਸਮੇਂ ਹਰ ਹਾਲਾਤ ਵਿਚ ਪ੍ਰਵਾਨ ਹੈ।

ਸਿੱਖ ਇਤਿਹਾਸ ਦੀ ਤਵਾਰੀਖ ਦਾ ਹਰ ਪੰਨਾ ਸ਼ਹੀਦਾਂ ਦੇ ਖੂਨ ਨਾਲ ਲੱਥਪੱਥ ਹੈ। ਜਿਥੇ ਵੀ ਸ਼ਹੀਦ ਦਾ ਖੂਨ ਡੁਲ੍ਹਿਆ ਉਹ ਪਵਿੱਤਰ ਧਰਤੀਆਂ ਅੱਜ ਪੂਜਣਯੋਗ ਹਨ। ਸ਼ਹੀਦਾਂ ਦੇ ਜੀਵਨ ਦਰਸ਼ਨ ਤੋਂ ਮਿਲੀ ਰੌਸ਼ਨੀ ਦੀ ਕਿਰਨ ਸਾਡੇ ਲਈ ਚਾਨਣ ਮੁਨਾਰਾ ਹੈ। ਬਾਲ-ਬੱਚੇ ਸਨ, ਸਰੀਰ ਕਰਕੇ ਉਮਰਾਂ ਛੋਟੀਆਂ

ਪਰ ਵੱਡੇ ਸਤਿਕਾਰਤ ਬ੍ਰਹਮ ਗਿਆਨੀ ਬਾਬਿਆਂ, ਬਾਲ ਸ਼ਹੀਦ ਸਾਹਿਬਜ਼ਾਦਿਆਂ ਦੀ ਦਾਸਤਾਨ ਪੜ੍ਹ ਕੇ ਹਰੇਕ ਦੇ ਮਨ ਵਿਚ ਝਰਨਾਹਟ ਜ਼ਰੂਰ ਛਿੜਦੀ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਾਰੇ ਸਾਹਿਬਜ਼ਾਦੇ ਤੇ ਪੂਜਨੀਕ ਜਗਤ ਮਾਤਾ, ਮਾਤਾ ਗੁਜਰ ਕੌਰ ਜੀ ਸੱਤ ਦਿਨਾਂ ਵਿਚ ਸ਼ਹੀਦੀ ਜਾਮ ਪੀ ਗਏ। ਇਨ੍ਹਾਂ ਸੱਤਾਂ ਦਿਨਾਂ ਨੂੰ ਸ਼ਹੀਦੀ ਸਪਤਾਹ ਵਜੋਂ ਯਾਦ ਕੀਤਾ ਜਾਂਦਾ ਹੈ। ਭਾਵੇਂ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਤੋਂ ਲੈ ਕੇ ਸਰਹੰਦ ਦੀਆਂ ਨੀਹਾਂ ਤੱਕ ਦੇ ਸਫ਼ਰ ਨੂੰ 'ਪੰਦਰਵਾੜਾ' ਸ਼ਹੀਦੀ ਸਮਾਂ ਵੀ ਕਿਹਾ ਜਾਂਦਾ ਹੈ। ਇਸ ਸਮੇਂ ਵਿਚ ਅਨੇਕਾਂ ਗੁਰੂ ਕੇ ਲਾਡਲੇ ਸਿੰਘ ਪੰਜਾਂ ਪਿਆਰਿਆਂ ਵਿਚੋਂ ਤਿੰਨ ਪਿਆਰੇ, ਚਾਰੇ ਸਾਹਿਬਜ਼ਾਦੇ, ਮਾਤਾ ਗੁਜਰ ਕੌਰ ਜੀ, ਸ਼ਹੀਦਾਂ ਦੇ ਸਿਰਤਾਜ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਧਰਮ ਹੇਤ ਸਾਕਾ ਕਰਨ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗੋਦੀ ਦਾ ਹਮੇਸ਼ਾ ਲਈ ਸ਼ਿੰਗਾਰ ਬਣ ਗਏ।

ਇਥੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਜ਼ਿਕਰ ਕਰਨਾ ਮੁਨਾਸਿਬ ਸਮਝਦੇ ਹੋਏ ਸੰਖੇਪ ਵਿਚ ਦਾਸਤਾਨ ਬਿਆਨ ਕਰਨ ਦੀ ਅਰਦਾਸ ਕਰਦੇ ਹਾਂ। ਇਹ ਦਾਸਤਾਨ ਬਹੁਤ ਦਰਦਮਈ ਹਾਲਾਤਾਂ 'ਤੇ ਜ਼ਾਲਮ ਸਰਕਾਰ ਸਰਹਿੰਦ ਦੀ ਦਰਿੰਦਗੀ ਨੂੰ ਰੂਪਮਾਨ ਕਰਦੀ ਹੈ। ਸਰੀਰਕ ਉਮਰਾਂ 7 ਅਤੇ 9 ਸਾਲ ਤੋਂ ਘੱਟ ਛੋਟੇ ਸਾਹਿਬਜ਼ਾਦਿਆਂ ਨੂੰ ਜਾਬਰਾਂ-ਜ਼ਾਲਮਾਂ ਨੇ ਜ਼ੁਲਮ ਦੀ ਇੰਤਹਾਅ ਕਰਦਿਆਂ ਜਿਉਂਦੇ ਜੀਅ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿਤਾ। ਛੋਟੀਆਂ ਜ਼ਿੰਦਾਂ ਵੱਡਾ ਸਾਕਾ ਕਰ ਆਪਣੀ ਬਾਲ-ਵਰੇਸ 'ਚ ਹੀ ਬਾਬਿਆਂ, ਸੂਰਮਿਆਂ 'ਤੇ ਸ਼ਹੀਦਾਂ ਦਾ ਰੁਤਬਾ ਪ੍ਰਾਪਤ ਕੀਤਾ। ਬਾਬਾ ਫਤਿਹ ਸਿੰਘ ਜੀ ਨੇ ਸਭ ਤੋਂ ਛੋਟੀ ਉਮਰ 'ਚ ਮੌਤ 'ਤੇ ਫਤਿਹ ਪਾਈ। ਭਾਵ ਬਾਲ-ਵਰੇਸ ਦੇ ਸ਼ਹੀਦ ਅਖਵਾਏ। ਦੂਜੇ 83 ਸਾਲ ਦੇ ਬਜ਼ੁਰਗ ਮਾਤਾ, ਮਾਤਾ ਗੁਜਰੀ (ਕੌਰ) ਜੀ ਵੀ ਸ਼ਹੀਦੀ ਜਾਮ ਪੀ ਕੇ ਗੁਰੂ ਪਤੀ ਗੁਰੂ ਤੇਗ ਬਹਾਦਰ ਜੀ ਨਾਲ ਕੀਤਾ ਇਕਰਾਰ ਸੰਪੂਰਨ ਕਰ ਗਏ। ਐਸੀ ਕਰਨੀ ਕਰ ਗਏ ਜੋ ਰਹਿੰਦੀ ਸ੍ਰਿਸ਼ਟੀ ਤਕ ਯਾਦ ਰੱਖੀ ਜਾਏਗੀ। ਗੁਰੂ ਦੀ ਕ੍ਰਿਪਾ ਨਾਲ ਮੌਤ 'ਤੇ ਫਤਹਿ ਪਾ ਕੇ ਸਦਾ ਦੀ ਅਮਰਤਾ ਪ੍ਰਾਪਤ ਕਰ ਗਏ।

*ਗੁਰ ਪ੍ਰਸਾਦਿ ਜੀਵਤੁ ਮਰੈ ਤਾ ਫਿਰਿ ਮਰਣੁ ਨ ਹੋਇ॥*

*ਅੰਗ - ੫੫੪*

ਸਾਡੇ ਵਾਸਤੇ ਐਸੀ ਪ੍ਰੇਰਨਾ ਕਰ ਗਏ ਕਿ ਪਿਆਰਿਉ! ਉਨ੍ਹਾਂ ਨੂੰ ਯਾਦ ਕਰਦਿਆਂ, ਆਪਾਂ ਵੀ ਉਨ੍ਹਾਂ ਰਾਹੀਂ ਉਸ ਅਮਰ ਰਾਹ ਦੇ ਪਾਂਧੀ ਬਣੀਏ।

*ਸਬਦਿ ਮਰਹੁ ਫਿਰਿ ਜੀਵਹੁ ਸਦ ਹੀ*
*ਤਾ ਫਿਰਿ ਮਰਣੁ ਨ ਹੋਈ ॥*
*ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ ਸਬਦੇ ਪਾਵੈ ਕੋਈ ॥*

*ਅੰਗ - ੬੦੪*

ਅੱਜ ਲੋੜ ਹੈ ਇਨ੍ਹਾਂ ਅਮਰ ਸ਼ਹੀਦਾਂ ਤੋਂ ਸੱਚ, ਧਰਮ, ਇਨਸਾਫ ਦੀ ਪ੍ਰੇਰਨਾ ਲੈ ਕੇ ਜਬਰ-ਜ਼ੁਲਮ, ਧਾਰਮਿਕ, ਰਾਜਨੀਤਿਕ, ਬੁਰਾਈਆਂ ਦੇ ਵਿਰੁੱਧ ਸਮੇਂ ਸਿਰ ਸੱਚ ਬੋਲਣ ਦੀ ਤਾਕਤ, ਜੁਰਅੱਤ ਪ੍ਰਾਪਤ ਕਰੀਏ। ਸਤਿਗੁਰੂ ਕ੍ਰਿਪਾ ਕਰਨ ਅਸੀਂ ਉਨ੍ਹਾਂ ਦੇ ਪੂਰਨਿਆਂ 'ਤੇ ਚਲਦਿਆਂ ਆਪਣਾ, ਕੌਮ ਦਾ ਵਰਤਮਾਨ ਤੇ ਭਵਿੱਖ ਸੰਵਾਰਨ ਦੇ ਕਾਬਲ ਹੋ ਸਕੀਏ।

ਆਉ! ਮਨਾਈਏ ਸ਼ਹੀਦੀ ਪੰਦਰਵਾੜਾ ਸਤਿਗੁਰੂ ਦੇ ਪਿਆਰ ਵਿਚ, ਉਨ੍ਹਾਂ ਦੇ ਲਾਲਾਂ ਦੇ ਸਤਿਕਾਰ, ਵੈਰਾਗ ਵਿਚ। ਲਈਏ ਪੁਰਾਤਨ ਬਜ਼ੁਰਗਾਂ ਤੋਂ ਸੇਧ ਕਿ ਇਨ੍ਹਾਂ ਦਿਨਾਂ ਵਿਚ ਭੁੰਜੇ ਪੈਣਾ, ਮਿਸ਼ਠਾਨ ਪਦਾਰਥ ਨਹੀਂ ਛਕਣੇ, ਵੱਧ ਤੋਂ ਵੱਧ ਗੁਰਬਾਣੀ ਦਾ ਜਾਪ, ਸੇਵਾ ਸਿਮਰਨ ਵਿਚ ਸਮਾਂ ਬਤੀਤ ਕਰਨਾ, ਇਨ੍ਹਾਂ ਦਿਨਾਂ ਵਿਚ ਕੋਈ ਖੁਸ਼ੀ ਦਾ, ਵਿਆਹ ਸ਼ਾਦੀ ਦਾ ਕਾਰਜ ਨਹੀਂ ਕਰਨਾ। ਸਮੇਂ ਦੇ ਫੇਰ ਬਦਲ ਨੇ ਬਹੁਤ ਕੁਝ ਤਬਦੀਲੀਆਂ ਲਿਆਂਦੀਆਂ ਹਨ। ਪਿਛਲੇ ਇਕ-ਦੋ ਸਾਲ ਤੋਂ ਸ੍ਰੀ ਫਤਹਿਗੜ੍ਹ ਸਾਹਿਬ ਦੇ ਜੋੜ ਮੇਲ (ਸ਼ਹੀਦੀ ਸਭਾ) ਸਮੇਂ ਨੌਜਵਾਨਾਂ ਦੀਆਂ ਹੁੱਲੜਬਾਜ਼ੀਆਂ ਘਟੀਆਂ ਹਨ। ਹੋਰ ਲੋੜ ਹੈ ਕਿ ਉਨ੍ਹਾਂ ਮਹਾਨ, ਅਮਰ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਏਗੀ, ਉਨ੍ਹਾਂ ਦੇ ਪਵਿੱਤਰ ਅਸਥਾਨ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ, ਸ੍ਰੀ ਜੋਤੀ ਸਰੂਪ ਸਾਹਿਬ ਅਤੇ ਠੰਢੇ ਬੁਰਜ ਕੋਲ ਜਾ ਕੇ ਆਪ ਪਰਿਵਾਰ ਤੇ ਬੱਚਿਆਂ ਨੂੰ ਲਿਜਾ ਕੇ ਪ੍ਰਣਾਮ ਕਰੀਏ। ਮੰਗੀਏ ਸਿੱਖੀ ਦੇ ਪਿਆਰ, ਵੈਰਾਗ ਵਾਸਤੇ ਦਾਤ। ਉਹ ਤਰੁੱਠ ਕੇ ਸਾਨੂੰ ਵੀ ਆਪਣੀ ਰਹਿਮਤ ਨਾਲ ਸਰਸ਼ਾਰ ਕਰਨਗੇ।

ਉਨ੍ਹਾਂ ਦੇ ਪਿਆਰ ਵੈਰਾਗ ਵਿਚ ਲੰਘਾਇਆ ਗਿਆ ਸਮਾਂ ਸਾਡੀ ਉਨ੍ਹਾਂ ਦੇ ਚਰਨਾਂ ਵਿਚ ਸੱਚੀ-ਸੁੱਚੀ ਸ਼ਰਧਾਂਜਲੀ ਹੋਵੇਗੀ।

ਅਮਰ ਸ਼ਹੀਦਾਂ ਨੂੰ ਕੋਟਿ-ਕੋਟਿ ਪ੍ਰਣਾਮ।

*ਜਦੋਂ ਡੁਲ੍ਹਦਾ ਖੂਨ ਸ਼ਹੀਦਾਂ ਦਾ ਤਕਦੀਰ ਬਦਲਦੀ ਕੌਮਾਂ ਦੀ।*
*ਰੰਬੀਆਂ ਨਾਲ ਖੋਪਰ ਲਹਿ ਜਾਂਦੇ ਤਸਵੀਰ ਬਦਲਦੀ ਕੌਮਾਂ ਦੀ।*

ਭੁੱਲਾਂ ਚੁੱਕਾਂ ਦੀ ਖਿਮਾਂ।

# ਪੋਖਿ
# ਸੰਗਰਾਂਦ - ਦਸੰਬਰ 15 (ਦਿਨ ਐਤਵਾਰ)

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

**ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥**
**ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥**
**ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥**
**ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥**
**ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥**
**ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥**
**ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥**
**ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥**
**ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥ ੧੧ ॥**

*ਅੰਗ- ੧੩੫*

'ਧੁਰ ਕੀ ਬਾਣੀ' ਨੂੰ ਸਮਝਣਾ ਤੇ ਸਮਝਾਉਣਾ ਬੁੱਧੀ ਮੰਡਲ ਦਾ ਵਰਤਾਰਾ ਨਹੀਂ ਹੈ। ਸੱਚੇ ਪਾਤਸ਼ਾਹ ਨੇ ਸਮੁੱਚੀ ਬਾਣੀ ਨੂੰ ਸਾਨੂੰ ਸਮਝਾਉਣ ਲਈ ਸਾਡੀ ਰੋਜ਼ਮਰਾ ਦੀ ਜ਼ਿੰਦਗੀ ਵਿਚ ਵਰਤੀਆਂ ਜਾਣ ਵਾਲੀਆਂ ਵਸਤੂਆਂ ਦੇ ਪ੍ਰਮਾਣ ਦੇਣਾ ਕੀਤੇ ਹਨ। ਇਨ੍ਹਾਂ ਨੂੰ ਪ੍ਰਮਾਣਤ ਚਿੰਨ ਅਤੇ ਨਿਸ਼ਾਨ (signs & symbules) ਕਿਹਾ ਜਾਂਦਾ ਹੈ। ਇਨ੍ਹਾਂ ਚਿੰਨਾਂ ਤੇ ਨਿਸ਼ਾਨਾਂ ਦੀ ਵਰਤੋਂ ਨਾਲ ਸਾਨੂੰ ਦੁਨਿਆਵੀ ਜੀਵਾਂ ਨੂੰ (ਜੋ ਬੁੱਧੀ ਮੰਡਲ ਵਿਚ ਵਿਚਰਦੇ ਹਨ) ਸਹਿਜੇ ਹੀ ਅਰਥ ਭਾਵ ਸਮਝ ਆ ਜਾਂਦੇ ਹਨ। ਇਨ੍ਹਾਂ ਵਿਚੋਂ ਵਿਸੇਸ਼ ਤੌਰ 'ਤੇ ਬਾਰਹ ਮਾਹਾ ਵਿਚ ਮੌਸਮਾਂ ਦੇ ਅਸਰਦਾਇਕ ਵਰਤਾਰੇ ਨੂੰ ਲੈ ਕੇ ਰੂਹਾਨੀ ਵੀਚਾਰ ਸਮਝਾਉਣਾ ਕੀਤੀ ਹੈ। ਭਾਰਤ ਵਰਸ਼ ਵਿਚ ਛੇ ਰੁੱਤਾਂ ਸਾਲ ਭਰ ਵਿਚ ਮੰਨੀਆਂ ਗਈਆਂ ਹਨ। ਇਨ੍ਹਾਂ ਛੇ ਰੁੱਤਾਂ ਵਿਚੋਂ ਗਰਮੀ ਅਤੇ ਸਰਦੀ ਰੁੱਤਾਂ ਵਿਸ਼ੇਸ਼ ਸਥਾਨ ਰਖਦੀਆਂ ਹਨ। ਪੋਹ ਦਾ ਮਹੀਨਾ ਅਤਿ ਸਰਦੀ ਦੇ ਪ੍ਰਕੋਪ ਦਾ ਮਹੀਨਾ ਹੈ। ਜਿਵੇਂ ਪੋਹ ਦੇ ਮਹੀਨੇ ਵਿਚ ਅਤੀ ਸਰਦੀ ਕਾਰਨ ਮੌਸਮ ਅਤੀ ਠੰਡਾ ਹੋ ਜਾਂਦਾ ਹੈ, ਇਸੇ ਤਰ੍ਹਾਂ ਜਨਮਾਂ-ਜਨਮਾਂ ਤੋਂ ਵਿਛੜੀ ਹੋਈ ਜੀਵ ਆਤਮਾ ਆਪਣੇ ਵਜੂਦ ਪਰਮ-ਆਤਮਾ ਵਿਚ ਮਿਲ ਕੇ ਸ਼ਾਂਤ ਹੋ ਗਈ। ਭਾਦੋਂ-ਅਸੁਨਿ ਦੀ ਹੁੰਮਸ ਤੇ ਗਰਮੀ ਖਤਮ ਹੋ ਗਈ। ਇਹ ਪ੍ਰਾਪਤੀ ਕਿਵੇਂ ਹੋਈ-

*ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥*

*ਅੰਗ - ੧੩੫*

ਸੱਚੀ ਪ੍ਰੀਤੀ ਉਸ ਦੇ ਮਿਲਾਪ ਦਾ ਵਸੀਲਾ ਬਣੀ। ਸਰੋਤ ਬਣੀ, ਸਾਧਨ ਬਣੀ। ਸਰਦ ਰੁੱਤ ਵਿਚ ਫਿਰ ਸੂਰਜ ਤੋਂ ਨਿੱਘ ਪ੍ਰਾਪਤ ਕੀਤਾ ਜਾਂਦਾ ਹੈ। ਸਰਦ ਰੁੱਤ ਆਈ, ਉਸ ਨੂੰ ਸੂਰਜ ਨਾਲੋਂ ਤੋੜਨਾ ਨਹੀਂ ਕੀਤਾ। ਸਗੋਂ ਸੂਰਜ ਵਿਚੋਂ ਨਿੱਘੀ ਗਰਮੀ ਲੈਣੀ ਸੁਖਦਾਇਕ ਹੁੰਦੀ ਹੈ। ਪਰ ਇਹੀ ਸੂਰਜ ਦੀ ਤਪਸ ਜੇਠ-ਹਾੜ੍ਹ ਵਿਚ ਦੁਖਦਾਇਕ ਹੈ। ਇਹੀ ਧੁੱਪ ਸਾੜ ਦਿੰਦੀ ਹੈ ਤੇ ਇਹੀ ਧੁੱਪ ਕਦੇ ਨਿੱਘ ਦੇ ਦਿੰਦੀ ਹੈ। ਇਸੇ ਤਰ੍ਹਾਂ ਹਰ ਜੀਵ ਨਿਰੰਕਾਰ ਨਾਲੋਂ ਟੁੱਟ ਕੇ ਪਦਾਰਥ ਤੇ ਸੰਸਾਰ ਵਲ ਜ਼ਿਆਦਾ ਲੁਭਾਇਮਾਨ ਹੋਵੇਗਾ ਤਾਂ ਜੇਠ-ਹਾੜ ਦੇ ਮਹੀਨੇ ਵਾਂਗ ਜਲ ਜਾਏਗਾ।

*ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥*

*ਅੰਗ - ੭੯੪*

ਜੇਕਰ ਉਸ ਪ੍ਰਮੇਸ਼ਰ ਨਾਲ ਲਿਵ ਜੁੜੀ ਹੈ ਤਾਂ ਸੰਸਾਰਿਕ ਪਦਾਰਥ, ਸੁਖਾਂ ਦੇ ਸਾਧਨ ਪ੍ਰਵਾਨ ਹਨ ਪਰ ਜਿਥੇ ਉਹਦੀ ਯਾਦ ਨਹੀਂ ਤਾਂ ਸਭ ਕੁਝ ਬੇਅਰਥ ਹੈ -

*ਜਿਥੈ ਨਾਮੁ ਜਪੀਐ ਪ੍ਰਭ ਪਿਆਰੇ ॥*
*ਸੇ ਅਸਥਲ ਸੋਇਨ ਚਉਬਾਰੇ ॥*
*ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ*
*ਸੇਈ ਨਗਰ ਉਜਾੜੀ ਜੀਉ ॥* ਅੰਗ - ੧੦੫

ਜੇਕਰ ਨਿਰੰਕਾਰ ਨਾਲ ਜੁੜ ਕੇ ਸੰਸਾਰਿਕ ਸੁਖ ਮਾਣਦਾ ਹੈ ਤਾਂ ਇਹ ਬੇਅਰਥ ਨਹੀਂ ਹਨ -

*ਚਾਰਿ ਪਦਾਰਥ ਜੇ ਕੋ ਮਾਗੈ ॥*
*ਸਾਧ ਜਨਾ ਕੀ ਸੇਵਾ ਲਾਗੈ ॥* ਅੰਗ- ੨੬੬

*ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥*
*ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥*
ਅੰਗ - ੫੨੨

ਪਰ ਸੰਸਾਰ ਵਿਚ ਰਹਿੰਦਿਆਂ ਵਰਤਣ ਵੈਰਾਗ ਵਾਲੀ ਰੱਖਣੀ ਹੈ। 'ਵਰਤਣ ਵੈਰਾਗ, ਨਿਹਚੇ ਗਿਆਨ' ਵਿਚ ਰਹਿੰਦੇ ਹੋਏ detached ਰਹਿਣਾ ਹੈ, ਅਛੋਹ ਰਹਿਣਾ ਹੈ -

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥*
ਅੰਗ - ੯੩੮

ਭਾਵ -

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ ॥* ਅੰਗ - ੫੨੨

ਇਸ ਤਰ੍ਹਾਂ ਜੇਕਰ ਪ੍ਰਮੇਸ਼ਰ ਨਾਲੋਂ ਟੁੱਟ ਕੇ ਦੁਨਿਆਵੀ ਸੁੱਖ ਮਾਣਦਾ ਹੈ ਤਾਂ ਆਸਾੜ ਤੋਂ ਭਾਵ ਜਲਨ ਹੈ। ਜੇਕਰ ਉਸ ਦੀ ਯਾਦ ਵਿਚ ਹੈ ਤਾਂ ਨਿੱਘ ਹੈ। ਫਿਰ ਉਸ ਨੂੰ ਮਨ ਦੇ ਕਠੋਰਤਾਪਣ ਵਾਲੇ ਕੱਕਰ ਓਸ 'ਤੇ ਜ਼ੋਰ ਨਹੀਂ ਪਾ ਸਕਦੇ। ਸਗੋਂ ਇਸ ਤਰ੍ਹਾਂ ਦੇ ਮੌਸਮ ਵਿਚ ਨਿੱਘ ਹੀ ਪ੍ਰਾਪਤ ਹੁੰਦੀ ਹੈ। ਕਿਉਂਕਿ -

**ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥**

ਮਨ ਸਵਾਸ-ਸਵਾਸ ਉਸ ਦੇ ਨਾਲ ਜੁੜਿਆ ਹੋਇਆ ਹੈ। ਜੁੜਨ ਵਿਚ ਹੀ ਜ਼ਿੰਦਗੀ ਹੈ, ਟੁੱਟਣ ਵਿਚ ਮੌਤ ਹੈ -

*ਆਖਾ ਜੀਵਾ ਵਿਸਰੈ ਮਰਿ ਜਾਉ ॥* ਅੰਗ - ੯

**ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥**

ਮੈਨੂੰ ਉਸ ਪ੍ਰਮੇਸ਼ਰ ਦੀ ਹੀ ਓਟ ਹੈ, ਭਾਵ ਸਹਾਰਾ ਹੈ -

*ਸਾਧੂ ਕੀ ਜਉ ਲੇਹਿ ਓਟ ॥*
*ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥* ਅੰਗ - ੧੧੯੬

ਉਸ ਦੀ ਸਰਨਿ ਵਿਚ ਰਹਿ ਕੇ, ਸੇਵਾ ਸਿਮਰਨ ਹੀ ਮੇਰਾ ਸਹਾਰਾ ਹੈ।

**ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥**

ਇਥੇ 'ਗਾਹੁ' ਸ਼ਬਦ ਵਰਤਿਆ ਗਿਆ ਹੈ। ਇਕ ਹੁੰਦਾ ਹੈ 'ਗਾਉ' ਇਸ ਦਾ ਅਰਥ ਹੈ ਗਾਉਣਾ। ਜੁਬਾਨੋ ਬੋਲਣਾ ਕਹਿਣਾ ਭਾਵ ਗੁਣ ਗਾਇਨ ਕਰਨਾ ਪਰ ਸੱਚੇ ਪਾਤਸ਼ਾਹ ਨੇ ਇਥੇ 'ਗਾਹੁ' ਵਰਤਿਆ ਹੈ ਜਿਸ ਦਾ ਅਰਥ ਹੈ 'ਗਾਹੁਣਾ' ਭਾਵ ਅੰਦਰ ਦੀ ਖੋਜ ਕਰਨੀ ਜਿਵੇਂ ਕਿਸਾਨ ਗਾਹ ਕੇ (ਖੋਜ ਕੇ) ਫਸਲ ਵਿਚੋਂ ਦਾਣੇ ਕੱਢਦਾ ਹੈ। ਪ੍ਰਭੂ ਦੀ ਯਾਦ ਅਤੇ ਉਸ ਦੇ ਗੁਣਾਂ ਦੀ ਖੋਜ ਹੁੰਦੀ ਹੈ ਤਾਂ ਵਿਕਾਰਾਂ ਦੀ ਜ਼ਹਿਰ ਉਸ ਨੂੰ ਪੋਹ (ਛੋਹ) ਨਹੀਂ ਸਕਦੀ।

**ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥**

ਵਿਛੜੀ ਹੋਈ ਜੀਵ ਆਤਮਾ ਆਪਣੇ ਧੇਅ ਵਿਚ ਮਿਲ ਗਈ, ਸਮਾਅ ਗਈ। ਵਸੀਲਾ ਕੀ ਬਣਿਆ 'ਸੱਚੀ ਪ੍ਰੀਤ' ਭਾਵ -

*ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥*
*ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥* ਅੰਗ - ੬੫੯

ਇਥੇ ਗੁਰਮਤਿ ਦਾ ਮਹਾਨ ਸਿਧਾਂਤ ਪ੍ਰਗਟ ਹੋ ਰਿਹਾ ਹੈ। ਉਦਮ ਕਰਨਾ ਜ਼ਰੂਰੀ ਹੈ ਨਹੀਂ ਤਾਂ ਇਹ ਮਨੁੱਖੀ ਆਲਸੀ ਹੋ ਜਾਵੇਗਾ ਭਾਵ -

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥* ਅੰਗ - ੮

ਪਰ ਸਭ ਕੁਝ ਕਰਕੇ ਵੀ ਆਪਣਾ ਆਪ ਨਾ ਜਿਤਾਉਣਾ -

*ਸਭਿ ਅਵਗਣ ਮੈ ਗੁਣੁ ਨਹੀ ਕੋਈ ॥*
*ਕਿਉ ਕਰਿ ਕੰਤ ਮਿਲਾਵਾ ਹੋਈ ॥ ੧ ॥*

*ਨਾ ਮੈ ਰੂਪੁ ਨ ਬੰਕੇ ਨੈਣਾ ॥*
*ਨਾ ਕੁਲ ਢੰਗੁ ਨ ਮੀਠੇ ਬੈਣਾ ॥ ਅੰਗ - ੭੫੦*

ਘਾਲਣਾ ਘਾਲਣੀ ਬਹੁਤ ਜ਼ਰੂਰੀ ਹੈ -

*ਘਾਲ ਨ ਮਿਲਿਓ ਸੇਵ ਨ ਮਿਲਿਓ*
*ਮਿਲਿਓ ਆਇ ਅਚਿੰਤਾ ॥ ਅੰਗ - ੬੭੨*

ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥

ਉਸ ਪਰਮ ਸ਼ਕਤੀ ਨੇ ਆਪ ਹੀ ਤਰੁੱਠ ਕੇ ਮੈਨੂੰ ਆਪਣੇ ਕੋਲ ਬੁਲਾ ਲਿਆ ਹੈ। ਭਾਵ -

*ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ॥*
*ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥*
*ਅੰਗ - ੧੩੭੮*

ਛੋਟੇ ਬੱਚੇ ਵਾਂਗੂੰ ਅਸੀਂ ਉਸ ਦੀ ਉਂਗਲ ਨਹੀਂ ਫੜਨੀ ਸਗੋਂ ਸਾਡੀ ਬਾਂਹ ਉਸ ਨੇ ਆਪ ਪਕੜੀ ਹੋਈ ਹੈ। ਜਦੋਂ ਉਸ ਨੇ ਆਪਣਾ ਬਣਾ ਲਿਆ ਸਾਡੀ ਬਾਂਹ ਪਕੜ ਲਈ ਫਿਰ ਉਹ ਛੱਡਦਾ ਨਹੀਂ ਭਾਵ ਵਿਛੋੜਾ ਨਹੀਂ ਪੈਂਦਾ -

*ਬਾਹ ਪਕਰਿ ਕਢਿ ਲੀਨੇ ਅਪੁਨੇ*
*ਗ੍ਰਿਹ ਅੰਧ ਕੂਪ ਤੇ ਮਾਇਆ ॥ ਅੰਗ - ੧੨੧੮*

ਭਾਵ -

*ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ*
*ਇਹ ਰੀਤਿ ਭਲੀ ਭਗਵੰਤੈ ॥ ਅੰਗ - ੨੪੯*

ਹੁਣ ਜਦੋਂ ਉਸ ਨੇ ਆਪਣੀ ਗੋਦ ਵਿਚ ਬਿਠਾ ਲਿਆ ਭਾਵ ਸਾਡੀ ਬਾਂਹ ਪਕੜ ਲਈ ਤਾਂ ਉਸ ਤੋਂ ਬਲਿਹਾਰ ਜਾਂਦਾ ਹਾਂ।

ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥
ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥

ਉਸ ਨੇ ਆਪਣੇ ਬਿਰਧ ਬਾਨੇ ਦੀ ਲਾਜ ਰੱਖੀ ਹੈ -

*ਸੁਨਹੁ ਬਿਨੰਤੀ ਠਾਕੁਰ ਮੇਰੇ ਜੀਅ ਜੰਤ ਤੇਰੇ ਧਾਰੇ ॥*
*ਰਾਖੁ ਪੈਜ ਨਾਮ ਅਪੁਨੇ ਕੀ ਕਰਨ ਕਰਾਵਨਹਾਰੇ ॥*
*ਅੰਗ - ੬੩੧*

ਉਸ ਨੇ ਆਪਣੇ ਬਿਰਧ ਬਾਨੇ ਦੀ ਲਾਜ ਰਖਦੇ ਹੋਏ ਸਾਨੂੰ ਆਪਣਾ ਬਣਾ ਲਿਆ। ਆਪਣੇ ਦਰ 'ਤੇ ਡਿੱਗਿਆਂ ਨੂੰ ਗਲ ਨਾਲ ਲਾ ਲਿਆ। ਹੁਣ ਦੁਨਿਆਵੀ ਪਦਾਰਥ ਤਪਸੀ ਨਹੀਂ ਰਹੇ ਸਗੋਂ ਨਿੱਘ ਦੇਣ ਵਾਲੇ ਬਣ ਗਏ ਹਨ।

ਪੋਖੁ ਸੁੋਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥

ਨਿਰੰਕਾਰ ਦੇ ਮਿਲਾਪ ਨੇ ਸੰਸਾਰ ਨੂੰ ਸੋਹਣਾ ਬਣਾ ਦਿਤਾ ਹੈ। ਕਿਉਂਕਿ ਉਹ ਤਪਤ ਨੂੰ ਵੀ ਨਿੱਘ ਵਿਚ ਬਦਲ ਦਿੰਦਾ ਹੈ।

ਅਰਦਾਸ ਹੈ ਕਿ ਦੁਨਿਆਵੀ ਤਪਸ ਵਿਚ ਵੀ ਨਿਰੰਕਾਰ, ਵਾਹਿਗੁਰੂ ਨਾਲ ਜੁੜ ਕੇ ਠੰਢ ਪ੍ਰਾਪਤ ਕਰਦੇ ਰਹੀਏ।

ਭੁੱਲਾਂ ਚੁਕਾਂ ਦੀ ਖਿਮਾ।

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸਮਰਪਿਤ

## (ਸ਼ਹੀਦੀ ਦਿਵਸ-6 ਦਸੰਬਰ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ- ੨੮੯*

*ਧਾਰਨਾ - ਔਗੁਣ ਗਿਣੀ ਨਾ ਅਸੰਖ ਮੇਰੇ ਮਾਲਕਾ,*
*ਜਾਣ ਕੇ ਗਰੀਬ ਰੱਖ ਲੈ।*

*ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।*
*ਚੋਰੁ ਯਾਰੁ ਜੁਆਰਿ ਹਉ ਪਰ ਘਰਿ ਜੋਹੰਦਾ।*
*ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।*
*ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ।*
*ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ।*
*ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ।*
*ਭਾਈ ਗੁਰਦਾਸ ਜੀ, ਵਾਰ ੩੭/੨੧*

*ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ ਤੇਰਿਆ ॥*
*ਕੇਤੇ ਗਨਉ ਅਸੰਖ ਅਵਗਣ ਮੇਰਿਆ ॥*
*ਅਸੰਖ ਅਵਗਣ ਖਤੇ ਫੇਰੇ ਨਿਤਪ੍ਰਤਿ ਸਦ ਭੂਲੀਐ ॥*
*ਮੋਹ ਮਗਨ ਬਿਕਰਾਲ ਮਾਇਆ ਤਉ ਪ੍ਰਸਾਦੀ ਘੂਲੀਐ ॥*
*ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰ ਹੂ ਤੇ ਨੇਰਿਆ ॥*
*ਬਿਨਵੰਤਿ ਨਾਨਕ ਦਇਆ ਧਾਰਹੁ*
*ਕਾਢਿ ਭਵਜਲ ਫੇਰਿਆ ॥ ਅੰਗ- ੭੦੪*

ਸਾਧਸੰਗਤ ਜੀ ਚਿਤ ਬਿਰਤੀਆਂ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋ। ਕੰਨਾਂ ਦੇ ਨਾਲ ਬਾਣੀ ਸਰਵਣ ਕਰੋ। ਬੁੱਧੀ ਦੇ ਨਾਲ ਵਿਚਾਰ ਕੇ ਹਿਰਦੇ 'ਚ ਧਾਰਨ ਕਰੋ। ਜਦੋਂ ਇਸ ਤਰ੍ਹਾਂ ਸਤਿਸੰਗ ਕਰੋਗੇ, ਇਸ ਕਲਜੁਗ ਦੇ ਅੰਦਰ ਜੋ ਮਹਾਂਪੁਰਸ਼ਾਂ ਨੇ ਸਤਿਸੰਗ ਦਾ ਫਲ ਦਸਿਆ ਹੈ, ਉਹ ਆਪ ਨੂੰ ਸਹਿਜੇ ਹੀ ਪ੍ਰਾਪਤ ਹੋ ਜਾਏਗਾ। ਦੁਖ ਘਟਣਗੇ, ਪਾਪਾਂ ਦਾ ਭੰਡਾਰਾ ਘਟੇਗਾ। ਸੁਖ ਆਉਣਗੇ ਤੇ ਗੁਣ ਪੈਦਾ ਹੋਣਗੇ। ਸਤਿਸੰਗ ਕਰਨ ਦੇ ਨਾਲ, ਬਹੁਤ ਵਾਰੀ ਤੁਸੀਂ ਸਾਖੀ ਸੁਣੀ ਹੈ ਕਿ ਕਾਉਂ ਫੇਰ ਬਗਲੇ ਬਣੇ, ਫੇਰ ਹੰਸ ਬਣ ਕੇ, ਦੇਵਤਾ ਬਣ ਗਏ। ਇਸੇ ਤਰ੍ਹਾਂ ਜਨਮਾਂ-ਜਨਮਾਂ ਦੀ ਮਨ ਦੀ ਮੈਲ ਲਹਿ ਜਾਇਆ ਕਰਦੀ ਹੈ। ਅਖੀਰ ਬਾਣੀ ਦੀ ਸੋਝੀ ਆ ਜਾਂਦੀ ਹੈ। ਬਾਣੀ ਨਾਲ ਪਿਆਰ ਪੈਦਾ ਹੋ ਜਾਂਦੈ, ਗੁਰੂ ਨਾਲ ਪਿਆਰ ਪੈਦਾ ਹੋ ਜਾਂਦੈ। ਸੋ ਇਸ ਤਰ੍ਹਾਂ ਦੇ ਨਾਲ ਸਤਿਸੰਗ ਦਾ ਜੋ ਪੂਰਾ-ਪੂਰਾ ਲਾਹਾ ਹੈ, ਵਿਚਾਰ ਕਰੋ, ਸਾਰੇ ਭਾਰਤ ਵਰਸ਼ ਦੇ ਵਿਚ ਜਿਥੇ ਵੀ ਕੋਈ ਗੁਰਸਿੱਖ ਸੀ, ਗੁਰੂ ਨੌਵੇਂ ਪਾਤਸ਼ਾਹ ਦੀ ਜੋ ਅਦੁੱਤੀ ਖੇਡ ਸੀ, ਕੁਰਬਾਨੀ ਸੀ, ਉਸ ਨੂੰ ਸਾਰਿਆਂ ਨੇ ਬੜੇ ਪਿਆਰ ਦੇ ਨਾਲ ਮਨਾਇਆ। ਸਿੱਖਿਆ ਗ੍ਰਹਿਣ ਕੀਤੀ, ਜਾਣਕਾਰੀ ਪ੍ਰਾਪਤ ਕੀਤੀ। ਕਿਹੋ ਜਿਹਾ ਸਮਾਂ ਸੀ ਉਹ, ਪਹਿਲਾਂ-ਪਹਿਲਾਂ ਕਿਹੋ ਜਿਹੇ ਸਮੇਂ ਹੁੰਦੇ, ਹੁਣ ਕਿਹੋ ਜਿਹੇ ਸਮੇਂ ਨੇ, ਸਾਰਿਆ ਦੀ ਤੁਲਨਾ ਕਰਨੀ ਪੈਂਦੀ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਫੁਰਮਾਨ ਕਰਿਆ ਸੀ ਕਿ ਜੋ ਕਲਜੁਗ ਦਾ ਰਾਜਾ ਹੈ, ਉਹਦੇ ਹੱਥ ਵਿਚ ਕੈਂਚੀ ਹੈ, ਕੈਂਚੀ ਕਟਦੀ ਹੈ। ਕੱਟਣ ਵਾਲੀ ਚੀਜ਼ ਇਕ ਨੂੰ ਦੋ 'ਚ ਵਟਾ ਦਿੰਦੀ ਹੈ, ਦੋ ਨੂੰ ਦਸ 'ਚ, ਦਸ ਨੂੰ ਪੰਜਾਹ 'ਚ, ਕੱਟੀ ਜਾਣਾ ਹੈ ਉਸ ਨੇ। ਦੂਸਰਾ ਇਹ ਹੈ ਕਿ ਉਹਨੇ ਵੈਸੇ ਵੀ ਕੱਟੀ ਜਾਣਾ ਹੈ। ਭਰਾ ਨਾਲੋਂ ਭਰਾ ਅੱਡ ਕਰ ਦਿਤਾ, ਕੌਮ ਨਾਲੋਂ ਕੌਮ ਅੱਡ ਕਰ ਦਿਤੀ। ਅਮੀਰ ਨਾਲੋਂ ਗਰੀਬ ਅੱਡ ਕਰ ਦਿਤਾ। ਜਾਤਾਂ ਅੱਡ ਕਰ ਦਿਤੀਆਂ। ਐਸਾ ਵਾਤਾਵਰਣ ਮਹਾਰਾਜ ਕਹਿੰਦੇ, ਭਾਰਤ ਵਰਸ਼ ਵਿਚ ਵਰਤ ਰਿਹਾ ਸੀ। ਕਲਜੁਗ ਦੀ ਕਾਤੀ ਹਰ ਥਾਂ 'ਤੇ ਫਿਰ ਰਹੀ ਸੀ ਤੇ ਰਾਜਿਆਂ ਨੇ ਕਸਾਈ ਦਾ ਰੂਪ ਧਾਰਿਆ ਹੋਇਆ ਸੀ। ਧਰਮ ਜਿਹੜਾ ਸੀ ਮਹਾਰਾਜ ਕਹਿੰਦੇ, ਉਹ ਬਿਲਕੁਲ ਗਾਇਬ ਹੋ ਗਿਆ, ਰਿਹਾ ਨਾ। ਨਹੀਂ ਤਾਂ ਇਹੀ ਕਹਿ ਦਿੰਦੇ ਕਿ ਮਾੜਾ ਮੋਟਾ ਰਹਿ ਗਿਆ ਸੀ। ਇਨਾਂ ਨਿੱਘਰ ਗਿਆ ਸੀ। ਰਸਾਤਲ ਵਿਚ ਚਲਿਆ ਗਿਆ ਸੀ। ਮਹਾਰਾਜ ਕਹਿੰਦੇ ਧਰਮ ਉਡ ਗਿਆ ਫੰਘ ਲਾ ਕੇ -

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ ॥ ਅੰਗ- ੧੪੫*

'ਕੂੜ ਅਮਾਵਸ' ਪਾਪਾਂ ਦੀ ਮੈਲ ਪੈ ਗਈ। ਜੀਵਨ ਦੇ ਅੰਦਰ ਝੂਠ ਤੇ ਦਿਖਾਵਾ ਦਾਖਲ ਹੋ ਗਿਆ। ਧਰਮ, ਕਰਮ ਸਾਰੇ ਦਿਖਾਵੇ ਦੇ ਹੋ ਗਏ। ਪੂਜਾ, ਪਾਠ ਸਾਰੇ ਦਿਖਾਵੇ ਦੇ ਹੋ ਗਏ। ਰਸਮਾਂ

ਬਣ ਗਈਆਂ, ਇਹਦੇ ਵਿਚ ਜਿਹੜਾ ਅਸਲੀ ਰਸ ਹੁੰਦੈ, ਖਿੱਚ ਹੁੰਦੀ ਹੈ ਉਹ ਖਤਮ ਹੋ ਗਈ ਤੇ ਹਨ੍ਹੇਰਾ ਛਾ ਗਿਆ। ਕੋਈ ਚਰਿੱਤਰ ਨਾ ਰਿਹਾ, ਜਿਨ੍ਹਾਂ ਨੂੰ ਪਾਪ ਕਹਿੰਦੇ ਸੀ, ਉਹ ਪੁੰਨ ਦੀ ਭਾਸ਼ਾ 'ਚ ਬਦਲ ਗਏ। ਧਰਮ ਦੇ ਨਾਉਂ ਦੇ ਉਤੇ, ਜਿਸ ਨੇ ਸਦਾ ਹੀ ਧਰਮ ਕਰਨਾ ਸੀ, ਜੇ 10 ਚੀਜ਼ਾਂ ਹੋਣ ਤਾਂ ਧਰਮ ਹੁੰਦੈ। ਇਹ ਪੁੱਤਰ ਕੀਹਦਾ ਹੈ? ਦਇਆ ਦਾ –

*ਧੌਲੁ ਧਰਮੁ ਦਇਆ ਕਾ ਪੂਤੁ ॥ ਅੰਗ- ੩*

ਇਹ ਦਇਆ ਹੀ ਚਲੀ ਗਈ, ਖਿਮਾ ਖਤਮ ਹੋ ਗਈ। ਧੀਰਜ ਖਤਮ ਹੋ ਗਈ। ਅਹਿੰਸਾ ਨੇ ਹਿੰਸਾ ਦੀ ਥਾਂ ਲੈ ਲਈ। ਸੰਤੋਖ ਦੀ ਥਾਂ ਤ੍ਰਿਸ਼ਨਾ ਨੇ ਲੈ ਲਈ। ਬੇਵਿਸ਼ਵਾਸ਼ੀਆਂ ਨੇ ਲੈ ਲਈ। ਸ਼ੀਲ ਜਿਸ ਵਿਚ ਬੇਅੰਤ ਗੁਣ ਹੁੰਦੇ ਨੇ, ਨਿਜੀ ਚਰਿੱਤਰ ਹੁੰਦੈ ਆਦਮੀ ਦਾ, ਉਹ ਭੰਗ ਹੋ ਗਿਆ, ਅਸ਼ਲੀਲ ਹੋ ਗਿਆ। ਸੌਚ, ਪਵਿੱਤਰਤਾ ਜਾਂਦੀ ਰਹੀ ਤੇ ਮੈਲ ਲਗਣੀ ਸ਼ੁਰੂ ਹੋ ਗਈ। ਮਿਠਾਸ ਜੀਵਨ 'ਚੋਂ ਹਟ ਗਈ, ਪ੍ਰੇਮ ਨਾਮ ਦੀ ਕੋਈ ਚੀਜ਼ ਨਾ ਰਹੀ। ਖਿੱਚ ਖਤਮ ਹੋ ਗਈ। ਇਹ ਅਧਰਮ ਛਾ ਗਿਆ। ਨਾ ਰਾਜਾ ਆਪਣੇ ਫਰਜ਼ 'ਤੇ ਰਿਹਾ, ਨਾ ਪਰਜਾ ਰਹੀ, ਨਾ ਗੁਰੂ ਰਹੇ ਨਾ ਚੇਲੇ ਰਹੇ। ਇਸਤ੍ਰੀ ਤੇ ਪੁਰਖ ਦਾ ਪਿਆਰ ਤਿੰਨ ਯੁੱਗਾਂ ਦੇ ਅੰਦਰ ਬਹੁਤ ਗਿਣਿਆ ਹੋਇਆ ਸੀ। ਇਥੇ ਤਕ ਸੀ ਕਿ ਜੇ ਪਤੀ ਚੜ੍ਹਾਈ ਕਰ ਜਾਂਦਾ, ਇਸਤ੍ਰੀ ਉਸੇ ਵੇਲੇ ਹਉਕਾ ਲੈ ਕੇ ਚੜ੍ਹਾਈ ਕਰ ਜਾਂਦੀ ਸੀ। ਜਿਉਂਦੀ ਨਹੀਂ ਸੀ ਰਹਿੰਦੀ। ਗੁਰੂ ਮਹਾਰਾਜ ਕਹਿੰਦੇ, ਸਤੀਆਂ ਓਹੀ ਨੇ–

*ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ ॥*
*ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ ॥*
*ਅੰਗ- ੭੮੭*

ਬਿਰਹੋ ਦੀ ਚੋਟ ਨਾ ਸਹਿਨ ਕਰਕੇ ਮਰ ਜਾਣ। ਲੇਕਿਨ ਇਹ ਕਲਜੁਗ ਦਾ ਪਿਆਰ ਕੀ ਹੋਇਆ –

*ਇਸਤ੍ਰੀ ਪੁਰਖੈ ਦਾਮ ਹਿਤੁ ਭਾਵੈ ਆਇ ਕਿਥਾਊ ਜਾਈ॥*
*ਭਾਈ ਗੁਰਦਾਸ ਜੀ*

ਪੈਸੇ ਚਾਹੀਦੇ ਨੇ। ਪੈਸੇ ਦਾ ਪਿਆਰ ਰਹਿ ਗਿਆ। ਸੋ ਇਹ ਸਾਰੀ ਜਿੰਨੀ ਵੀ ਚਰਿੱਤਰ ਦੀ ਖ਼ੂਬਸੂਰਤੀ ਸੀ ਉਹ ਬਦਸੂਰਤੀ 'ਚ ਬਦਲ ਗਈ। ਉਸ ਵੇਲੇ ਜਿਹੜਾ ਸੰਤੋਖ ਦਾ ਸੰਤੁਲਨ ਹੁੰਦੈ, ਧਰਮ ਦੇ ਜ਼ੋਰ ਨਾਲ ਖੜ੍ਹਾ ਹੁੰਦਾ ਹੈ। ਧਰਤੀਆਂ ਸਾਰੀਆਂ–

*ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ ਅੰਗ- ੩*

Gravity ਤਾਂ ਕਾਇਮ ਹੈ ਜੇ ਨਾਮ ਦੀ ਸ਼ਕਤੀ ਹੈ, ਨਹੀਂ ਤਾਂ ਗਰੈਵਟੀ ਦੀ ਤਾਕਤ ਨਹੀਂ ਕਿ ਇਕ, ਦੂਜੇ ਬ੍ਰਹਿਮੰਡ ਨੂੰ ਖਿੱਚ ਕੇ ਰੱਖੇ। ਨਾਮ ਦੀ ਸ਼ਕਤੀ ਹੈ ਉਹਦੇ ਵਿਚ। ਨਾਮ ਦੇ ਅਗਾਂਹਾ ਡਿਪਾਰਟਮੈਂਟ ਨੇ। ਉਹਦੇ ਵਿਚੋਂ ਸੰਤੋਖ ਦਾ ਡਿਪਾਰਟਮੈਂਟ ਹੈ। ਸੰਤੋਖ ਧਰਮ ਨੂੰ ਕਹਿੰਦੇ ਨੇ –

*ਧੌਲੁ ਧਰਮੁ ਦਇਆ ਕਾ ਪੂਤੁ ॥*
*ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ ਅੰਗ- ੩*

ਧਰਮ ਨਾਮ ਦੀ ਚੀਜ਼ ਜਿਹੜੀ ਸੀ, ਉਹ ਡਾਵਾਂਡੋਲ ਹੋ ਗਈ ਤੇ ਉਹਨੂੰ ਆਪਣੀ ਭਾਸ਼ਾ ਵਿਚ ਅਸੀਂ ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਆਹ ਜੋ ਬ੍ਰਹਿਮੰਡ ਹੈ, ਇਕ ਗੱਲ ਦਾ ਤੁਸੀਂ ਵਿਸ਼ਵਾਸ਼ ਕਰੋ ਇਹ ਨਿਰਜਿੰਦ ਨਹੀਂ ਹੈ, ਇਸ ਸਾਰੇ ਦੇ ਵਿਚ ਜਿੰਦ ਹੈ, ਪੱਥਰ ਵਿਚ ਵੀ ਜਿੰਦ ਹੈ। ਦਰਖ਼ਤ ਵਿਚ ਵੀ ਜਿੰਦ ਹੈ। ਭਾਵੇਂ ਉਹ ਛੋਟੀ ਹੈ, leval ਥੋੜ੍ਹਾ ਹੈ। ਇਹ ਜਿਹੜੀ ਪੱਥਰ 'ਚ ਜਿੰਦ ਹੈ ਉਹ ਪੁਆਇੰਟ .0 ਤੋਂ ਸ਼ੁਰੂ ਹੋ ਕੇ 0000000 ਲਾ ਕੇ ਫੇਰ ਇਕ ਲਾ ਲਓ (.00000000000......1) ਐਨੀ ਕੁ ਹੈ। ਪੱਥਰ ਵਧਦੈ, ਘਟਦੈ। ਉਸ ਤੋਂ ਬਾਅਦ ਆਉਂਦੀ ਹੈ ਬਨਸਪਤੀ। ਚਾਰ ਖਾਣੀਆਂ ਵਾਹਿਗੁਰੂ ਨੇ ਪੈਦਾ ਕਰੀਆਂ ਨੇ। ਚਾਰੇ ਖਾਣੀਆਂ ਦੇ ਵਿਚ ਜ਼ਿੰਦਗੀ ਹੈ, ਜੀਵਨ ਹੈ। ਉਸ ਤੋਂ ਬਾਅਦ ਦਰਖ਼ਤ ਆਉਂਦੇ ਨੇ, ਬਨਸਪਤੀ ਆਉਂਦੀ ਹੈ, ਇਹਦੇ ਵਿਚ ਵੀ ਜਿੰਦ ਹੈ ਤੇ psychologist (ਮਨੋਵਿਗਿਆਨੀ) ਜਿਹੜੇ ਨੇ, ਜਿਨ੍ਹਾਂ ਨੇ ਖੋਜ ਕਰੀ ਹੈ, ਉਹ ਕਹਿੰਦੇ ਇਹਦੇ ਵਿਚ 01 ਤੋਂ ਲੈ ਕੇ 25 ਤੱਕ ਸੁਰਤ ਹੈ। ਬਹੁਤ ਸਾਰੇ ਐਸੇ ਦਰਖ਼ਤ ਨੇ ਜਿਹੜੇ ਗਾਉਣੇ ਨੂੰ ਸੁਣ ਕੇ ਪ੍ਰਸੰਨ ਹੁੰਦੇ ਨੇ, ਵਧਦੇ ਨੇ, ਫੁਲਦੇ ਨੇ। ਹੁਣ ਨਵੀਨਤਮ ਅਮਰੀਕਾ ਦੇ ਵਿਚ ਤਜਰਬਾ ਕੀਤਾ ਕਿ ਕੀ ਇਹ ਬੰਦੇ ਦੀ ਟੈਲੀਪੈਥੀ ਸਮਝਦੇ ਨੇ ਦਰਖ਼ਤ? ਅਸੀਂ ਦਰਖ਼ਤ ਦੀ ਸਮਝੀਏ, ਚਾਹੇ ਨਾ ਸਮਝੀਏ ਪਰ ਸਾਡੀ ਜੋ ਹਿਰਦੇ ਦੀ ਬਾਤ ਹੈ ਉਹ ਦਰਖ਼ਤ ਸਮਝਦੇ ਨੇ। ਉਹਨਾਂ 'ਤੇ ਅਸਰ ਹੁੰਦੈ, ਬਹੁਤ ਸੂਖਸ਼ਮ ਯੰਤਰਾਂ ਦੇ ਨਾਲ ਉਹਨਾਂ ਨੇ ਇਸ ਗੱਲ ਦਾ ਅਧਿਐਨ ਕੀਤਾ ਕਿ ਜੇ ਆਦਮੀ ਕੁਹਾੜੇ ਲੈ ਕੇ ਦਰਖ਼ਤ ਵੱਢਣ ਜਾਵੇ ਤਾਂ ਉਹਦੇ ਉਤੇ ਕੀ ਅਸਰ ਹੁੰਦੈ? ਉਹ ਛੋਟੀਆਂ ਤੋਂ ਛੋਟੀਆਂ waves ਨੂੰ ਨਾਪਣ ਆਲਿਆਂ ਨੇ ਦਸਿਆ ਕਿ ਜਦੋਂ ਬੰਦੇ ਦਰਖ਼ਤ ਨੂੰ ਦਿਸੇ, ਕੁਹਾੜੇ ਮੋਢਿਆਂ 'ਤੇ ਚੁੱਕ ਕੇ ਉਹਦੇ ਵਲ ਨੂੰ ਜਾਂਦੇ ਨੇ ਤਾਂ ਉਹ ਸੁੰਗੜਨਾ ਸ਼ੁਰੂ ਹੋ ਗਿਆ। ਉਹਦੇ ਅੰਦਰ ਸਹਿਮ ਛਾ ਗਿਆ ਕਿ ਮੈਨੂੰ ਹੁਣ ਵੱਢ ਸੁਟਣੈ ਇਹਨੇ। ਮੇਰੀਆਂ ਇਹਨਾਂ ਨੇ ਜੜ੍ਹਾਂ ਵੱਢ ਦੇਣੀਆਂ ਨੇ। ਉਹਦੇ ਵਿਪਰੀਤ ਜਦੋਂ ਉਹਨਾਂ ਨੂੰ ਪਾਲਣ ਵਾਸਤੇ, ਖਾਦ

ਦੇਣ ਵਾਸਤੇ, ਕੋਈ ਪਾਣੀ ਦੇਣ ਵਾਸਤੇ ਤੁਰਿਆ। ਉਸ ਵੇਲੇ ਉਹਨਾਂ ਦੇ ਵਿਚ ਖੇੜਾ ਆ ਗਿਆ, ਲਹਿਰਾਅ ਆ ਗਿਆ। ਦੋਵੇਂ ਚੀਜ਼ਾਂ ਦਸੀਆਂ। ਸੋ ਬਹੁਤ ਸਾਰੇ ਐਸੇ ਬੂਟੇ ਨੇ ਜਿਨ੍ਹਾਂ ਦੇ ਅੰਦਰ ਭਾਵਨਾ (sense) ਹੈ। ਲਾਜਵੰਤੀ ਬੂਟਾ ਹੈ, ਆਦਮੀ ਹੱਥ ਲਾ ਦੇਵੇ, ਉਸੇ ਵੇਲੇ ਮੁਰਝਾ ਜਾਂਦੀ ਹੈ। ਬੀਬੀ ਹੱਥ ਲਾ ਦੇਵੇ, ਕਦੇ ਵੀ ਨਹੀਂ ਮੁਰਝਾਉਂਦੀ। ਪਰਛਾਵੇਂ ਨਹੀਂ ਸਹਿੰਦੇ। ਵੇਲਾਂ ਦੇ ਅੰਦਰ ਬੀਬੀਆਂ ਚਲੀਆਂ ਜਾਣ, ਮਾਸਿਕ ਦੇ ਵਿਚ, ਸਾਰੀਆਂ ਵੇਲਾਂ ਦੇ ਫੁੱਲ ਝੜ ਜਾਂਦੇ ਨੇ। ਸੋ ਬੂਟਿਆਂ 'ਤੇ ਅਸਰ ਹੁੰਦੈ। ਲਹਿਰਾਂ (waves) ਨੇ ਐਸੀਆਂ ਜੋ ਇਕ ਦੂਜੇ ਨਾਲ ਰਲ ਕੇ ਚਲਦੀਆਂ ਨੇ, ਜਿਨ੍ਹਾਂ ਦਾ ਅਸਰ ਹੁੰਦੈ। ਸੋ ਇਸੇ ਤਰ੍ਹਾਂ ਦੇ ਨਾਲ ਜਿਹੜੇ ਪੰਛੀ ਨੇ, ਪਸ਼ੂ ਨੇ ਇਹਨਾਂ ਦੇ ਵਿਚ 20% ਤੋਂ ਲੈ ਕੇ 50% ਸੁਰਤ ਹੋਇਆ ਕਰਦੀ ਹੈ। ਜਿਹੜੇ ਘੋੜੇ ਨੇ, ਗਊਆਂ ਨੇ ਇਹਨਾਂ ਨੂੰ ਬਹੁਤੀ ਸੁਰਤ ਹੈ। ਹੰਸ ਨੇ, ਸਾਰਸਾਂ ਨੇ ਇਹਨਾਂ ਨੂੰ ਬਹੁਤੀ ਸੁਰਤ ਹੈ। ਕਾਂ ਟੈਲੀਪੈਥੀ ਜਾਣਦਾ ਹੈ। ਬੰਦੇ ਦੇ ਮਨ ਵਿਚ ਖਿਆਲ ਆਏਗਾ, ਉਸੇ ਵੇਲੇ ਸਮਝ ਜਾਵੇਗਾ। ਸੱਪ ਵੀ, ਸਾਰੇ ਜਾਣਦੇ ਨੇ, ਆਦਮੀ ਦੇ ਮਨ ਦੇ ਖਿਆਲ ਇਹਨਾਂ ਦੇ ਕੋਲ ਪਹੁੰਚ ਜਾਂਦੇ ਨੇ। ਉਹ convert (ਸਾਵਧਾਨ) ਹੋ ਜਾਂਦੇ ਨੇ। ਉਹ ਆਪਣੇ ਬਚਾਓ ਦਾ ਸਾਧਨ ਕਰਦੇ ਨੇ। ਮੁਰਗੇ ਪਾਲੇ ਹੋਏ ਨੇ। ਜਿੰਨਾਂ ਚਿਰ ਤਕ ਤੁਸੀਂ ਦਾਣੇ ਪਾਉਂਦੇ ਹੋਂ, ਤੁਹਾਡੇ ਕੋਲ ਆਉਣਗੇ, ਛੋਟੇ ਬੱਚੇ ਉਡਾਰੀਆਂ ਮਾਰ ਕੇ ਮੋਢਿਆਂ 'ਤੇ ਬੈਠ ਜਾਣਗੇ, ਸਿਰ 'ਤੇ ਵੀ ਬੈਠ ਜਾਣਗੇ ਕਿਉਂਕਿ ਤੁਹਾਡੇ ਮਨ ਦੇ ਅੰਦਰ ਕੋਈ ਮਲੀਨਤਾ ਨਹੀਂ ਆਈ ਉਹਨਾਂ ਬਾਰੇ। ਜਿਸ ਵਕਤ ਖਿਆਲ ਕਰ ਲਿਆ ਕਿ ਆਹ ਮੁਰਗਾ ਵੱਢਣਾ ਹੈ ਜਾਂ ਬੱਕਰਾ ਵੱਢਣਾ ਹੈ, ਉਹਦੇ ਨੇੜੇ ਜਾਓ, ਕੰਬੇਗਾ ਉਹ। ਡਰ ਜਾਏਗਾ, ਦੌੜੇਗਾ, ਫੇਰ ਨਹੀਂ ਬਹਿੰਦਾ ਮੋਢੇ 'ਤੇ ਆ ਕੇ। ਨੱਠੇਗਾ ਹੱਥਾਂ 'ਚੋਂ ਕਿਉਂਕਿ ਤੁਹਾਡੇ ਹਿਰਦੇ ਦੀ ਜੋ ਬਾਤ ਸੀ ਉਹਦੇ ਕੋਲ ਪਹੁੰਚ ਗਈ। ਮਨੁੱਖ ਜਿਹੜਾ ਹੈ ਇਸ ਨੂੰ 50% ਤੋਂ 75% ਤਕ ਸੋਝੀ ਹੁੰਦੀ ਹੈ। ਲੇਕਿਨ ਮਨੁੱਖ ਇਸ ਤੋਂ ਹੇਠਾਂ ਵੀ ਹੁੰਦੈ, ਪਸ਼ੂਆਂ ਦੇ ਬਰਾਬਰ ਵੀ ਸੁਰਤ ਹੁੰਦੀ ਹੈ ਇਹਦੀ। ਬਹੁਤ ਨੀਵੇਂ ਪੱਧਰ ਦਾ ਵੀ ਹੁੰਦੈ, ਉਸ ਨੂੰ ਮਹਾਰਾਜ ਨੇ ਕਿਹਾ ਕਿ ਹੈ ਤਾਂ ਮਨੁੱਖ ਪਰ ਇਹਦੀ ਜਿਹੜੀ ਸੋਝੀ ਦਾ ਬੌਧਿਕ ਪੱਧਰ (intellectual level) ਉਹ ਪਸ਼ੂਆਂ ਵਰਗਾ ਹੈ –

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥*
*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥*

*ਅੰਗ– ੨੫੧*

ਪਸ਼ੂਆਂ ਵਰਗੇ ਹੋਇਆ ਕਰਦੇ ਨੇ। ਇਸ ਤਰ੍ਹਾਂ ਇਹ ਜਿਹੜਾ ਸਾਰਾ ਬ੍ਰਹਿਮੰਡ ਹੈ, ਧਰਤੀ ਹੈ, ਦਰਿਆ ਨੇ, ਪਾਣੀ ਹੈ, ਸਮੁੰਦਰ ਹੈ; ਹਰੇਕ ਦੇ ਪਿੱਛੇ ਚੇਤਨ ਸ਼ਕਤੀ ਕੰਮ ਕਰ ਰਹੀ ਹੈ। ਜਿੰਨੇ ਗ੍ਰਹਿ (planets) ਨੇ ਇਨ੍ਹਾਂ ਦੇ ਪਿੱਛੇ ਵੀ ਚੇਤਨ ਸ਼ਕਤੀਆਂ ਕੰਮ ਕਰ ਰਹੀਆਂ ਨੇ। ਜਦੋਂ ਇਹਨਾਂ ਦਾ ਸੰਤੁਲਨ ਵਿਗੜ ਜਾਂਦਾ ਹੈ ਤਾਂ ਉਹ ਜਿਹੜੀ ਚੇਤਨ ਸ਼ਕਤੀ ਹੈ ਡਾਵਾਂਡੋਲ ਹੋ ਜਾਂਦੀ ਹੈ।

ਭਾਈ ਗੁਰਦਾਸ ਜੀ ਜਿਨ੍ਹਾਂ ਨੂੰ ਗੁਰੂ ਘਰ ਦੇ ਵੇਦ ਵਿਆਸ ਦਸਿਆ ਜਾਂਦਾ ਹੈ, ਆਪ ਇਹ ਫੁਰਮਾਨ ਕਰਦੇ ਨੇ ਕਿ ਉਹ ਪਾਪ ਦਾ ਸਮਾਂ ਜਦੋਂ ਆਇਆ, ਇਹ ਧੌਲ ਉਡੀਣਾ ਹੋ ਗਿਆ, ਡਾਵਾਂਡੋਲ ਹੋਣਾ ਸ਼ੁਰੂ ਹੋ ਗਿਆ, ਮੌਸਮ 'ਚ ਫਰਕ ਪੈ ਗਿਆ, ਲੋਕਾਂ ਦੀ ਸੋਚ 'ਚ ਫਰਕ ਪੈ ਗਿਆ। ਉਸ ਵੇਲੇ ਜਿਹੜਾ ਸੰਤੁਲਨ ਸੀ ਉਹ ਵਿਗੜਨ ਦੇ ਨਾਲ ਇਸ ਨੂੰ ਬੜੀ ਤਕਲੀਫ਼ ਹੋਈ ਤੇ ਇਹ ਪ੍ਰਮੇਸ਼ਰ ਦੇ ਕੋਲ ਪੁਕਾਰ ਕਰਦੈ। ਇਸ ਤਰ੍ਹਾਂ ਨਾਲ ਫੁਰਮਾਨ ਕਰਿਐ, ਪੜ੍ਹੋ ਪਿਆਰ ਨਾਲ –

*ਧਾਰਨਾ – ਮੇਰੇ ਤੋਂ ਭਾਰ ਝੱਲਿਆ ਨਾ ਜਾਵੇ,*
*ਧਰਮ ਪੁਕਾਰਾਂ ਕਰਦਾ।*

ਸੰਤੁਲਨ ਵਿਗੜ ਗਿਆ। ਪ੍ਰਭੂ ਦੇ ਦੁਆਰ 'ਤੇ ਪੁਕਾਰ ਕਰਦਾ ਹੈ ਕਿ ਹੇ ਪ੍ਰਭੂ! ਐਨਾ ਪਾਪ ਸੰਸਾਰ 'ਚ ਵਧ ਗਿਆ –

*ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਪ੍ਰਭੁ ਆਪੇ ਹੋਆ।*
*ਆਪੇ ਪਟੀ ਕਲਮਿ ਆਪਿ ਆਪੇ ਲਿਖਣਿਹਾਰਾ ਹੋਆ।*
*ਬਾਝੁ ਗੁਰੂ ਅੰਧੇਰੁ ਹੈ ਖਹਿ ਖਹਿ ਮਰਦੇ ਬਹੁ ਬਿਧਿ ਲੋਆ।*
*ਵਰਤਿਆ ਪਾਪੁ ਜਗਤ੍ਰ ਤੇ*
*ਧਉਲ ਉਡੀਣਾ ਨਿਸਿਦਿਨ ਰੋਆ।*

*ਭਾਈ ਗੁਰਦਾਸ ਜੀ, ਵਾਰ ੧/੨੨*

ਦਿਨ ਤੇ ਰਾਤ ਰੋ ਰਿਹਾ ਹੈ।

*ਬਾਝੁ ਦਇਆ ਬਲਹੀਣ ਹੋਇ*
*ਨਿਘਰ ਚਲੇ ਰਸਾਤਲਿ ਟੋਆ।*
*ਖੜਾ ਕਿਤੇ ਪੈਰ ਤੇ ਪਾਪ ਸੰਗਿ ਬਹੁ ਭਾਰਾ ਹੋਆ।*
*ਥੰਮੇ ਕੋਇ ਨ ਸਾਧੁ ਬਿਨੁ*
*ਸਾਧੁ ਨ ਦਿਸੈ ਜਗਿ ਵਿਚਿ ਕੋਆ।*
*ਧਰਮ ਧਉਲ ਪੁਕਾਰੇ ਤਲੈ ਖੜੋਆ॥*

*ਭਾਈ ਗੁਰਦਾਸ ਜੀ ਵਾਰ ੧/੨੨*

ਇਹ ਇਕ ਰੂਪਕ ਹੈ ਜਿਸ ਦੇ ਨਾਲ ਪਤਾ ਲਗ ਜਾਂਦੈ ਕਿ ਕਿਹੋ ਜਿਹਾ ਸਮਾਂ ਆ ਗਿਆ ਸੀ। ਮਨੁੱਖ ਦਾ ਕੋਈ ਹੱਕ ਨਹੀਂ ਸੀ ਰਿਹਾ। ਫੜ ਲਏ

ਜਾਂਦੇ, ਵੇਚ ਦਿਤੇ ਜਾਂਦੇ, ਗੁਲਾਮ ਬਣਾ ਲਏ ਜਾਂਦੇ, ਕਿਸੇ ਦਾ ਕੋਈ ਧਰਮ ਨਹੀਂ ਸੀ ਰਿਹਾ। ਕੋਈ ਜਤ, ਸਤ ਨਹੀਂ ਸੀ ਰਿਹਾ। ਸੰਤੁਲਨ ਵਿਗੜਿਆ ਸਾਰੇ ਸੰਸਾਰ ਦਾ। ਮਹਾਰਾਜ ਕਹਿੰਦੇ -

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥*
*ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥*

*ਅੰਗ- ੧੪੫*

ਹੁਣ ਸੰਸਾਰ ਦੀ ਗਤੀ ਕਿਵੇਂ ਹੋਵੇਗੀ? ਉਸ ਸਮੇਂ ਭਾਰਤ ਵਰਸ਼ ਦੇ ਵਿਚ ਇਸਲਾਮ ਦਾ ਰਾਜ ਹੋ ਗਿਆ ਸੀ। ਪਹਿਲਾਂ ਤੋਂ ਹੀ ਉਹ ਆਉਂਦੇ ਸੀ, ਬੜੀ ਦੇਰ ਤੋਂ ਕਤਲਾਮ ਹੁੰਦੇ। ਇਕੱਲੇ ਸੋਮਨਾਥ ਦੇ ਮੰਦਰ ਵਿਚ 50,000 ਬੰਦਾ ਕਤਲ ਕੀਤਾ ਗਿਆ। ਗਊਆਂ ਕਤਲ ਕੀਤੀਆਂ ਜਾਂਦੀਆਂ ਨੇ ਤੇ ਉਹਨਾਂ ਦਾ ਖੂਨ ਮੂਰਤੀਆਂ 'ਤੇ ਪਾਉਣਾ, ਮੂਰਤੀਆਂ ਪੁੱਟ ਲੈਣੀਆਂ ਤੇ ਉਹਨਾਂ ਨੂੰ ਆਪਣੀਆਂ ਪੌੜੀਆਂ ਦੇ ਵਿਚ ਲਾਉਣਾ, ਆਪਣੇ ਮਕਾਨਾਂ ਦੀਆਂ। ਵੱਡੇ-ਵੱਡੇ ਜੋ ਮੰਦਰ ਸੀ ਮਥੁਰਾ ਦਾ ਅੱਧ ਮੀਲ ਲੰਮਾ ਮੰਦਰ ਸੀ ਤੇ ਉਹਦੇ ਬਾਰੇ ਦਸਦੇ ਨੇ ਕਿ ਉਹ ਅਰਬਾਂ ਰੁਪਏ ਦਾ 5000 ਮਜ਼ਦੂਰ ਜੇ ਲਗ ਜਾਏ ਤਾਂ 300 ਸਾਲ ਵਿਚ ਬਣਿਆ। ਉਹ ਵੀ ਢਾਹ ਦਿਤੇ ਗਏ। ਲਾਇਬ੍ਰੇਰੀਆਂ ਜਾਲ ਦਿਤੀਆਂ ਗਈਆਂ। ਲੱਖਾਂ ਬੰਦਿਆਂ ਨੂੰ ਇਕੱਠੇ ਕਰਕੇ ਕਤਲ ਕਰਨਾ ਤੇ ਫੇਰ ਇਹ ਸਮਝਣਾ ਕਿ ਅਸੀਂ ਬੜਾ ਭਾਰਾ ਪੁੰਨ ਕਰਿਆ ਹੈ। ਐਸੀ ਧਾਰਨਾ ਹੋ ਗਈ ਕਿਉਂਕਿ ਆਪਣੀ-ਆਪਣੀ ਪੂਜਾ ਦਾ ਤਰੀਕਾ ਹੁੰਦੈ। ਇਸਲਾਮ ਦੇ ਵਿਚ ਇਹ ਸੀ ਕਿ ਰੱਬ ਨੂੰ ਮੰਨਣਾ ਹੈ, ਕਿਸੇ ਬਣੀ ਹੋਈ ਚੀਜ਼ ਦੇ ਅੱਗੇ ਨਹੀਂ ਮੱਥਾ ਟੇਕਣਾ ਜਿਹਨੂੰ ਬੁੱਤ ਕਹਿੰਦੇ ਸੀ। ਦੂਸਰੇ ਪਾਸੇ ਇਹ ਸੀ ਕਿ ਕੋਈ ਵੀ ਚੀਜ਼ ਇਹੋ ਜਿਹੀ ਨਹੀਂ ਜਿਸਦੇ ਵਿਚ ਪ੍ਰਮੇਸ਼ਰ ਨਾ ਹੋਵੇ। ਧੰਨੇ ਨੂੰ ਪੱਥਰ ਵਿਚੋਂ ਹੀ ਮਿਲ ਗਿਆ। ਨਾਮਦੇਵ ਨੂੰ ਮੂਰਤੀ ਵਿਚੋਂ ਮਿਲ ਗਿਆ। ਉਹਦਾ ਦੁੱਧ ਪੀਤਾ ਆ ਕੇ ਉਸ ਨੇ। ਧੰਨੇ ਦੇ ਕੋਲ ਆ ਕੇ ਪ੍ਰਸ਼ਾਦੇ ਵੀ ਛਕੇ, ਦੁੱਧ ਵੀ ਪੀਤਾ, ਕੰਮ ਵੀ ਕੀਤਾ ਕਿਉਂਕਿ ਵਾਹਿਗੁਰੂ ਸਾਰੇ ਪਰੀਪੂਰਨ ਹੈ, ਨਿਸ਼ਚਾ ਆਪਣਾ-ਆਪਣਾ ਹੈ। ਭਗਤੀ ਦਾ ਤਰੀਕਾ ਆਪਣਾ-ਆਪਣਾ ਹੈ।

ਗੁਰੂ ਦਸਵੇਂ ਪਾਤਸ਼ਾਹ ਨੂੰ ਪੁੱਛਿਆ ਬਹਾਦਰ ਸ਼ਾਹ ਨੇ, ਕਹਿਣ ਲੱਗੇ, ਹੇ ਸਾਹਿਬ! ਤੁਸੀਂ ਤਾਂ ਬੁੱਤ ਸ਼ਿਕਨ ਹੋਂ, ਬੁੱਤਾਂ ਨੂੰ ਮੰਨਦੇ ਨਹੀਂ ਹੋ। ਅਸੀਂ ਵੀ ਨਹੀਂ ਮੰਨਦੇ। ਇਹ ਹਿੰਦੂ ਕਹਿੰਦੇ ਆਪੇ ਹੀ ਬੁੱਤ ਬਣਾ ਲੈਂਦੇ ਨੇ, ਫੇਰ ਆਪਣੇ ਹੀ ਮੱਥੇ ਟੇਕੀ ਜਾਂਦੇ ਨੇ। ਗੁਰੂ ਮਹਾਰਾਜ ਕਹਿਣ ਲੱਗੇ, ਬਾਦਸ਼ਾਹ! ਤੁਹਾਡਾ ਧਰਮ ਤੁਹਾਨੂੰ ਮੁਬਾਰਕ, ਸਾਡਾ ਸਾਨੂੰ ਮੁਬਾਰਕ, ਜਿਸਦਾ ਤੁਸੀਂ ਜ਼ਿਕਰ ਕਰਿਐ, ਹਿੰਦੂਆਂ ਦਾ ਉਹ ਉਹਨਾਂ ਨੂੰ ਮੁਬਾਰਕ। ਉਹਨਾਂ ਦੇ ਵਿਚ ਕੋਈ ਕਮੀ ਨਹੀਂ ਹੈ। ਉਹਨਾਂ ਨੇ ਪ੍ਰਮੇਸ਼ਰ ਮੂਰਤੀਆਂ 'ਚੋਂ ਵੀ ਪ੍ਰਾਪਤ ਕਰ ਲਿਆ, ਭਾਵਨਾ ਦੀ ਗੱਲ ਹੈ, ਪ੍ਰਮੇਸ਼ਰ ਤਾਂ ਸਾਰੇ ਪ੍ਰੀਪੂਰਨ ਹੈ। ਕਿਹੜਾ ਥਾਂ ਹੈ ਜਿਥੇ ਉਹ ਨਹੀਂ ਹੈ। ਜੇ ਪ੍ਰਤੀਕ ਸਮਝ ਕੇ ਕਰਿਆ ਜਾਂਦਾ ਹੈ, ਤਾਂ ਉਹ ਪ੍ਰਮੇਸ਼ਰ ਦੀ ਹੀ ਪੂਜਾ ਕਰਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਐਸੀਆਂ ਧਾਰਨਾਵਾਂ ਮਨਾਂ ਦੇ ਵਿਚ ਬੈਠ ਕੇ ਐਡਾ ਵਿਰੋਧ ਹੋ ਗਿਆ ਸੀ ਕਿ ਹਿੰਦੂਆਂ ਨੂੰ ਮਾਰ ਦੇਣਾ, ਭਾਰਤ ਵਰਸ਼ੀਆਂ ਨੂੰ ਮਾਰ ਦੇਣਾ, ਲੱਖਾਂ ਨੂੰ ਮਾਰ ਕੇ ਫੇਰ ਇਹ ਕਹਿਣਾ ਕਿ ਹੇ ਖੁਦਾ! ਅੱਜ ਮੈਂ ਬੜਾ ਸਵਾਬ ਦਾ ਕੰਮ ਕਰਿਆ ਹੈ, ਤੂੰ ਮੈਨੂੰ ਸ਼ਕਤੀ ਦਿਤੀ ਹੈ, ਮੈਂ ਲੱਖ ਕਾਫ਼ਰ ਮਾਰ ਦਿਤਾ। ਕਿਸੇ ਦੀ ਵਿਲਕਣੀ, ਕਿਸੇ ਦੀ ਅਰਦਾਸ, ਕਿਸੇ ਦੀ ਮਜ਼ਬੂਰੀ ਨੂੰ ਨਹੀਂ ਸੀ ਸਮਝਿਆ ਜਾਂਦਾ। ਸੋ ਐਸਾ ਅੰਧਾ-ਧੁੰਦ ਦਾ ਸਮਾਂ ਆਇਆ ਹੋਇਆ ਸੀ। ਉਸ ਵੇਲੇ ਕੋਈ ਰਾਹ ਨਹੀਂ ਸੀਗਾ। ਇਸ ਤਰ੍ਹਾਂ ਚਲਦੇ-ਚਲਦੇ ਔਰਗਜ਼ੇਬ ਦਾ ਜ਼ਮਾਨਾ ਆ ਗਿਆ। ਉਹਦੇ ਮਨ ਵਿਚ ਇਹ ਹੋ ਗਿਆ ਕਿ ਅਫ਼ਗਾਨਿਸਤਾਨ ਸਾਰੇ ਦਾ ਸਾਰਾ ਇਸਲਾਮ ਦੇ ਝੰਡੇ ਵਿਚ ਆ ਚੁਕਿਆ ਹੈ। ਭਾਰਤ ਵਰਸ਼ ਨਾਲ ਲਗਦਾ ਹੈ ਕਿਉਂ ਨਾ ਇਸ ਨੂੰ ਇਸਲਾਮੀ ਝੰਡੇ ਥੱਲੇ ਲੈ ਆਈਏ। ਇਥੇ ਜਾਤ ਹੀ ਕੋਈ ਨਾ ਰਹੇ, ਇਕ ਜਾਤ ਹੋ ਜਾਵੇ। ਸੋ ਉਹਨੇ ਹੁਕਮ ਕਰ ਦਿਤੇ ਕਿ ਕੋਈ ਮੰਦਰ ਨਹੀਂ ਬਣਨ ਦੇਣਾ, ਪੁਰਾਣੇ ਮੰਦਰ ਢਾਹ ਦਿਓ, ਕੋਈ ਇਹਨਾਂ ਦੀ ਲਾਇਬ੍ਰੇਰੀ ਨਹੀਂ ਬਣਨ ਦੇਣੀ। ਪੁਰਾਣੇ ਪੁਸਤਕਾਲਿਆ ਜਾਲ ਦਿਓ। ਪੂਜਾ ਕੋਈ ਨਹੀਂ ਕਰ ਸਕਦਾ। ਬਹੁਤ ਐਸੀਆਂ ਬਾਤਾਂ ਜਿਹੜੀਆਂ ਕਹਿਣੀਆਂ ਨਹੀਂ ਬਣਦੀਆਂ। ਉਸ ਵੇਲੇ ਨੌਕਰੀਆਂ ਤੋਂ ਹਟਾ ਦਿਤੇ। ਟੈਕਸ ਵਾਧੂ ਲਾ ਦਿਤੇ। ਜੇ ਕੋਈ ਨਹੀਂ ਦੇ ਸਕਦਾ, ਦੇਖੋ ਇਸਲਾਮ ਧਾਰਨ ਕਰ ਲਓ, ਕੋਈ ਟੈਕਸ ਨਹੀਂ ਲਗਦਾ। ਤਾਂ ਉਹਨੇ ਉਸ ਵੇਲੇ ਬੜੇ ਸਰਕੂਲਰ ਕੱਢ ਦਿਤੇ ਤੇ ਕਸ਼ਮੀਰ ਜਿਹੜਾ ਸੀ ਉਥੇ ਇਕ ਐਸਾ ਖਾਸ ਆਫ਼ੀਸਰ ਲਾ ਦਿਤਾ ਜਿਹਨੂੰ ਲੋਹੇ ਦਾ ਬੰਦਾ ਕਹਿੰਦੇ ਸੀ। ਜਿਹਦੇ ਅੰਦਰ ਦਿਲ ਨਹੀਂ ਸੀ। ਉਹਨੇ ਵੱਡੇ-ਵੱਡੇ ਜਿਹੜੇ

ਵਿਦਵਾਨ ਪੰਡਤ ਸੀ ਉਹਨਾਂ ਦੇ ਉਤੇ ਪਹਿਲਾਂ ਤਲਵਾਰ ਚੁੱਕੀ ਕਿ ਜੇ ਇਹ ਮੁਸਲਮਾਨ ਬਣ ਜਾਣਗੇ ਤਾਂ ਸਾਰੇ ਬਣ ਜਾਣਗੇ। 100 ਬੰਦਾ ਰੋਜ਼ ਸ੍ਰੀ ਨਗਰ ਜੇਹਲਮ ਦਰਿਆ ਦੇ ਵਿਚ ਸ਼ਾਮ ਨੂੰ ਬੰਨਿਆ ਹੁੰਦਾ, ਸੰਗਲਾਂ ਨਾਲ। ਉਹਨਾਂ ਨੂੰ ਦਰਿਆ ਦੇ ਵਿਚ ਧੱਕਾ ਦੇ ਦੇਣਾ, ਜਿਹੜੇ ਛੋਟੇ ਹੁੰਦੇ ਸੀ ਉਹ ਪਹਿਲਾਂ ਡੁੱਬਦੇ ਸੀ, ਲੰਮੇ ਜੱਦੋ-ਜਹਿਦ ਕਰਦੇ ਸੀ, ਤਮਾਸ਼ਾ ਦੇਖੀ ਜਾਣਾ ਇਹਨਾਂ ਨੇ। ਨਾਲ ਕਹੀ ਜਾਣਾ ਜੇ ਬਚਣਾ ਹੈ ਤਾਂ ਇਸਲਾਮ ਧਾਰਨ ਕਰੋ। ਬੰਡਲ ਦੇ ਬੰਡਲ ਰੁੜ ਜਾਣੇ, ਅੱਗੇ ਜਾ ਕੇ ਸੰਗਲ ਖੋਲ੍ਹ ਲਿਆਉਣੇ, ਅਗਲੇ ਦਿਨ ਫੇਰ ਤਮਾਸ਼ਾ ਹੋਣਾ, ਕੁਰਸੀਆਂ 'ਤੇ ਬੈਠ ਕੇ ਦੇਖਦੇ ਸੀ। ਦੂਸਰੇ ਪਾਸੇ ਰਾਜਸੀ ਸੱਤਾ ਨਾ ਰਾਜਪੂਤਾਂ 'ਚ ਰਹੀ ਸੀ, ਨਾ ਪਹਾੜੀ ਰਾਜਿਆਂ 'ਚ ਰਹੀ ਸੀ, ਕਿਸੇ 'ਚ ਨਹੀਂ ਸੀ, ਆਪਣੀ ਜਾਨ ਬਚਾਉਂਦੇ ਫਿਰਦੇ ਸੀ। ਲੜਕੀਆਂ ਦਿੰਦੇ ਸੀ। ਵੱਡੇ-ਵੱਡੇ ਮੰਦਰ ਜਿਹੜੇ ਸੀ ਉਹ ਮਸਜਿਦਾਂ ਬਣ ਗਈਆਂ। ਕਹਿੰਦੇ -

*ਕਤਲਗਾਹ ਅੱਜ ਧਰਮ ਦੀ, ਬਣਿਆ ਭਾਰਤ ਦੇਸ਼।*
*ਨਹੀਂ ਜਰਵਾਣੇ ਸਾਮ੍ਹਣੇ ਚਲਦੀ ਕੋਈ ਪੇਸ਼।*

ਕੋਈ ਪੇਸ਼ ਨਹੀਂ ਸੀ ਚਲਦੀ। ਐਸੀ ਹਾਲਤ ਹੋ ਗਈ ਸੀ ਜਿਹਦਾ ਕੋਈ ਵੀ ਬਾਨਣੂੰ ਨਹੀਂ ਸੀ ਬਣਦਾ।

ਇਧਰ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਸਤਿ ਦਾ ਰੂਹਾਨੀ ਉਪਦੇਸ਼ ਦੇਣਾ ਸ਼ੁਰੂ ਕਰਿਆ। ਜੋ ਸਾਰੀ ਦੁਨੀਆਂ ਨੂੰ ਰਸਤਾ ਦਸਦਾ ਸੀ। ਲੇਕਿਨ ਜਿਹੜਾ ਜਰਵਾਣਾ, ਉਹ ਨਹੀਂ ਸੀ ਰੁਕਦਾ ਕਿਸੇ ਤਰੀਕੇ ਨਾਲ ਕਿਉਂਕਿ ਉਹਦਾ ਸੁਭਾਅ ਸਖ਼ਤ ਹੋ ਗਿਆ ਸੀ। ਉਹਦੇ ਉਤੇ ਉਪਦੇਸ਼ ਕੰਮ ਨਹੀਂ ਸੀ ਕਰਦਾ ਤੇ ਗੁਰੂ ਨੌਵੇਂ ਪਾਤਸ਼ਾਹ ਦਾ ਸਮਾਂ ਆ ਗਿਆ ਸੀ। 1671 ਇਫ਼ਤਖਾਨ ਨੂੰ ਕਸ਼ਮੀਰ ਦਾ ਗਵਰਨਰ ਬਣਾ ਕੇ, ਸਖ਼ਤ ਹਦਾਇਤਾਂ ਦੇ ਦਿਤੀਆਂ। ਉਸ ਵੇਲੇ ਜ਼ੁਲਮ ਤੋਂ ਤੰਗ ਹੋਏ-ਹੋਏ, ਐਸੀ ਹਾਲਤ ਹੋ ਗਈ ਸੀ ਕਿ ਕੋਈ ਵੀ ਹੱਲ ਨਹੀਂ ਸੀ ਲੱਭਦਾ ਕਿ ਕੀ ਕਰਿਆ ਜਾਵੇ। ਨਾ ਜ਼ੋਰ ਚਲਦਾ ਸੀ, ਨਾ ਉਪਦੇਸ਼ ਚਲਦਾ ਸੀ। ਨਾ ਕੋਈ ਤਰਲਾ, ਮਿੰਨਤ ਚਲਦੀ ਸੀ। ਕੁਛ ਨਹੀਂ ਸੀ ਬਣਦਾ। ਧੜਾਧੜ ਕਤਲਿਆਮ ਤੇ ਧਰਮ ਪਰਿਵਰਤਨ conversion ਹੋ ਰਹੀ ਸੀ ਤੇ ਇਸ ਤਰ੍ਹਾਂ ਲਗਦਾ ਸੀ ਕਿ ਕਿਸ਼ਤੀ ਮੰਝਧਾਰ ਵਿਚ ਗੇੜੇ ਖਾਣ ਲਗ ਗਈ ਤੇ ਕੰਢਾ ਕੋਈ ਨਜ਼ਰ ਨਹੀਂ ਆਉਂਦਾ, ਨਾ ਏਧਰਲਾ ਨਾ ਪਰਲਾ। ਵਿਚਾਲੇ ਫਸ ਗਈ। ਇਸ ਤਰ੍ਹਾਂ ਇਤਿਹਾਸ 'ਚ ਲਿਖਿਆ ਹੋਇਐ –

*ਧਾਰਨਾ - ਕੰਢਾ ਪਾਰ ਦਾ ਨਜ਼ਰ ਨਾ ਆਵੇ,*
*ਮੰਝਧਾਰ ਨਉਕਾ ਡੋਲਦੀ।*

ਕਿਸ਼ਤੀ ਡੋਲ ਰਹੀ ਹੈ, ਕੰਢਾ ਨਜ਼ਰ ਨਹੀਂ ਆ ਰਿਹਾ। ਲਗਦਾ ਹੈ ਕਿ ਹੁਣ ਨਹੀਂ ਪਾਰ ਹੋ ਸਕਦੇ। ਹੁਣ ਤਾਂ ਡੁੱਬ ਹੀ ਜਾਵਾਂਗੇ ਸਾਰੇ, ਬੇਦਿਲੀ ਛਾ ਗਈ। ਕੋਈ ਸਾਹਸ ਨਹੀਂ ਬਣਦਾ।

*ਕੀਤੇ ਗਊਆਂ ਮਾਰ ਕੇ ਮੰਦਰ ਕਈ ਪੁਲੀਤ।*
*ਕਲ ਸੀ ਮੰਦਰ ਦਿਸਦਾ, ਦਿਸੇ ਪਈ ਮਸੀਤ ।*
*ਨਉਕਾ ਹਿੰਦੂ ਧਰਮ ਦੀ ਡੋਲੇ ਅਜ ਮੰਝਧਾਰ।*
*ਨਾ ਦਿਸਦਾ ਉਰਵਾਰ ਹੀ ਤੇ ਨਾ ਦਿਸਦਾ ਪਾਰ।*

ਹੁਣ ਕਰੇ ਕੀ, ਬੇਸਹਾਰਾ ਹੋ ਜਾਂਦੈ। ਬਹੁਤ ਸਖ਼ਤ ਕਾਨੂੰਨ ਸੀ, ਪੁੱਛਣਾ ਬੀ ਕਿਸੇ ਨੂੰ। ਮਨੁੱਖੀ ਅਧਿਕਾਰ ਕੋਈ ਹੈ ਹੀ ਨਹੀਂ ਸੀ। ਜ਼ਿੰਦਗੀ ਦੀ ਕੋਈ ਕੀਮਤ ਨਹੀਂ ਸੀ, ਜ਼ਿੰਦਗੀ 'ਤੇ ਆਪਣਾ ਕੋਈ ਹੱਕ ਨਹੀਂ ਸੀ। ਕਿਸੇ ਨੂੰ ਮਾਰ ਦਿਓ, ਕਿਸੇ ਨੂੰ ਛੱਡ ਦਿਓ। ਜ਼ਿੰਦਗੀ ਵੀ ਕਾਨੂੰਨ ਦੇ ਅਧੀਨ ਆ ਕੇ, ਰਾਜੇ ਦੀ ਬਣ ਗਈ ਸੀ। ਜਿਵੇਂ ਕਿਸਾਨ ਸੰਘਣੀ ਫਸਲ ਨੂੰ ਕੱਟ ਦਿੰਦੈ। ਘਾਹ, ਫੂਸ ਉਹਦੇ ਵਿਚੋਂ ਕੱਟ ਦਿੰਦੈ। ਇਸੇ ਤਰ੍ਹਾਂ ਦਾ ਹਾਲ ਸੀ, ਬੰਦੇ ਘਾਹ ਫੂਸ ਵਾਂਗਣ ਮਾਰੇ ਜਾ ਰਹੇ ਸੀ। ਕੋਈ ਪੁਕਾਰ ਨਹੀਂ ਸੀ, ਕੋਈ ਰਾਹ ਨਹੀਂ ਸੀ ਲੱਭਦਾ। ਉਸ ਵੇਲੇ ਜੋ ਸਿਆਣੇ ਬਚੇ ਹੋਏ ਸੀ, ਵੱਡੇ-ਵੱਡੇ ਵਿਦਵਾਨ, ਉਹਨਾਂ ਨੇ ਇਕ ਗੁਪਤ ਮੀਟਿੰਗ ਕਰੀ ਪਹਾੜੀ ਦੇ ਅੰਦਰ। ਬੜੀਆਂ ਵਿਚਾਰਾਂ ਹੋਈਆਂ ਉਥੇ। ਕੋਈ ਵਿਚਾਰ ਵੀ ਕੰਮ ਨਾ ਕਰੇ। ਕੁਝ ਸਮਝੌਤੇ ਦੀਆਂ ਗੱਲਾਂ ਹੋਈਆਂ, ਕੁਝ ਹੋਰ ਹੋਇਆ, ਤੁਸੀਂ ਚਾਹੁੰਦੇ ਕੀ ਹੋਂ। ਕੋਈ ਮਸਲਾ ਸਿਰੇ ਨਾ ਚੜ੍ਹਿਆ, ਅਖੀਰ ਇਕ ਗੱਲ ਚੱਲੀ, ਕਹਿਣ ਲੱਗੇ, ਦੇਖੋ, ਸਤਿਜੁਗ ਦੇ ਅੰਦਰ, ਤ੍ਰੇਤੇ ਦੇ ਅੰਦਰ, ਦੁਆਪਰ ਦੇ ਅੰਦਰ, ਅਵਾਹਨ ਕੀਤੇ ਜਾਂਦੇ ਸੀ ਤੇ ਦੇਵਤੇ ਦੀ ਸ਼ਕਤੀ ਨੂੰ ਜਾਗ੍ਰਤ ਕੀਤਾ ਜਾਂਦਾ ਸੀ। ਉਹ ਦੇਵਤੇ ਆਪਣੀ ਮਦਦ ਦੇ ਨਾਲ ਕੰਮ ਕਰਦੇ ਸੀ। ਜਿਸ ਵਕਤ ਦੇਵਤਿਆਂ ਨੂੰ ਸਵਰਗ 'ਚੋਂ ਕੱਢ ਦਿਤਾ ਜਾਂਦਾ, ਦੈਂਤ ਆ ਜਾਂਦੇ ਸੀ ਤਾਂ ਭਗਵਾਨ ਉਹਨਾਂ ਦੀ ਪੁਕਾਰ ਸੁਣ ਕੇ, ਉਹਨਾਂ ਦੀ ਮਦਦ 'ਤੇ ਆਉਂਦਾ ਸੀ। ਭਗਵਾਨ ਵੀ ਓਹੀ ਹੈ, ਦੇਵਤੇ ਵੀ ਓਹੀ ਨੇ ਤੇ ਬਦਲੇ ਹਾਂ ਤਾਂ ਅਸੀਂ ਬਦਲੇ ਹਾਂ। ਸਾਡਾ ਸੰਪਰਕ ਦੇਵਤਿਆਂ ਨਾਲੋਂ ਟੁੱਟ ਗਿਆ। ਕਹਿੰਦੇ, ਜੇ ਅੱਜ ਵੀ ਅਸੀਂ ਪੂਰੇ ਨਿਹਚੇ ਦੇ ਨਾਲ

ਦੇਵਾਂ ਦੀ ਸ਼ਰਨ ਲੈ ਲਈਏ, ਤਾਂ ਪ੍ਰਗਟ ਹੋਣਗੇ, ਪ੍ਰਗਟ ਹੋ ਕੇ ਇਹਨਾਂ ਦਾ ਨਾਸ਼ ਕਰ ਦੇਣਗੇ। ਫੈਸਲਾ ਹੋਇਆ ਕਿ ਸ਼ਿਵ ਜੀ ਮਹਾਰਾਜ ਦੀ ਆਰਾਧਨਾ ਕਰੀ ਜਾਵੇ ਤੇ ਉਹਨਾਂ ਨੂੰ ਬੇਨਤੀ ਕਰੀ ਜਾਵੇ ਕਿ ਤੁਸੀਂ ਤੀਸਰਾ ਨੇਤਰ ਜੋ ਹੈ, ਹੇ ਭੋਲੇ ਨਾਥ! ਤੁਸੀਂ ਤੀਸਰਾ ਨੇਤਰ ਖੋਲ੍ਹ ਕੇ ਇਹਨਾਂ ਦਾ ਨਾਸ਼ ਕਰ ਦਿਓ, ਖਤਮ ਕਰ ਦਿਓ ਇਹਨਾਂ ਨੂੰ। ਇਸ ਮੰਤਵ ਲਈ, ਕੋਈ ਡੇਢ ਸੌ, ਦੋ ਸੌ ਦੇ ਕਰੀਬ ਵਿਦਵਾਨ ਤੇ ਕਰਨੀ ਕਮਾਈ ਵਾਲੇ ਵਿਦਵਾਨ ਇਕੱਠੇ ਹੋ ਕੇ, ਅਮਰਨਾਥ ਦੀ ਗੁਫਾ ਵਿਚ ਜਾਂਦੇ ਨੇ। ਠੰਢਾ ਥਾਂ ਹੈ। ਬੰਦੋਬਸਤ ਕੋਈ ਨਹੀਂ ਹੈ ਤੇ ਉਥੇ ਦਿਨ-ਰਾਤ ਅਰਦਾਸਾਂ ਕਰਦੇ ਨੇ। ਅਵਾਹਨ ਕਰਦੇ ਨੇ। ਲੇਕਿਨ ਕਿਸੇ ਦੀ ਕੋਈ ਆਸ ਪੂਰੀ ਨਾ ਹੋਈ। ਨਾ ਦੇਵਤਾ ਪ੍ਰਗਟ ਹੋਇਆ। ਅਖੀਰ ਜਿਹੜੇ ਸਿਆਣੇ-ਸਿਆਣੇ ਬ੍ਰਾਹਮਣ ਸੀ ਕਹਿਣ ਲੱਗੇ, ਫੇਰ ਇਥੋਂ ਜਾਣਾ ਨਹੀਂ ਹੈ, ਸਰੀਰ ਇਥੇ ਹੀ ਦੇ ਦੇਈਏ, ਭੁੱਖ ਹੜਤਾਲ ਕਰਕੇ। ਕਸਰ ਕੀ ਹੋ ਗਈ, ਕਿਉਂ ਨਹੀਂ ਦੇਵਤੇ ਆਉਂਦੇ? ਉਸ ਵੇਲੇ ਕਿੰਨੇ ਦਿਨ ਲੰਘ ਗਏ ਭੁੱਖ ਹੜਤਾਲ ਨੂੰ। ਪਹਾੜ ਦੀ ਇਕਾਂਤ ਦੇ ਵਿਚ ਅਵਾਜ਼ ਸੁਣਾਈ ਦਿੰਦੀ ਹੈ ਕਿ ਸਾਰੇ ਧਿਆਨ ਦੇ ਨਾਲ ਸੁਣਦੇ ਨੇ। ਤਿੰਨ ਖਿਆਲ ਨੇ ਇਹਦੇ ਵਾਸਤੇ, ਇਕ ਤਾਂ ਇਹ ਹੈ ਕਿ ਅਵਾਜ਼ ਪਹਾੜ ਵਿਚੋਂ ਆਈ ਪਹਾੜ ਗੂੰਜਿਆ ਤੇ ਅਮਰਨਾਥ ਦੇ ਮੰਦਰ ਵਿਚੋਂ ਅਵਾਜ਼ ਸੁਣਾਈ ਦਿਤੀ। ਦੂਸਰਾ ਖਿਆਲ ਇਹ ਹੈ ਕਿ ਇਕ ਸਾਧੂ ਆਇਆ, ਜਟਾ-ਜੂਟ ਜਿਸ ਦਾ ਬਾਣਾ ਸ਼ਿਵ ਜੀ ਵਰਗਾ ਸੀ। ਉਸ ਨੇ ਆ ਕੇ ਕਿਹਾ, ਤੀਸਰਿਆਂ ਦਾ ਖਿਆਲ ਹੈ ਕਿ ਕ੍ਰਿਪਾ ਰਾਮ ਨੂੰ ਸੁਪਨਾ ਆਇਆ, ਕ੍ਰਿਪਾ ਰਾਮ ਇਸ ਸਾਰੇ ਮਾਹੌਲ ਦਾ ਪ੍ਰਧਾਨ ਸੀ। ਸੁਪਨੇ ਵਾਲੀ ਗੱਲ ਤਾਂ ਬਣਦੀ ਨਹੀਂ ਕਿਉਂਕਿ ਦੂਸਰੇ ਯਕੀਨ ਨਹੀਂ ਕਰਦੇ। ਦੂਜੀਆਂ ਦੋ ਗੱਲਾਂ ਬਣਦੀਆਂ ਨੇ ਕਿ ਚਾਹੇ ਸ਼ਿਵ ਜੀ ਮਹਾਤਮਾ ਦੇ ਰੂਪ 'ਚ ਆਏ ਹੋਣ ਜਾਂ ਫੇਰ ਇਹ ਹੈ ਕਿ ਅਵਾਜ਼ ਹੀ ਆ ਜਾਵੇ। ਅਵਾਜ਼ ਵੀ ਆ ਜਾਇਆ ਕਰਦੀ ਹੈ, ਕੋਈ ਔਖੀ ਨਹੀਂ ਹੈ। ਬੇਅੰਤ ਐਸੇ ਪ੍ਰੇਮੀ ਨੇ ਜਿਨ੍ਹਾਂ ਨੂੰ ਅਵਾਜ਼ ਸੁਣ ਜਾਇਆ ਕਰਦੀ ਹੈ। ਉਨ੍ਹਾਂ ਦਾ ਨਾਸ਼ ਨਹੀਂ ਹੁੰਦਾ, ਸਾਡਾ ਸੰਪਰਕ ਟੁੱਟਿਆ ਹੋਇਆ ਹੈ। ਉਸ ਵੇਲੇ ਅਵਾਜ਼ ਧਿਆਨ ਦੇ ਨਾਲ ਸੁਣਦੇ ਨੇ। ਸਮਝੀ ਕਿ ਆਹ ਅਵਾਜ਼ ਆਉਂਦੀ ਹੈ। ਸਾਰਿਆਂ ਨੇ ਫੈਸਲਾ ਕਰਿਆ ਕਿ ਅਵਾਜ਼ ਇਸ ਤਰ੍ਹਾਂ ਦੀ ਹੈ -

*ਧਾਰਨਾ - ਬਾਂਹ ਫੜੇਗਾ ਤੁਹਾਡੀ ਸਤਿਗੁਰ ਨੌਵਾਂ,*
*ਸ਼ਰਨ ਲੈ ਲਓ ਜਾ ਕੇ ਓਸਦੀ।*

ਪਹਾੜ ਗੂੰਜਿਆ, ਅਵਾਜ਼ ਆਈ ਕਿ ਐਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਾਜ ਚੱਲ ਰਿਹੈ। ਉਹ ਮਾਲਕ ਨੇ ਸੰਸਾਰ ਦੇ, ਏਸ ਵੇਲੇ ਨੌਵੇਂ ਰੂਪ ਦੇ ਅੰਦਰ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਮ ਰਖਾ ਕੇ ਸ੍ਰੀ ਅਨੰਦਪੁਰ ਸਾਹਿਬ ਦੇ ਵਿਚ, ਜਾਓ ਕਿਸੇ ਦੇਵਤੇ ਨੇ ਤੁਹਾਡੀ ਮਦਦ ਨਹੀਂ ਕਰਨੀ। ਉਹਨਾਂ ਦੇ ਪਾਸ ਜਾਓ। ਉਸ ਵੇਲੇ ਸਾਰੇ ਮੁਖੀ ਜਿਹੜੇ ਸੀ ਬੜੇ ਪ੍ਰਸੰਨ ਹੋਏ, ਕੁਛ ਸ਼ਰਧਾ ਮਨ ਵਿਚ ਜਾਗੀ ਗੁਰੂ ਘਰ ਦੀ ਤੇ ਕ੍ਰਿਪਾ ਰਾਮ ਜੋ ਬ੍ਰਹਮ ਦਾਸ ਦਾ ਪੜੋਤਾ ਸੀ, ਬ੍ਰਹਮ ਦਾਸ ਉਹ ਪੰਡਤ ਸੀ ਜਿਸ ਨੂੰ ਆਪਣੀ ਵਿਦਿਆ ਦਾ ਐਨਾ ਅਭਿਮਾਨ ਸੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਆ ਕੇ ਕਹਿਣ ਲੱਗਿਆ ਕਿ ਮੈਂ ਸਾਸ਼ਤਰ ਅਰਥ ਵਿਚ ਤੁਹਾਨੂੰ ਹਰਾਉਣੈ। ਮਹਾਰਾਜ ਨੇ ਕਿਹਾ ਕਿ ਤੂੰ ਪਹਿਲਾਂ ਆਪਣੇ ਗੁਰੂ ਕੋਲ ਜਾ ਕੇ ਆ। ਕਹਿਣ ਲੱਗਿਆ, ਮੇਰਾ ਗੁਰੂ ਕਿੱਥੇ ਹੈ? ਕਹਿਣ ਲੱਗੇ, ਔਹ ਪਹਾੜੀ ਦੇ ਉਤੇ ਹੈ। ਅੱਗੇ ਗਿਆ ਤਾਂ ਪਹਾੜੀ ਦੇ ਉਤੇ ਮਹਾਤਮਾ ਬੈਠੇ ਨੇ, ਕਹਿਣ ਲੱਗਿਆ, ਤੁਹਾਡੇ 'ਚੋਂ ਮੇਰਾ ਗੁਰੂ ਕਿਹੜਾ ਹੈ? ਉਹ ਕਹਿੰਦੇ, ਤੇਰਾ ਗੁਰੂ ਅਗਾਹਾਂ ਹੈ ਮੰਦਰ ਵਿਚ। ਮੰਦਰ 'ਚ ਗਿਆ ਤਾਂ ਕਹਿਣ ਲੱਗੇ ਕਿ ਉਥੋਂ ਇਕ ਬੀਬੀ ਨਿਕਲੀ, ਉਹਨੇ ਇਹਨੂੰ ਫੜ ਲਿਆ, ਫੜ ਕੇ ਬੜਾ ਹੀ ਕੁੱਟਿਆ, ਕਹਿਣ ਲੱਗੀ, ਜਾਹ, ਜਿਥੋਂ ਆਇਆ ਹੈਂ ਓਹੀ ਅਸਲੀ ਗੁਰੂ ਹੈ। ਮੈਂ ਉਹ ਹਾਂ ਜਿਹਨੂੰ ਤੂੰ ਮੰਨਦਾ ਹੈਂ ਤੇ ਪੈਸੇ ਵਾਸਤੇ ਮੰਨਦੈਂ। ਗੁਰੂ ਮਹਾਰਾਜ ਕੋਲ ਵਾਪਸ ਆ ਗਿਆ, ਸਮਝ ਨਹੀਂ ਆਉਂਦੀ, ਕੁੱਟ ਬਹੁਤ ਪਈ ਹੋਈ ਹੈ। ਹੱਡੀਆਂ ਦੁਖਦੀਆਂ ਨੇ। ਕਹਿਣ ਲੱਗਿਆ, ਮੇਰੀ ਸਮਝ ਵਿਚ ਨਹੀਂ ਪਈ ਗੱਲ। ਮਹਾਰਾਜ ਕਹਿੰਦੇ, ਤੇਰੀ ਸਮਝ ਵਿਚ ਕੀ ਆਉਣੈ ਹੈ, ਤੇਰਾ ਗੁਰੂ ਮਾਇਆ ਹੈ। ਨਾ ਪ੍ਰਮੇਸ਼ਰ ਹੈ, ਕੁਛ ਵੀ ਨਹੀਂ ਹੈ। ਮਾਇਆ ਦੇ ਪਿੱਛੇ ਤੂੰ ਤੁਰਿਆ ਫਿਰਦੈਂ। ਓਵੇਂ ਵੀ ਤੇਰੇ ਉਤੇ ਮਾਇਆ ਪਈ ਹੋਈ ਹੈ। ਤੈਨੂੰ ਬਹੁਤ ਅਭਿਮਾਨ ਹੈ ਕਿ ਮੈਂ ਪੜ੍ਹਿਆ ਹੋਇਆ ਹਾਂ, ਕੀ ਪੜ੍ਹਾਈ ਹੈ ਇਹ? ਪੜ੍ਹਾਈ ਤਾਂ ਹੈ ਜੇ ਹਿਰਦੇ ਵਿਚ ਪਿਆਰ ਹੋਵੇ। ਪੜ੍ਹਿਆ ਓਹੀ ਹੈ ਜਿਹਦੇ ਹਿਰਦੇ ਵਿਚ ਪ੍ਰਮੇਸ਼ਰ ਦਾ ਪਿਆਰ ਹੈ। ਬਾਕੀ ਕਿਤਾਬਾਂ ਪੜ੍ਹ ਕੇ ਗੁਰੂ ਸਾਹਿਬ ਤਾਂ ਮੰਨਦੇ ਨਹੀਂ, ਬਿਲਕੁਲ ਨਹੀਂ ਮੰਨਦੇ। ਮਹਾਰਾਜ ਕਹਿੰਦੇ, ਝਖਣਾ ਝਾਖ ਕਰ ਰਿਹੈ, ਪੜ੍ਹਿਆ ਨਹੀਂ ਹੈ। ਜਿਹੜਾ ਕਹਿੰਦਾ ਹੈ ਕਿ ਮੈਂ ਪੜ੍ਹਿਆ ਹੋਇਆ ਹਾਂ ਜੇ ਉਸ ਨੇ ਪੰਜੇ ਚੋਰ, ਪੰਜੇ ਠੱਗ, ਪੰਜੇ ਵਿਸ਼ੇ, ਆਪਣੇ ਅਧੀਨ ਨਹੀਂ ਕੀਤੇ, ਤਾਂ ਉਹ ਪੜ੍ਹਿਆ ਹੋਇਆ ਨਹੀਂ। ਉਹ ਮੂਰਖ ਹੈ -

*ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥*
*ਅੰਗ - ੧੪੦*

*ਮਨਮੁਖੁ ਬਿਦਿਆ ਬਿਕ੍ਰਦਾ*
*ਬਿਖੁ ਖਟੇ ਬਿਖੁ ਖਾਇ ॥* *ਅੰਗ - ੯੩੮*

ਮਹਾਰਾਜ ਕਹਿੰਦੇ, ਉਹ ਜ਼ਹਿਰ ਖਾਂਦੈ। ਜ਼ਹਿਰ ਹੀ ਖੱਟਦੈ। ਮਾਇਆ ਵਾਸਤੇ ਵਿਦਿਆ ਵੇਚਦਾ ਫਿਰਦੈ। ਕਿਤਾਬਾਂ ਲਿਖ ਲੈਂਦੇ ਨੇ, ਐਨਾ ਮੁਨਾਫਾ, ਕਿਤਾਬ 100 ਸਫੇ ਦੀ ਮੁੱਲ ਲਿਖਿਆ ਹੋਇਐ, 500 ਰੁਪਿਆ। ਮੈਂ ਕਿਹਾ, ਇਹ ਕਿਉਂ ਲਿਖਿਐ? ਸਾਡਾ ਹੀ ਸਿੱਖ ਲਿਖਾਰੀ ਸੀ ਕੋਈ। ਕਹਿੰਦੇ, ਉਹਨੇ ਕਿਹਾ ਕਿ ਮੈਂ ਅਫ਼ਗਾਨਿਸਤਾਨ 'ਚ ਜਾ ਕੇ ਖੋਜ ਕਰਕੇ ਆਇਆ ਹਾਂ, ਤਾਂ ਲਿਖਿਐ। ਮੇਰਾ ਖਰਚਾ ਹੋਇਐ। ਦੂਜੇ ਵੀ ਵੇਚਦੇ ਨੇ, ਕੀਰਤਨ ਕਰਕੇ ਕੀਰਤਨ ਵੇਚਦੇ ਨੇ। ਪਾਠ ਕਰਕੇ, ਪਾਠ ਵੇਚਦੇ ਨੇ। ਸਾਰੇ ਹੀ ਐਸਾ ਹਾਲ ਹੋਇਆ ਪਿਆ ਹੈ, ਮਹਾਰਾਜ ਕਹਿੰਦੇ, ਇਹਨਾਂ ਨੂੰ ਪੜ੍ਹੇ ਹੋਏ ਨਾ ਕਹੋ। ਪੜ੍ਹਿਆ ਕੌਣ ਹੈ? ਕਹਿੰਦੇ–

*ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ*
*ਜਿਸੁ ਰਾਮ ਨਾਮੁ ਗਲਿ ਹਾਰੁ ॥* *ਅੰਗ - ੯੩੮*

ਜਿਹਨੇ ਪ੍ਰਮੇਸ਼ਰ ਨੂੰ ਅੰਦਰ ਦੇਖ ਲਿਆ ਤੇ ਬਾਹਰ ਦੇਖ ਲਿਆ, ਉਹ ਤਾਂ ਹੈਗਾ ਪੜ੍ਹਿਆ ਹੋਇਆ, ਜਿਹਨੂੰ ਇਸ ਗੱਲ ਦੀ ਸੋਝੀ ਨਹੀਂ ਹੈ, ਉਹ ਐਵੇਂ ਕਿਤਾਬਾਂ ਚੁੱਕੀਂ ਫਿਰਦੈ, ਇਸ ਪੜ੍ਹਾਈ ਨੂੰ ਗਿਣਦੇ ਨਹੀਂ। ਪੜ੍ਹੇ ਤੋਂ ਬਗੈਰ ਫੇਰ ਆਦਮੀ 'ਚ ਅਕਲ ਕਿਵੇਂ ਆਏਗੀ। ਫੇਰ ਮਹਾਂਪੁਰਸ਼ਾਂ ਨੂੰ ਦੇਖ ਲਓ, ਕਬੀਰ ਸਾਹਿਬ ਕਿਹੜੀ ਯੂਨੀਵਰਸਿਟੀ 'ਚ ਪੜ੍ਹਨ ਗਏ ਸੀ। ਕਿਤੇ ਨਹੀਂ ਜ਼ਿਕਰ ਆਉਂਦਾ। ਵਿਚਾਰੇ ਗਰੀਬ ਨੂੰ ਕੀਹਨੇ ਪੜ੍ਹਾਉਣਾ ਸੀ। ਭਗਤ ਨਾਮਦੇਵ ਕਿੱਥੇ ਪੜ੍ਹਨ ਗਿਆ, ਭਗਤ ਧੰਨਾ ਕਿੱਥੇ ਪੜ੍ਹਨ ਗਿਆ? ਸ੍ਰੀ ਗੁਰੂ ਨਾਨਕ ਸਾਹਿਬ ਆਪਣੇ ਮਾਸਟਰਾਂ ਨੂੰ ਪੜ੍ਹਾ ਕੇ ਆ ਗਏ। ਫੇਰ ਗੱਲ ਕਿਵੇਂ ਆ ਜਾਂਦੀ ਹੈ? ਸ੍ਰੀ ਗੁਰੂ ਨਾਨਕ ਦੇਵ ਜੀ ਅਰਬ ਵਿਚ ਗਏ ਨੇ ਅਰਬੀ ਬੋਲੇ ਨੇ ਉਥੇ, ਪੰਜਾਬੀ ਤਾਂ ਕੋਈ ਸਮਝਦਾ ਨਹੀਂ ਸੀ। ਜੇ ਈਰਾਨ ਵਿਚ ਗਏ ਨੇ ਉਥੇ ਫਾਰਸੀ ਬੋਲੇ ਨੇ। ਜੇ ਲੰਕਾ 'ਚ ਗਏ ਨੇ ਤਾਂ ਉਥੇ ਤਾਮਿਲ ਬੋਲੇ ਨੇ। ਜੇ ਬੰਗਲਾ ਦੇਸ਼ 'ਚ ਗਏ ਨੇ, ਤਾਂ ਉਥੇ ਬੰਗਲਾ ਬੋਲੇ ਨੇ। ਉਸ ਤੋਂ ਅਗਾਂਹਾਂ ਮਨੀਪੁਰ ਵਲ ਗਏ ਨੇ ਤਾਂ ਉਥੇ ਦੀ ਬੋਲੀ ਬੋਲੇ ਨੇ। ਫੇਰ ਇਹ ਬੋਲੀ ਦਾ ਮਸਲਾ ਕਿਵੇਂ ਹੱਲ ਹੋਵੇ? ਯੋਗ ਦੇ ਅੰਦਰ ਇਕ ਐਸੀ ਕਿਰਿਆ ਹੈ ਜਿਹਨੂੰ ਸਰਬ ਵਿਦਿਆ ਯੋਗ ਕਹਿੰਦੇ ਨੇ, ਉਹ ਮਹਾਤਮਾ ਮਿਹਨਤ ਕਰਕੇ ਉਸ ਵਿਦਿਆ ਨੂੰ ਸਿੱਧ ਕਰ ਲੈਂਦੇ ਨੇ। ਗੁਰੂ ਘਰ ਦੇ ਅੰਦਰ ਨਾਮ ਜਿਹੜਾ ਹੈ ਉਹਦੇ ਨਾਲ ਸਹਿਜ ਸੁਭਾਅ ਹੀ ਵਿਦਿਆ ਆਪਣੇ ਆਪ ਹੀ ਆ ਜਾਂਦੀ ਹੈ। ਉਹ ਦੁਨੀਆਂ ਦੀ ਕੋਈ ਵੀ ਬੋਲੀ ਬੋਲ ਸਕਦੈ। ਕੋਈ ਵੀ ਬੋਲੀ ਦੁਨੀਆਂ ਦੀ ਸਮਝ ਸਕਦੈ। ਆਪਣੇ ਡਾ. ਵੇਦ ਭਾਰਤੀ ਜੀ ਆਏ ਸੀ। ਕਹਿਣ ਲੱਗੇ, ਮੈਂ ਹਾਲੈਂਡ ਵਿਚ ਡਾਕਟਰੇਟ ਕਰੀ ਤੇ ਮੈਂ ਡੱਚ ਭਾਸ਼ਾ ਪੜ੍ਹੀ ਹੀ ਨਹੀਂ ਸੀ। ਨਾ ਕੋਈ ਮਤਲਬ ਆਉਂਦਾ ਸੀ ਕਿ ਕਿਹੜੀ ਚੀਜ਼ ਨੂੰ ਕੀ ਕਹਿੰਦੇ ਨੇ। ਜਦੋਂ ਮੈਂ ਉਥੇ ਗਿਆ ਕਹਿਣ ਲੱਗੇ, ਤੈਨੂੰ ਤਾਂ ਏ.ਬੀ.ਸੀ ਨਹੀਂ ਆਉਂਦੀ ਡੱਚ ਭਾਸ਼ਾ ਦੀ, ਹਾਲੈਂਡ ਦੀ। ਪੀਐਚ.ਡੀ ਕਿਵੇਂ ਕਰ ਲਏਂਗਾ? ਕਹਿਣ ਲੱਗੇ, ਸਾਨੂੰ ਯੋਗੀਆਂ ਨੂੰ ਭਾਸ਼ਾ ਦੀ ਕੋਈ ਮੁਸ਼ਕਲ ਨਹੀਂ ਹੁੰਦੀ। ਸੱਤ ਦਿਨ ਦੇ ਅੰਦਰ ਮੈਂ ਸਾਰੀ ਬੋਲੀ ਸਿੱਖ ਲਵਾਂਗਾ। ਕਹਿਣ ਲੱਗੇ, ਮੈਂ ਸੱਤ ਦਿਨ ਯੋਗ ਦੀ ਮਦਦ ਦੇ ਨਾਲ ਬੋਲੀ ਸਿੱਖ ਲਈ ਤੇ ਜਦੋਂ ਮੈਂ ਸੱਤਾਂ ਦਿਨਾਂ ਬਾਅਦ ਗਿਆ, ਤਾਂ ਉਹ ਕਹਿੰਦੇ, ਤੂੰ ਤਾਂ ਸਾਡੇ ਤੋਂ ਵੀ ਜ਼ਿਆਦਾ ਵਧੀਆ ਬੋਲ ਸਕਦੈਂ। ਸੋ ਉਹ ਬੋਲੀ ਹੋਇਆ ਕਰਦੀ ਹੈ। ਪੜ੍ਹਾਈ ਅੰਦਰ ਹੈ ਮਹਾਂਪੁਰਸ਼ਾਂ ਦੇ। ਗਿਆਨ ਅੰਦਰ ਹੈ ਉਹਨਾਂ ਦੇ। ਸੋ ਮਹਾਰਾਜ ਨੇ ਕਿਹਾ ਹੈ - ***'ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥'*** ਕਹਿੰਦੇ ਤੂੰ ਤਾਂ ਮੂਰਖ ਹੈਂ ਬ੍ਰਹਮ ਦੱਤ। ਜਦੋਂ ਗੁਰੂ ਮਹਾਰਾਜ ਦੇ ਉਪਦੇਸ਼ ਸੁਣੇ। ਕਾਇਲ ਹੋ ਗਿਆ ਤੇ ਸਿੱਖ ਬਣ ਗਿਆ। ਮਹਾਰਾਜ ਕਹਿੰਦੇ, ਆਹ ਕਿਤਾਬਾਂ ਸੁੱਟ ਆ ਪਹਿਲਾਂ, ਇਹ ਕਿਸੇ ਕੰਮ ਦੀਆਂ ਨਹੀਂ। ਦ੍ਵੈਤ ਸਿਖਾਲਦੀਆਂ ਨੇ। ਪੁਸਤਕਾਂ ਦੋ ਕਿਸਮ ਦੀਆਂ ਹੁੰਦੀਆਂ ਨੇ, ਇਕ ਉਹ ਹੁੰਦੀਆਂ ਨੇ ਜਿਹੜੀਆਂ ਪ੍ਰਮੇਸ਼ਰ ਨਾਲ ਜੋੜਦੀਆਂ ਨੇ, ਇਕ ਉਹ ਹੁੰਦੀਆਂ ਨੇ ਜਿਹੜੀਆਂ ਤਰਕ ਪੈਦਾ ਕਰਦੀਆਂ ਨੇ। ਨਫਰਤ ਪੈਦਾ ਕਰਦੀਆਂ ਨੇ। ਪਿਆਰ ਤੋਂ ਲਾਂਭੇ ਲੈ ਜਾਂਦੀਆਂ ਨੇ। ਮਹਾਰਾਜ ਕਹਿੰਦੇ, ਉਹ ਪੜ੍ਹਿਆ ਹੋਇਆ ਤਾਂ ਮੁਰਦਾ ਹੋਇਐ ਕਰਦੈ। ਜਿਹਦੇ ਹਿਰਦੇ ਦੇ ਅੰਦਰ ਪਿਆਰ ਜਾਗੇ, ਸਾਰੀ ਮਨੁੱਖਤਾ ਨੂੰ ਇਕ ਜਾਣ ਕੇ ਸਾਰਿਆਂ ਦਾ ਭਲਾ ਲੋਚਦਾ ਸੱਚੇ ਦਿਲੋਂ ਕਹੇ, 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।' ਕਹਿੰਦੇ, ਉਹ ਪੜ੍ਹਿਆ ਹੋਇਆ ਹੈ। ਜਿਹੜਾ ਦੂਸਰਾ ਪੜ੍ਹਿਆ ਹੋਇਆ ਹੈ। ਉਹਨੂੰ ਮਹਾਰਾਜ ਕਹਿੰਦੇ, ਪੜ੍ਹਿਆ ਹੋਇਆ ਨਾ ਕਹੋ। ਉਹਦੇ ਵਿਚ ਤਾਂ ਅਜੇ ਜੀਵਨ ਹੀ ਨਹੀਂ ਆਇਆ ਹੈ। ਜੀਵਨ ਤੋਂ ਵੀ ਖਾਲੀ ਹੈ।

*ਧਾਰਨਾ - ਮਿਰਤਕ ਕਹੀਐ ਨਾਨਕਾ,*

*ਜਿਹ ਪ੍ਰੀਤ ਨਹੀਂ ਭਗਵੰਤ।*
*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥*
*ਅੰਗ – ੨੫੩*

ਇਕ ਬੰਦੇ ਵਿਚ ਪੰਜ ਖਾਸੀਅਤਾਂ ਹੋਣ, ਕੁਲੀਨ, ਚਤੁਰ, ਮੁਖਿ ਙਿਆਨੀ, ਮੂੰਹ ਦਾ ਗਿਆਨੀ ਹੋਵੇ, ਕਿਤਾਬਾਂ ਲਿਖ ਸਕਦਾ ਹੋਵੇ, ਉਪਦੇਸ਼ ਕਰ ਸਕਦਾ ਹੋਵੇ, ਲੇਕਿਨ ਬ੍ਰਹਮ ਦਾ ਗਿਆਨੀ ਨਾ ਹੋਵੇ, ਗੱਲਾਂਬਾਤਾਂ ਦਾ ਚੁੰਚ ਗਿਆਨੀ ਹੋਵੇ। ਆਪਣੇ ਅੰਦਰ ਸ਼ਾਂਤੀ ਨਹੀਂ, ਦੂਸਰਿਆਂ ਨੂੰ ਸ਼ਾਂਤੀ ਦੀਆਂ ਜੁਗਤਾਂ ਦਸਦਾ ਫਿਰਦੈ। ਕਹਿੰਦੇ, ਐਸਾ ਜੋ ਪੁਰਸ਼ ਹੋਇਆ ਕਰਦੈ, ਚਾਹੇ ਕਿੰਨੀਆਂ ਹੀ ਕਿਤਾਬਾਂ ਪੜ੍ਹ ਲਏ, ਲਾਇਬ੍ਰੇਰੀਆਂ ਪੜ੍ਹ ਲਏ, ***'ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥'*** ਜੇ ਪਿਆਰ ਦੀ ਰੌ ਉਹਦੇ ਅੰਦਰ ਨਹੀਂ ਰੁਮਕਦੀ। ਉਹ ਮਰਿਆ ਹੋਇਆ ਹੈ। ਉਹ ਰੋਟੀ ਪਾਣੀ ਨਾਲ ਜੀਉਣ ਵਾਲੀ ਸੁਰਤ ਹੈ, ਉਹਦੇ 'ਚ ਰੂਹਾਨੀ ਸੁਰਤ ਨਹੀਂ ਹੈ ਕਿਉਂਕਿ ਆਤਮਕ ਸੁਰਤ ਦੀ ਉਹਨੂੰ ਸੋਝੀ ਨਹੀਂ ਹੈ। ਸੁਣੀਆਂ ਸੁਣਾਈਆਂ, ਕਿਤਾਬਾਂ 'ਚ ਲਿਖੀਆਂ ਹੋਈਆਂ ਗੱਲਾਂ, ਨਕਲ (reproduce) ਕਰ-ਕਰ ਕੇ ਕਿਤਾਬਾਂ ਬਣਾਈ ਜਾਂਦੈ। ਉਹਦਾ ਜੀਵਨ ਉਥੇ ਦਾ ਉਥੇ ਹੈ। ਡਿਗਰੀਆਂ ਦਿੰਦਾ ਹੈ ਸੰਸਾਰ, ਬੜੀ ਮਾਨਤਾ ਕਰਦਾ ਹੈ। ਇਹ ਤਾਂ ਜੀ ਫਲਾਣਾ ਹੈ, ਪੀਐਚ.ਡੀ ਹੈ, ਉਸ ਤੋਂ ਵੀ ਅਗਾਂਹਾਂ ਕੁਛ ਹੋਰ ਹੈ। ਡੀ.ਲਿਟ ਹੈ। ਮਹਾਰਾਜ ਤਾਂ ਨਹੀਂ ਮੰਨਦੇ, ਮਹਾਰਾਜ ਕਹਿੰਦੇ ਉਹ ਤਾਂ ਮੂਰਖ ਹੈ ਜੇ ਉਹਨੇ ਕਾਮ ਨੂੰ ਵਸ ਨਹੀਂ ਕੀਤਾ, ਕ੍ਰੋਧ ਨੂੰ ਨਹੀਂ ਕੀਤਾ, ਲੋਭ ਨੂੰ ਨਹੀਂ ਕੀਤਾ, ਮੋਹ, ਅਭਿਮਾਨ ਨੂੰ ਨਹੀਂ ਵਸ ਵਿਚ ਕੀਤਾ। ਸ਼ਬਦ, ਸਪਰਸ਼, ਰੂਪ, ਰਸ, ਗੰਧ ਦੇ ਜਾਲ 'ਚੋਂ ਨਹੀਂ ਨਿਕਲਿਆ। ਰਾਜ, ਮਾਲ, ਰੂਪ, ਜਾਤ, ਜੋਬਨ ਪੰਜ ਠੱਗਾਂ 'ਚੋਂ ਨਹੀਂ ਬਚ ਸਕਿਆ। ਕਹਿੰਦੇ, ਉਹਦੀ ਪੜ੍ਹਾਈ ਕਿਸ ਕੰਮ। ਉਹ ਪੜ੍ਹਿਆ ਹੋਇਆ ਨਹੀਂ ਹੈ।

ਇਥੇ ਸਾਡੇ ਇਕ ਬੀਬੀ ਆਈ। ਸਿੱਧੀ ਜਿਹੀ ਗੱਲ ਉਸ ਨੇ ਕਰੀ। ਬੜਾ ਮਾਇਆਨਾ ਉਸ ਦਾ ਮੇਰੇ ਮਨ ਵਿਚ ਸਮਝ ਆਇਆ। ਕਹਿੰਦੀ, ਮੇਰਾ ਪੁੱਤਰ ਮੈਨੂੰ ਮਾਰਦਾ ਹੈ, ਪੰਦਰਾਂ ਜਮਾਤਾਂ ਪੜ੍ਹਿਆ ਹੋਇਆ ਹੈ। ਕਹਿੰਦੀ, ਮੈਂ ਇਕ ਦਿਨ ਉਸ ਨੂੰ ਕਿਹਾ ਕਿ ਪੁੱਤ! ਤੇਰੀਆਂ ਐਨੀਆਂ ਕਿਤਾਬਾਂ ਪਈਆਂ ਨੇ, ਦੇਖ ਢੇਰ ਕਿੱਡਾ ਉੱਚਾ ਹੈ। ਇਹਦੇ 'ਚ ਕੋਈ ਦੋ ਅੱਖਰ ਮਾਂ ਦੇ ਵੀ ਆਏ ਨੇ? ਕਿਤੇ ਆਇਆ ਹੋਣੈ ਮਾਂ ਦਾ ਜ਼ਿਕਰ? ਮਾਂ ਦਾ ਕਿੱਥੇ ਆਉਂਦੈ। ਮੈਂ ਕਿਹਾ ਕਿ ਇਹ ਗੱਲ ਬਹੁਤ ਵੱਡੀ ਕਹਿ ਦਿਤੀ। ਇਕ ਅੱਖਰ ਇਹ ਜਾਣਦੀ ਨਹੀਂ ਹੈ। ਇਹਦਾ ਮਤਲਬ ਇਹ ਹੈ ਕਿ ਸ੍ਰਿਸ਼ਟਾਚਾਰ ਦਾ ਅੱਖਰ ਵੀ ਤੈਨੂੰ ਕੋਈ ਆਇਆ ਕਿ ਮਾਂ-ਬਾਪ ਨਾਲ ਕਿਵੇਂ ਵਰਤਣਾ ਹੈ। ਭਾਈ ਭਰਾਵਾਂ ਨਾਲ ਕਿਵੇਂ ਵਰਤਣਾ ਹੈ। ਸਮਾਜ ਨਾਲ ਕਿਵੇਂ ਵਰਤਣੈ? ਤਰਕਾਂ ਆਈਆਂ ਨੇ। ਤਰਕ ਵਿਦਿਆ ਜਾਗ ਪਈ, ਦਿਮਾਗ ਤਿੱਖਾ ਕਰ ਲਿਆ, ਪਹਿਲਾਂ ਖੁੰਢਾ ਸੀ। ਇਹ ਤਿੱਖਾ ਕਰ ਲਿਆ ਦੂਸਰਿਆਂ ਦੀਆਂ ਜੜ੍ਹਾਂ ਕੱਟਣ ਵਾਸਤੇ? ਮਹਾਰਾਜ ਕਹਿੰਦੇ, ਇਹ ਪੜ੍ਹਿਆ ਹੋਇਆ ਨਹੀਂ ਹੁੰਦਾ। ਬੜਾ ਰੌਲਾ ਹੈ ਸਾਡੇ ਅੱਜਕੱਲ੍ਹ, ਬੁੱਧੀਜੀਵੀ-ਬੁੱਧੀਜੀਵੀ ਕਰੀ ਜਾਂਦੇ ਨੇ। ਮੈਨੂੰ ਤਾਂ ਇਹਦਾ ਅਰਥ ਹੀ ਨਹੀਂ ਸਮਝ ਆਇਆ ਕਿ ਬੁੱਧੀਜੀਵੀ ਕੀ ਹੁੰਦੈ? ਬੁੱਧੀ ਵਾਲਾ ਜੀਵ, ਮਹਾਰਾਜ ਕਹਿੰਦੇ, ਐਸੀਆਂ ਬੁੱਧੀਆਂ ਨੂੰ ਜਾਲ ਦੇ ਜਿਹਨੂੰ ਪ੍ਰਮੇਸ਼ਰ ਦਾ ਨਹੀਂ ਪਤਾ ਲੱਗਿਆ। ਉਹ ਜੀਵ ਭਾਵ 'ਚ ਹੀ ਰਹਿ ਗਿਆ, ਆਤਮਾ ਨਹੀਂ ਬਣ ਸਕਿਆ ਤੇ ਫੇਰ ਗੱਲਬਾਤ, ਬੁੱਧੀ ਵਾਲੀ ਤਾਂ ਬਾਤ ਹੀ ਨਹੀਂ, ਕੁਬੁੱਧੀ ਵਾਲੀ ਹੈ, ਕੁਬੁੱਧੀਜੀਵੀ ਕਹੋ, ਫੇਰ ਤਾਂ ਠੀਕ ਅਰਥ ਹੋ ਜਾਂਦੇ ਨੇ। ਉਹ ਸਾਡੇ ਮੂਹਰੇ ਆ ਗਏ। ਕਿਤਾਬਾਂ ਲਿਖਣ ਲਗ ਗਏ। ਕਿਤਾਬ ਲਿਖਣੀ ਕੋਈ ਵੀ ਔਖੀ ਨਹੀਂ, 50 ਕਿਤਾਬਾਂ ਰੱਖ ਲਓ ਇਕੋ ਸਬਜੈਕਟ 'ਤੇ, ਉਹਦੇ 'ਚ ਲਿਖੀ ਜਾਓ, ਫਲਾਣੇ ਪੰਨੇ 'ਤੇ ਇਸ ਤਰ੍ਹਾਂ ਲਿਖਿਆ ਹੈ ਫਲਾਣੇ ਨੇ, ਫਲਾਣੇ ਨੇ ਇਸ ਤਰ੍ਹਾਂ ਲਿਖਿਐ, ਉਹ ਜੋੜ ਕੇ ਇਕ ਸਬਜੈਕਟ ਬਣ ਜਾਂਦੈ, ਵਿਚ ਕੋਈ ਵੀ ਗੱਲ ਨਹੀਂ। ਉਹ ਕਿਤਾਬਾਂ ਚੁੱਕ ਲਓ ਪਾਸੇ, ਉਹਨੂੰ ਕਹੋ ਹੁਣ ਬੋਲ ਕੇ ਦਿਖਾ, ਫੇਰ ਨਹੀਂ ਬੋਲ ਸਕਦਾ। ਕਿਉਂਕਿ ਮੰਗਿਆ ਹੋਇਆ ਗਿਆਨ ਹੈ, ਅੰਦਰੋਂ ਅਨੁਭਵ ਦਾ ਗਿਆਨ ਨਹੀਂ ਪੈਦਾ ਹੋਇਆ। ਕਿਉਂਕਿ ਅਭਿਆਸ ਨਹੀਂ ਕਰਿਆ। ਉਹ ਸਾਡੇ ਬਣੇ ਹੋਏ ਨੇ ਏਸ ਵੇਲੇ ਸਾਨੂੰ ਰਾਹ ਦਿਖਾਉਣ ਵਾਲੇ। ਜਿਹੜੇ ਮਹਾਤਮਾ ਨੇ ਜਿਨ੍ਹਾਂ ਦੇ ਅੰਦਰ ਅਨੁਭਵ ਜਾਗਦਾ ਹੈ। ਲਾਈਟਾਂ ਹੋਈਆਂ-ਹੋਈਆਂ ਨੇ। ਕਿਸੇ ਨੂੰ ਗਾਈਡ ਕਰਨ ਦਾ ਉਹਨਾਂ ਦਾ ਫਰਜ਼ ਹੋਇਆ ਕਰਦੈ। ਜਿਹੜਾ ਆਪ ਹਨ੍ਹੇਰੇ 'ਚ ਹੈ –

*ਅੰਨ੍ਹਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ।*
*ਭਾਈ ਗੁਰਦਾਸ ਜੀ*

ਦੁਨੀਆਂਦਾਰੀ ਦੀ ਗੱਲ ਉਹ ਕਰੀ ਜਾਣਗੇ, ਰੂਹਾਨੀਅਤ ਦੀ ਉਹ ਨਹੀਂ ਕਰ ਸਕਦੇ।

ਸੋ ਐਸਾ ਉਹ ਬ੍ਰਹਮਦਾਸ ਸੀਗਾ। ਮਹਾਰਾਜ ਕਹਿੰਦੇ, ਤੇਰਾ ਗੁਰੂ ਤਾਂ ਮਾਇਆ ਹੈ, ਉਹਨੇ ਤੇਰੀ ਕੁਟਾਈ ਕਰੀ ਹੈ। ਉਹ ਕਰਦਾ ਹੀ ਕੁਟਾਈ ਹੁੰਦੈ। ਜਦੋਂ ਮਹਾਰਾਜ ਜੀ ਦੇ ਉਸ ਨੇ ਬਚਨ ਸੁਣੇ, ਮਹਾਰਾਜ ਦਾ ਸੇਵਕ ਹੋ ਗਿਆ। ਇਹਦਾ ਪੜਪੋਤਾ ਸੀ, ਇਹ ਕਿਰਪਾ ਰਾਮ। ਉਹਨਾਂ ਨੇ ਕਿਹਾ ਕਿ ਤੈਨੂੰ ਗੁਰੂ ਘਰ ਨਾਲ ਕੁਛ ਸਾਂਝ ਵੀ ਹੈ ਤੇ ਸਾਡਾ ਮੁਖੀਆ ਤੂੰ ਹੋ ਤੇ ਤੂੰ ਹੁਣ ਦਸ ਅਸੀਂ ਕੀ ਕਰੀਏ? ਉਹਨੇ ਸਾਰੇ ਭਾਰਤ ਵਰਸ਼ ਵਿਚੋਂ 16 ਮੁਖੀ ਚੁਣੇ ਤੇ ਸਾਰੇ ਸੂਬਿਆਂ ਤੋਂ ਕੋਟਾ ਬਣਾ ਦਿਤਾ ਕਿ ਐਨੇ-ਐਨੇ ਆਓ ਇਕੱਠੇ ਹੋ ਕੇ ਤੇ 500 ਦਾ ਇਕੱਠ ਹੋ ਗਿਆ। 16 ਮੁਖੀਏ ਨੇ, 500 ਬ੍ਰਾਹਮਣ ਇਕੱਠਾ ਹੋ ਗਿਆ। ਉਸ ਵੇਲੇ ਦੁਖਾਂ ਦੇ ਭਰੇ ਹੋਏ, ਨਿਰਾਸ਼ਾਵਾਦ ਵਿਚ ਡੁੱਬੇ ਹੋਏ ਤੇ ਮੰਝਧਾਰ ਵਿਚ ਫਸੇ ਹੋਏ, ਕੋਈ ਰਸਤਾ ਨਹੀਂ ਲੱਭਦਾ, ਕੁਝ ਨਹੀਂ ਹੈ, ਆਸ ਲੈ ਕੇ ਆਏ-

*ਦੁਖੀਏ ਬਿਪਰ ਚੱਲ ਕੇ ਆਏ ਪੁਰੀ ਆਨੰਦ।*

ਸ੍ਰੀ ਅਨੰਦਪੁਰ ਸਾਹਿਬ ਪਹੁੰਚ ਜਾਂਦੇ ਨੇ-

*ਬਾਂਹ ਅਸਾਡੀ ਪਕਰੀਏ ਗੁਰੂ ਹਰਿਗੋਬਿੰਦ ਕੇ ਚੰਦ।*

ਹੇ ਗੁਰੂ ਤੇਗ ਬਹਾਦਰ ਸਾਹਿਬ! ਤੁਸੀਂ ਮਹਾਨ ਯੋਧਾ ਗੁਰੂ ਹਰਿਗੋਬਿੰਦ ਸਾਹਿਬ ਦੇ ਪੁੱਤਰ ਹੋਂ। ਤੁਸੀਂ ਸਾਡੀ ਵਿਥਿਆ ਸਰਵਣ ਕਰੋ। ਨੇਤਰਾਂ ਦੇ ਵਿਚ ਜਲ ਹੈ, ਦਸ ਨਹੀਂ ਹੁੰਦਾ। ਉਸ ਵੇਲੇ ਬਹੁਤ ਹੀ ਨਿਮਰਤਾ ਦੇ ਨਾਲ ਇਕ ਬੇਨਤੀ ਕਰਦੇ ਨੇ ਪੜ੍ਹੋ ਪਿਆਰ ਨਾਲ-

*ਧਾਰਨਾ - ਹੋਰ ਸਾਰੀਆਂ ਢੇਰੀਆਂ ਢਾਹ ਕੇ,*
*ਤੇਰੇ ਦਰ ਆਏ ਮਾਲਕਾ।*

*ਸਗਲ ਦੁਆਰ ਕਉ ਛਾਡਿ ਕੈ ਗਹਯੋ ਤੁਹਾਰੋ ਦੁਆਰ॥*
*ਬਾਂਹਿ ਗਹੇ ਕੀ ਲਾਜ ਅਸਿ ਗੋਬਿੰਦ ਦਾਸ ਤੁਹਾਰ॥*

*ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥*
*ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥*
*ਅੰਗ - ੭੯੨*

ਸਾਰੀ ਵਿਥਿਆ ਦੱਸੀ। ਪਾਤਸ਼ਾਹ! ਜੋ ਕੁਛ ਭਾਰਤ ਵਰਸ਼ ਵਿਚ ਵਰਤ ਰਿਹਾ ਹੈ। ਕਿੱਡੀ ਗੌਰਵਤਾ ਸੀ ਪਾਂਡਵਾਂ ਵੇਲੇ, ਕਿਹੋ ਜਿਹੇ ਅਮਨ ਅਮਾਨ ਨਾਲ ਜਨਤਾ ਰਹਿੰਦੀ ਸੀ। ਕਿੰਨਾ ਜਨਤਾ ਦਾ ਜ਼ੋਰ ਸੀ। ਧਰਮ ਕਰਮ ਵਿਚ ਕਿਵੇਂ ਨੇਮ ਨਿਭਦੇ ਸੀ। ਪਾਤਸ਼ਾਹ, ਉਸ ਵੇਲੇ ਇਕ ਦਰੋਪਤੀ ਦੇ ਉਤੇ ਬਿਪਤਾ ਪਈ। ਤੂੰ ਉਸ ਨੂੰ ਰੱਖਣ ਵਾਸਤੇ ਆ ਗਿਆ। ਅੱਜ ਕਿੰਨੀਆਂ ਦਰੋਪਤੀਆਂ ਨੇ ਜਿਨ੍ਹਾਂ ਦੇ ਸਤਿ ਤੋੜੇ ਜਾ ਰਹੇ, ਪੱਤਾਂ ਮਿੱਟੀ 'ਚ ਮਿਲਾਈਆਂ ਜਾ ਰਹੀਆਂ ਨੇ, ਕਿੰਨੇ ਧਰਮ ਪੁਰਸ਼ ਨੇ, ਕਿਸ ਤਰ੍ਹਾਂ ਦੇ ਨਾਲ ਉਹਨਾਂ ਨੂੰ ਬੇਦੀਨ ਕੀਤਾ ਜਾ ਰਿਹਾ ਹੈ। ਹੁਣ ਕੋਈ ਨਹੀਂ ਰੱਖਣ ਵਾਲਾ ਤੇ ਇਕੱਠੇ ਹੋ ਕੇ ਜੋ ਦੇਵਤੇ ਦੀ ਅਰਾਧਨਾ ਕੀਤੀ। ਆਹ ਜਿੰਨੇ ਸਾਰੇ ਮੁਖੀ ਬੈਠੇ ਨੇ, ਉਹ ਇੱਕੋ ਅਵਾਜ਼ ਬੋਲਦੇ ਨੇ ਕਿ ਇਕ ਅਵਾਜ਼ ਆਈ ਕਿ ਤੁਸੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਨੀ ਜਾਓ। ਉਹ ਤੁਹਾਡੀ ਰੱਖਿਆ ਕਰਨਗੇ। ਸੋ ਪਾਤਸ਼ਾਹ ਇਸ ਵੇਲੇ ਭਾਰਤ ਵਰਸ਼ ਵਿਚ ਨਾ ਕੋਈ ਰਾਜਾ, ਨਾ ਕੋਈ ਸਾਧੂ, ਕੋਈ ਐਸਾ ਨਹੀਂ, ਕਿਸੇ ਵਿਚ ਇਹ ਬਲ ਨਹੀਂ, ਜਿਹੜਾ ਸਾਡੀ ਫਰਿਆਦ ਸੁਣ ਕੇ ਸਾਡੀ ਰਾਖੀ ਕਰ ਲਏ। ਕਿਸ਼ਤੀ ਡੁੱਬ ਜਾਏਗੀ, ਹਿੰਦੂ ਧਰਮ ਖਤਮ ਹੋ ਜਾਏਗਾ, ਮੰਦਰ ਦਿਸਣ ਤੋਂ ਹਟ ਜਾਣਗੇ ਤੇ ਮਸਜਿਦਾਂ ਹੀ ਮਸਜਿਦਾਂ ਨਜ਼ਰ ਆਉਣਗੀਆਂ। ਕ੍ਰਿਪਾ ਕਰੋ -

*ਕੇਵਲ ਇਕੋ ਆਪ ਹੋ-ਕੇਵਲ ਇਕੋ ਆਪ ਹੋ।*
*ਮੇਟੇ ਹਿੰਦੂ ਧਰਮ 'ਤੇ ਬਣਿਆ ਜੋ ਸੰਤਾਪ।*

ਹੋਰ ਕੋਈ ਨਹੀਂ ਜੋ ਹਿੰਦੂ ਧਰਮ ਨੂੰ ਬਚਾ ਲਵੇ ਏਸ ਵੇਲੇ। ਬਾਰ-ਬਾਰ ਇਸ ਤਰ੍ਹਾਂ ਨਾਲ ਬੇਨਤੀ ਕਰਦੇ ਨੇ -

*ਧਾਰਨਾ - ਜਿਵੇਂ ਰੱਖੀ ਸੀ ਦਰੋਪਤੀ ਦੀ ਆ ਕੇ,*
*ਏਵੇਂ ਹੁਣ ਹਿੰਦ ਰੱਖ ਲਓ।*

ਬੇਨਤੀਆਂ ਕਰਦੇ ਨੇ -

*ਜਿਦਾਂ ਲਾਜ ਦਰੋਪਤੀ ਵਿਚ ਭਰੇ ਦਰਬਾਰ।*
*ਦੇ ਕੇ ਆਪਣਾ ਹੱਥ ਸੀ ਰੱਖੀ ਕ੍ਰਿਸ਼ਨ ਮੁਰਾਰ।*
*ਓਵੇਂ ਰੱਖੋ ਲਾਜ ਹੁਣ ਸਤਿਗੁਰ ਕ੍ਰਿਪਾ ਧਾਰ।*
*ਬਣਿਆ ਭਾਰਤ ਵਰਸ਼ ਅੱਜ ਦੁਰਯੋਧਨ ਦਰਬਾਰ।*

ਰੱਖਣ ਵਾਲਾ ਨਹੀਂ ਕੋਈ ਹੈ -

*ਏਕ ਆਸਰਾ ਆਪ ਗੁਸਾਈਂ ਫੜੋ ਬਾਂਹ ਡੂਬਤ ਸਭ ਜਾਈਂ।*

ਜੇ ਹੁਣ ਤੁਸੀਂ ਬਾਂਹ ਨਾ ਫੜੀ ਸਭ ਡੁੱਬ ਜਾਣਗੇ। ਮਹਾਰਾਜ ਕਹਿਣ ਲੱਗੇ, ਪਿਆਰਿਓ! -

*ਸੱਚਾ ਸਾਹਿਬ ਆਪ ਹੀ ਕਰਕੇ ਕੋਈ ਉਪਾਅ।*
*ਡੁੱਬਦਾ ਬੇੜਾ ਧਰਮ ਦਾ ਦੇਸੀ ਬੰਨੇ ਲਾ।*

ਕੋਈ ਗੱਲ ਨਹੀਂ ਹੈ। ਅਕਾਲ ਪੁਰਖ ਸਾਰਿਆਂ ਦਾ ਮਾਲਕ ਹੈ। ਉਹ ਜ਼ਰੂਰ ਬੇੜਾ ਬੰਨੇ ਲਾਏਗਾ।

*ਰਾਖਹੁ ਅਬ ਹਿੰਦ ਕੀ ਟੇਕ ਨਹੀ*
*ਤਾਂ ਜਗ ਮਹਿ ਰਹੇ ਨ ਏਕ।*

ਉਸ ਵੇਲੇ ਗੁਰੂ ਮਹਾਰਾਜ ਨੇ ਵਾਰਤਾ ਸੁਣੀ। ਕਹਿਣ ਲੱਗੇ, ਦੇਖੋ, ਗੁਰੂ ਘਰ ਜੋ ਹੈ ਉਹ ਕਿਸੇ ਨੂੰ ਬੁਰਾ ਨਹੀਂ ਆਖਦਾ। ਜੇ ਬੁਰਾ ਕਹਿਣਾ ਹੈ ਤਾਂ ਗੁਰੂ ਘਰ ਦੇ ਵਿਚ ਆਪਣੇ ਆਪ ਨੂੰ ਕਿਹਾ ਜਾਂਦਾ ਹੈ -

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥*
*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥*
*ਅੰਗ - ੧੩੬੪*

ਕਈ ਪ੍ਰੇਮੀ ਕਹਿਣਗੇ ਕਿ ਦੁਸ਼ਟ ਨੂੰ ਤਾਂ ਦੁਸ਼ਟ ਕਹਿਣਾ ਹੀ ਚਾਹੀਦਾ ਹੈ। ਉਹਦੇ ਨਾਲ ਨਫ਼ਰਤ ਵੀ ਚਾਹੀਦੀ ਹੈ। ਉਹਦਾ ਬਾਈਕਾਟ ਵੀ ਕਰਨਾ ਚਾਹੀਦਾ ਹੈ। ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਵਾਲੇ ਹਾਂ। ਸ਼ਬਦ ਗੁਰੂ ਦੇ ਸਿੱਖ ਹਾਂ। ਇਹਦੀ ਜੋ ਲਾਈਟ ਹੈ ਉਸ ਤੋਂ ਬਾਹਰ ਨਹੀਂ ਅਸੀਂ ਦੇਖ ਸਕਦੇ। ਹਨ੍ਹੇਰੇ ਵਿਚ ਨਹੀਂ ਜਾ ਸਕਦੇ ਕਿਉਂਕਿ ਜਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗਿਆਨ ਆਪਣੇ ਹਿਰਦੇ ਵਿਚ ਪ੍ਰਕਾਸ਼ਿਤ ਕਰ ਲਿਆ, ਮਹਾਰਾਜ ਕਹਿੰਦੇ-

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ ॥* *ਅੰਗ - ੬੧੦*

ਜਿਹਨੇ ਪਛਾਣ ਲਿਆ ਕਿ ਇਥੇ ਵਾਹਿਗੁਰੂ ਤੋਂ ਬਗੈਰ ਹੋਰ ਕੋਈ ਨਹੀਂ ਹੈ, ਉਹਦੀ ਨਿਗ੍ਹਾ ਦੇ ਵਿਚ ਕੋਈ ਭੁੱਲਿਆ ਹੋਇਆ ਨਹੀਂ ਹੁੰਦਾ। ਭੁੱਲਿਆ ਹੋਇਆ ਆਪਣੇ ਆਪ ਨੂੰ ਹੀ ਕਹਿੰਦਾ ਹੈ, ਹੋਰ ਤਾਂ ਕਿਸੇ ਨੂੰ ਨਹੀਂ ਕਹਿੰਦਾ। ਮਹਾਰਾਜ ਕਹਿੰਦੇ, ਦੇਖੋ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੱਤ ਹੈ ਉਹ ਸੱਚ ਦੇ ਪ੍ਰਕਾਸ਼ ਦਾ ਮੱਤ ਹੈ, ਸੱਚ ਦੀ ਜੋ ਰੂਪ ਰੇਖਾ ਹੈ ਉਸ ਨੂੰ ਅਸੀਂ ਮੰਨਦੇ ਹਾਂ, ਕਿਸੇ ਰੂਪ ਨੂੰ, ਕਿਸੇ ਪਹਿਰਾਵੇ ਨੂੰ, ਕਿਸੇ ਭੇਖ ਨੂੰ, ਨਾ ਵਿਸ਼ਵਾਸ਼ ਸਾਡਾ ਜਨੇਊ ਦੇ ਉਤੇ ਹੈ, ਨਾ ਤਿਲਕ ਦੇ ਉਤੇ ਹੈ, ਨਾ ਗਊ ਦੇ ਉਤੇ ਹੈ, ਅਕਾਲ ਪੁਰਖ ਦੇ ਅਸੀਂ ਪੁਜਾਰੀ ਹਾਂ। Ritual (ਰਸਮ, ਰਿਵਾਜ) ਜਿਹੜੇ ਨੇ ਇਹ ਆਦਮੀ ਦੇ ਰਸਤੇ ਦੇ ਵਿਚ ਵੱਡੀ ਭਾਰੀ ਰੁਕਾਵਟ ਨੇ। ਨਾ ਅਸੀਂ ਸੁੰਨਤ ਨੂੰ ਮੰਨਦੇ ਹਾਂ। ਨਾ ਅਸੀਂ ਦੂਜੀਆਂ ਚੀਜ਼ਾਂ ਨੂੰ ਮੰਨਦੇ ਹਾਂ। ਸਾਡੀ ਨਿਗ੍ਹਾ ਦੇ ਵਿਚ ਇਨਸਾਨ ਸਾਰੇ ਹੀ ਚੰਗੇ ਨੇ। ਜਿਹੜੇ ਪ੍ਰਮੇਸ਼ਰ ਤੋਂ ਭੁੱਲੇ ਹੋਏ ਨੇ ਉਹ ਮਨਮੁਖ ਨੇ। ਬੇਮੁਖ ਨੇ। ਇਕ ਗੁਰਮੁਖ ਨੇ, ਸਨਮੁਖ ਨੇ। ਦੋਵੇਂ ਤਰ੍ਹਾਂ ਦੇ ਹਾਲਾਤ ਨੇ। ਸਾਡੇ ਵਾਸਤੇ ਨਾ ਕੋਈ ਹਿੰਦੂ ਹੈ ਨਾ ਕੋਈ ਮੁਸਲਮਾਨ ਹੈ -

*ਨਾ ਹਮ ਹਿੰਦੂ ਨ ਮੁਸਲਮਾਨ ॥*
*ਅਲਹ ਰਾਮ ਕੇ ਪਿੰਡੁ ਪਰਾਨ ॥* *ਅੰਗ- ੧੧੩੬*

ਅਸੀਂ ਸਾਰਿਆਂ ਨੂੰ ਚਾਹੁੰਦੇ ਹਾਂ ਕਿ ਤੁਸੀਂ ਸਾਰੇ ਆਪਣੇ ਸਤਿ ਦੇ ਮਾਰਗ 'ਤੇ ਚੱਲੋ। ਮੁਸਲਮਾਨ ਨਮਾਜ਼ ਪੜ੍ਹੇ, ਪੂਰੀ ਸ਼ਰਧਾ ਦੇ ਨਾਲ, ਪੂਰੇ ਅਰਥ ਸਮਝ ਕੇ -

*ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥*
*ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥*
*ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥*
*ਅੰਗ - ੧੪੧*

ਜੇ ਤਾਂ ਇਸ ਤਰ੍ਹਾਂ ਕਰਦਾ ਹੈ ਉਹ ਤਾਂ, ਤਾਂ ਮੁਸਲਮਾਨ ਹੈ। ਮੁਸਲਮਾਨ ਮੋਮ ਦਿਲ ਹੋਵੇ, ਜੇ ਉਹਦੇ ਅੰਦਰੋਂ ਦ੍ਵੈਤ ਚਲੀ ਗਈ, ਸਾਰਿਆਂ ਦੇ ਅੰਦਰ ਪ੍ਰਮੇਸ਼ਰ ਦੀ ਜੋਤ ਦੇਖਦਾ ਹੈ ਤਾਂ ਉਹ ਸੱਚਾ ਮੁਸਲਮਾਨ ਹੈ। ਜੇ ਉਹਦੀ ਦ੍ਰਿਸ਼ਟੀ ਦੇ ਵਿਚ ਸਾਰੇ ਪ੍ਰਮੇਸ਼ਰ ਹੈ-

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥*
*ਅੰਗ - ੧੩੪੯*

ਤਾਂ ਪਿਆਰਿਓ ਉਹ ਸੱਚਾ ਮੁਸਲਮਾਨ ਹੈ, ਉਸ ਨੂੰ ਅਸੀਂ ਨਮਸਕਾਰ ਕਰਦੇ ਹਾਂ। ਉਹਦਾ ਆਦਰ ਕਰਦੇ ਹਾਂ। ਜਿਹੜਾ ਹਿੰਦੂ ਹੈ ਇਹ ਆਪਣੇ ਅਸੂਲ ਦੇ ਉਤੇ ਚੱਲੇ। ਪ੍ਰਮੇਸ਼ਰ ਨੂੰ ਹਾਜ਼ਰ ਨਾਜ਼ਰ ਜਾਣੇ। ਰਸਮਾਂ ਵਿਚ ਨਾ ਫਸੋ, ਤੁਸੀਂ ਰਿਵਾਜਾਂ (ritual) ਵਿਚ ਫਸੇ ਹੋਏ ਹੋਂ। ਪਰ ਐਸ ਵੇਲੇ ਜੋ ਖਤਰਾ ਹੈ ਉਹ ਜੰਞੂ ਤੇ ਤਿਲਕ ਨੂੰ ਪੈ ਗਿਆ। ਯਾਨਿ ਹਿੰਦੂ ਧਰਮ ਨੂੰ ਪੈ ਗਿਆ। ਭਾਵੇਂ ਸਾਡਾ ਵਿਸ਼ਵਾਸ਼ ਨਹੀਂ ਇਹਦੇ ਵਿਚ, ਪਰ ਹੈ ਤਾਂ ਇਹ ਜ਼ੁਲਮ, ਧੱਕਾ ਕਰ ਰਿਹੈ ਰਾਜਾ। ਪਰਜਾ ਵਿਚ ਚੰਗੇ ਵੀ ਹੁੰਦੇ ਨੇ, ਮਾੜੇ ਵੀ ਹੁੰਦੇ ਨੇ, ਅਸੀਂ ਕਿਸੇ ਧਰਮ ਨੂੰ ਬੁਰਾ ਨਹੀਂ ਆਖਦੇ। ਰਾਜਾ ਜਿਹੜਾ ਹੈ ਇਹ ਮਦ ਦੇ ਵਿਚ ਹੁੰਦੈ, ਇਹਨੂੰ ਨਸ਼ਾ ਚੜ੍ਹਿਆ ਹੁੰਦੈ ਰਾਜ ਦਾ -

*ਰਾਜ ਮਾਲ ਰੂਪ ਜਾਤ ਜੋਬਨ ਪੰਜੇ ਠਗ।*

ਹੰਕਾਰ ਹੁੰਦੈ ਇਹਦੇ ਅੰਦਰ। ਹੰਕਾਰ ਦੇ ਵਸ ਹੋਇਆ, ਅੰਨ੍ਹਾ ਹੋਇਆ, ਰਾਜਨੀਤਿਕ ਚਾਲਾਂ ਦੇ ਵਿਚ ਦੇਖਦਾ ਨਹੀਂ ਕਿ ਮੈਂ ਪੁੰਨ ਕਰ ਰਿਹਾ ਕਿ ਪਾਪ ਕਰ ਰਿਹਾ, ਨਾ ਉਹਨੂੰ ਪੁੰਨ ਪਾਪ ਦੇ ਵਿਚ ਵਿਸ਼ਵਾਸ਼ ਹੁੰਦੈ। ਉਹਨੂੰ ਵਿਸ਼ਵਾਸ਼ ਹੁੰਦੈ, ਮੇਰਾ ਰਾਜ ਕਾਇਮ ਰਹੇ, ਚਾਹੇ ਆਪਣੇ ਭਰਾ ਮਾਰਨੇ ਪੈਣ। ਹੁਣ ਇਹੀ ਔਰੰਗਜ਼ੇਬ, ਇਸ ਨੇ ਕੀ ਕਰਿਆ ਰਾਜ ਲੈਣ ਵਾਸਤੇ। ਜਿਸ ਪਿਤਾ ਨੇ ਇਹਦੀ ਪਾਲਣਾ ਕਰੀ। ਉਸਨੂੰ ਐਨਾ ਤੰਗ ਕਰ ਦਿਤਾ, ਫੜ ਕੇ ਕਿਲ੍ਹੇ ਵਿਚ ਕੈਦ ਕਰ ਦਿਤਾ।

ਇਕ ਵਾਰੀ ਐਸੀ ਮਿਸਾਲ ਕਿ ਗਰਮੀਆਂ ਦਾ

ਮਹੀਨਾ ਸੀ, ਇਕ ਪਿਆਲਾ ਇਸ ਨੂੰ ਪਾਣੀ ਦਾ ਮਿਲਿਆ ਕਰਦਾ ਸੀ ਪੀਣ ਵਾਸਤੇ। ਕਿੱਥੇ ਬਾਦਸ਼ਾਹ, ਕਿਥੇ ਇਕ ਪਿਆਲਾ ਮਿਲਦੈ। ਇਸ ਨੇ ਅਰਜ਼ਦਾਸਤ ਲਿਖੀ ਆਪਣੇ ਪੁੱਤਰ ਨੂੰ। ਐ ਔਰੰਗਜ਼ੇਬ! ਕਿਸੇ ਸਮੇਂ ਮੈਂ ਵੀ ਇਥੇ ਦਾ ਬਾਦਸ਼ਾਹ, ਤਖ਼ਤ-ਏ-ਤਾਊਸ 'ਤੇ ਮੈਂ ਬੈਠਿਆ ਕਰਦਾ ਸੀ। ਵੱਡੇ-ਵੱਡੇ ਯੋਧਾ, ਵੱਡੇ-ਵੱਡੇ ਵਿਦਵਾਨ, ਵੱਡੇ-ਵੱਡੇ ਵਪਾਰੀ ਹੱਥ ਬੰਨ੍ਹ ਕੇ ਮੇਰੇ ਦਰਬਾਰ ਵਿਚ ਖੜ੍ਹਦੇ ਸੀ। ਪਰ ਅੱਜ ਸਮੇਂ ਦੀ ਗਰਦਸ਼ ਦੇ ਨਾਲ ਮੈਂ ਐਨਾ ਲਾਚਾਰ, ਐਨਾ ਮਜ਼ਬੂਰ ਹੋ ਗਿਆ ਕਿ ਇਕ ਪਾਣੀ ਦੇ ਪਿਆਲੇ ਨੂੰ ਤਰਸ ਰਿਹਾ ਹਾਂ। ਗਰਮੀ ਬਹੁਤ ਪੈ ਰਹੀ ਹੈ। ਪਾਣੀ ਮੈਂ ਘੁੱਟ-ਘੁੱਟ ਕਰਕੇ 24 ਘੰਟੇ ਲੰਘਾਉਂਦਾਂ ਹਾਂ, ਤੂੰ ਕ੍ਰਿਪਾ ਕਰ ਬੇਟਾ! ਮੈਨੂੰ ਪਿਤਾ ਸਮਝ ਲੈ ਇਕ ਅੱਧੀ ਵਾਰੀ ਤੇ ਮੈਨੂੰ ਇਕ ਪਾਣੀ ਦਾ ਪਿਆਲਾ ਤਾਂ ਵਧਾ ਦੇ। ਚਿੱਠੀ ਦਾ ਜਵਾਬ ਆਉਂਦੈ, ਕਹਿੰਦਾ ਅੱਬਾ ਜਾਨ! ਤੇਰੀ ਸਿਆਹੀ ਜਿਹੜੀ ਹੈ ਉਹ ਬੜੀ ਪਤਲੀ ਹੈ। ਗਾੜ੍ਹੀ ਨਹੀਂ ਹੈ ਤੇ ਮੈਨੂੰ ਇਸ ਤਰ੍ਹਾਂ ਲੱਗਿਆ ਕਿ ਤੂੰ ਜਿਹੜਾ ਪੀਣ ਵਾਲਾ ਪਾਣੀ ਸੀ, ਉਹਦੇ ਵਿਚੋਂ ਕਾਫੀ ਹਿੱਸਾ ਦਵਾਤ ਵਿਚ ਪਾ ਦਿਤਾ ਤਾਂ ਪਤਲੀ ਹੋਈ ਹੈ। ਉਹ ਜਿਹੜਾ ਪਾਣੀ ਤੂੰ ਦਵਾਤ ਵਿਚ ਪਾਉਂਦਾ ਹੈ, ਉਹ ਨਾ ਪਾਇਆ ਕਰ, ਉਹ ਪੀਣ ਨੂੰ ਰੱਖ ਲੈ।

ਕਿੱਥੇ ਹਾਲਤ ਗਈ, ਕਿੱਥੇ ਬਾਦਸ਼ਾਹ। ਮਹਾਰਾਜ ਕਹਿੰਦੇ, ਭੀਖ ਵੀ ਨਹੀਂ ਮਿਲਦੀ ਹੁਣ –

*ਧਰਤੀ ਤੇ ਆਕਾਸਿ ਚੜਾਵੈ*
*ਚੜੇ ਆਕਾਸਿ ਗਿਰਾਵੈ ॥ ੨ ॥*
*ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥*

*ਅੰਗ – ੧੨੫੨*

ਸੋ ਇਸ ਤਰ੍ਹਾਂ ਦੇ ਨਾਲ ਇਕ ਵਾਰੀ ਉਹਨੇ ਲਿਖਿਆ ਕਿ ਮੈਂ ਬੱਚਿਆਂ ਨੂੰ ਕੁਰਾਨ ਸ਼ਰੀਫ ਪੜ੍ਹਾ ਦਿਆ ਕਰਾਂਗਾ, ਤੁਸੀਂ ਸ਼ਾਹੀ ਖਾਨਦਾਨ ਦੇ ਬੱਚੇ ਮੇਰੇ ਕੋਲ ਭੇਜ ਦਿਆ ਕਰੋ।

ਜਵਾਬ ਆਇਆ, ਕਹਿਣ ਲੱਗਿਆ, ਅੱਬਾ ਜਾਨ! ਹਕੂਮਤ ਤੁਹਾਡੇ ਤੋਂ ਖੁਸ ਗਈ, ਲੇਕਿਨ ਹਕੂਮਤ ਕਰਨ ਦੀ ਬੋ, ਆਦਤ ਤੁਹਾਡੇ ਵਿਚੋਂ ਨਹੀਂ ਨਿਕਲੀ। ਤੁਸੀਂ ਬੱਚਿਆਂ ਨੂੰ ਬੁਲਾ ਕੇ ਹਕੂਮਤ ਕਰਨਾ ਚਾਹੁੰਦੇ ਹੋਂ।

ਸੋ ਮਹਾਰਾਜ ਕਹਿਣ ਲੱਗੇ ਕਿ ਔਰੰਗਜ਼ੇਬ ਜੋ ਹੈ ਕਿੱਡਾ ਤੰਗਦਿਲ ਹੈ ਤੇ ਆਪਣੇ ਆਪ ਨੂੰ ਧਰਮੀ ਕਹਿੰਦਾ ਹੈ, ਹੈ ਅਧਰਮੀ। ਧਰਮ ਦੇ ਨਾਂ ਦੇ ਉਤੇ ਕਤਲ ਕਰਦਾ ਹੈ। ਸੋ ਇਹ ਉਹਦੀ ਮਾੜੀ ਗੱਲ ਹੈ। ਇਸਲਾਮ ਨੂੰ ਅਸੀਂ ਬੁਰਾ ਨਹੀਂ ਕਹਿੰਦੇ। ਹਿੰਦੂ ਧਰਮ ਨੂੰ ਵੀ ਅਸੀਂ ਬੁਰਾ ਨਹੀਂ ਕਹਿੰਦੇ, ਪਰ ਇਹ ਹੈ ਕਿ ਇਕ ਧੱਕਾ ਹੋ ਰਿਹੈ, ਜ਼ੋਰ ਹੋ ਰਿਹੈ। ਤੁਸੀਂ ਇਸ ਵੇਲੇ ਮਜ਼ਲੂਮ ਹੋਂ, ਪੁਕਾਰਾਂ ਨੇ ਤੁਹਾਡੀਆਂ। ਕੋਈ ਗੱਲ ਨਹੀਂ ਇਹ ਜਿਹੜਾ ਧਰਮ ਸੁੱਕਦਾ ਜਾ ਰਿਹਾ ਹੈ ਨਾ –

*ਧਰਮ ਕਲਪੱਤਰ ਸਬਜ਼ ਰਖੈ ਹਮ ਅਪਨਾ ਰੱਤ ਸਿੰਚਾਈ।*

ਕਹਿੰਦੇ, ਮੈਂ ਆਪਣਾ ਖ਼ੂਨ ਇਹਦੀਆਂ ਜੜ੍ਹਾਂ ਵਿਚ ਪਾ ਕੇ ਧਰਮ ਦੇ ਕਲਪੱਤਰ ਬ੍ਰਿਛ ਨੂੰ ਮੈਂ ਸੁੱਕਣ ਨਹੀਂ ਦੇਣਾ। ਇਹਨੂੰ ਮੈਂ ਹਰਾ ਰੱਖਾਂਗਾ।

*ਤਬ ਸਤਿਗੁਰ ਇਵ ਮਨ ਠਹਿਰਾਈ*
*ਬਿਨ ਸਿਰ ਦੀਏ ਜਗਤ ਦੁਖ ਪਾਈ।*

ਅਜੇ ਇਹ ਬਚਨ ਹੋ ਰਹੇ ਸੀ, ਪੰਡਤ ਰੋ ਰਹੇ ਸੀ। ਉਧਰੋਂ ਗੁਰੂ ਦਸ਼ਮੇਸ਼ ਪਿਤਾ ਜੀ, ਛੋਟੀ ਉਮਰ ਹੈ, ਖੇਲ੍ਹਦੇ-ਖੇਲ੍ਹਦੇ ਆ ਗਏ। ਆ ਕੇ ਇਕ ਦਮ ਸਾਰਾ ਮਾਹੌਲ ਦੇਖ ਲਿਆ ਕਿ ਇਹ ਕੀ ਗੱਲ ਹੈ? ਕੋਈ ਬੋਲਦਾ ਨਹੀਂ ਹੈ। ਬੜੀ ਕੋਈ ਅਫਸੋਸ ਦੀ ਬਾਤ ਹੋ ਰਹੀ ਹੈ। ਪਿਤਾ ਜੀ ਵੀ ਚੁੱਪ ਨੇ ਤੇ ਇਹ ਵੀ ਸਾਰੇ ਚੁੱਪ ਨੇ। ਅਗਾਂਹਾਂ ਗੱਲ ਕੋਈ ਨਹੀਂ ਚੱਲ ਰਹੀ। ਆਪ ਹੌਲੀ ਦੇ ਕੇ, ਜਿਸ ਥੜ੍ਹੇ ਉਤੇ ਮਹਾਰਾਜ ਬਿਰਾਜਮਾਨ ਸੀ। ਉਥੇ ਚੜ੍ਹੇ, ਪਿਛਲੇ ਪਾਸੇ ਦੀ ਹੋ ਕੇ ਗਰਦਨ 'ਚ ਦੋਵੇਂ ਬਾਹਾਂ ਪਾ ਕੇ ਗੋਦੀ 'ਚ ਬੈਠ ਗਏ, ਧਿਆਨ ਤੋੜ ਦਿਤਾ ਮਹਾਰਾਜ ਜੀ ਦਾ। ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ, ਪਿਤਾ ਜੀ! ਐਨੀ ਸੰਜੀਦਗੀ ਕਿਸ ਬਾਤ ਦੀ ਹੈ? ਐਡਾ ਕਿਹੜਾ ਮਸਲਾ ਹੈ ਜਿਹੜਾ ਤੁਹਾਡੇ ਸਾਮ੍ਹਣੇ ਖੜ੍ਹਾ ਰਹਿ ਜਾਏ? ਐਨੀ ਡੂੰਘੀ ਸੋਚ ਵਿਚ ਆਪ? ਤਾਂ ਉਸ ਵੇਲੇ ਮਹਾਰਾਜ ਜੀ ਨੇ ਕਿਹਾ, ਬੇਟਾ! ਮਸਲਾ ਸਾਮ੍ਹਣੇ ਆ ਗਿਆ। ਤਿਲਕ ਦੇ ਜੰਞੂ ਦੀ ਰਾਖੀ ਕਰਨੀ ਹੈ ਆਪਾਂ। ਭਾਵੇਂ ਨਾ ਤਿਲਕ ਵਿਚ ਸਾਡਾ ਵਿਸ਼ਵਾਸ਼ ਹੈ, ਨਾ ਧਾਗੇ ਦੇ ਜੰਞੂ ਵਿਚ ਹੈ, ਸੱਚ ਦੇ ਜੰਞੂ ਵਿਚ ਸਾਡਾ ਵਿਸ਼ਵਾਸ਼ ਹੈ –

*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ ਅੰਗ – ੪੭੧*

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਮੰਗਿਆ ਸੀ ਕਿ ਜੇ ਤੇਰੇ ਕੋਲ ਦਰਗਾਹ 'ਚ ਜਾਣ ਵਾਲਾ ਜਨੇਊ ਹੈ ਤਾਂ ਮੈਨੂੰ ਦੇ ਦੇ। ਇਹ ਤਾਂ ਇਥੇ ਹੀ ਮੈਲਾ ਹੋ ਜਾਣੈ। ਝੜ ਜਾਣੈ, ਟੁੱਟ ਜਾਣੈ, ਫੇਰ ਹੋਰ

ਪਾ ਲੈਣੈ। ਇਸ ਨੂੰ ਰਸਮ ਨੂੰ ਤਾਂ ਨਹੀਂ ਅਸੀਂ ਮੰਨਦੇ ਜੇ ਤੇਰੇ ਕੋਲ ਸੱਚ ਦਾ ਜਨੇਊ ਹੈ ਤਾਂ ਦੇ ਦੇ। ਪਰ ਬੇਟਾ! ਉਸ ਜਨੇਊ ਦੇ ਉਤੇ ਹੁਣ ਧੱਕਾ ਹੋ ਰਿਹੈ। ਗਲ 'ਚੋਂ ਲਾਹਿਆ ਜਾ ਰਿਹੈ, ਉਸ ਤਿਲਕ ਦੇ ਉਤੇ ਧੱਕਾ ਹੋ ਰਿਹੈ। ਇਹਨਾਂ ਲੋਕਾਂ ਨੂੰ ਆਪਣੇ ਤੌਰ ਤਰੀਕੇ ਨਾਲ ਪੂਜਾ ਕਰਨ ਦਾ, ਭਗਤੀ ਕਰਨ ਦਾ ਹੱਕ ਜਿਹੜਾ ਪ੍ਰਮੇਸ਼ਰ ਵਲੋਂ ਮਿਲਿਆ ਹੋਇਐ, ਉਹ ਖੋਹਿਆ ਜਾ ਰਿਹਾ ਹੈ ਤੇ ਇਹਦੇ ਇਵਜ਼ਾਨੇ 'ਚ ਇਨ੍ਹਾਂ ਦੇ ਧਰਮ ਅਸਥਾਨ ਢਾਹੇ ਜਾ ਰਹੇ ਨੇ। ਜਬਰਨ ਇਨ੍ਹਾਂ ਨੂੰ ਇਸਲਾਮ ਦੇ ਵਿਚ ਬਦਲਿਆ ਜਾ ਰਿਹਾ ਹੈ। ਸਾਰੇ ਭਾਰਤ ਵਰਸ਼ 'ਤੇ ਇਕ ਬਿਪਤਾ ਆਈ ਹੋਈ ਹੈ। ਕਹਿਣ ਲੱਗੇ, ਫੇਰ ਪਿਤਾ ਜੀ! ਇਹਨਾਂ ਦੀ ਰਾਖੀ ਕਰੋ। ਤੁਹਾਡੇ ਦਰ 'ਤੇ ਆਏ ਨੇ ਚੱਲ ਕੇ। ਕੀ ਸੋਚਦੇ ਓਂ? ਉਸ ਵੇਲੇ ਮਹਾਰਾਜ ਜੀ ਨੇ ਐਸਾ ਫੁਰਮਾਨ ਕੀਤਾ –

*ਧਾਰਨਾ – ਤਿਲਕ ਜੰਞੂ ਦੀ ਰਾਖੀ ਨਹੀਓਂ ਹੋਣੀ,*
*ਬਿਨਾਂ ਦਿਤੇ ਸੀਸ ਲਾਲ ਜੀ।*

ਕਹਿਣ ਲੱਗੇ, ਬੇਟਾ! ਮਸਲਾ ਬੜਾ ਗੰਭੀਰ ਹੈ ਤੇ ਬੜੀ ਭਾਰੀ ਸਮੱਸਿਆ ਤਿਲਕ ਤੇ ਜੰਞੂ ਲਈ ਬਣੀ ਹੋਈ ਹੈ –

*ਨੌਵੇਂ ਸਤਿਗੁਰ ਆਖਿਆ, ਮੇਰੇ ਸੁਤ ਸੁਜਾਨ।*
*ਠਲ੍ਹ ਸਕਦਾ ਹੈ ਦੇਸ਼ ਵਿਚ ਜ਼ੁਲਮਾਂ ਦਾ ਤੂਫ਼ਾਨ।*
*ਜੇ ਕੋਈ ਅਣਖੀ ਸੂਰਮਾ ਜੋਧਾ ਕੋਈ ਮਹਾਨ।*
*ਡੱਟ ਖੜੋਵੇ ਸਾਮ੍ਹਣੇ ਆਪਣੀ ਛਾਤੀ ਤਾਣ।*
*ਕੋਈ ਪਵਿੱਤਰ ਆਤਮਾ ਨਿਰਭੈ ਤੇ ਬਲਵਾਨ।*
*ਤਿਆਗੇ ਮੋਹ ਸਰੀਰ ਦਾ ਕਰਕੇ ਸਸਤੀ ਜਾਨ।*
*ਅਗਨੀ ਦੇ ਇਸ ਕੁੰਡ ਵਿਚ ਦੇ ਆਪਣਾ ਬਲੀਦਾਨ।*
*ਲੇਖੇ ਧਰਮ ਅਸੂਲ ਦੇ ਅਰਪਣ ਕਰੇ ਪ੍ਰਾਣ।*

ਬੇਟਾ! ਇਸ ਵੇਲੇ ਇਹ ਹੈ ਕਿ ਜ਼ੁਲਮ ਨੂੰ ਜੇ ਕੋਈ ਥੰਮ੍ਹ ਸਕਦਾ ਹੈ ਤਾਂ ਕੋਈ ਮਹਾਨ ਪਵਿੱਤਰ ਆਤਮਾ, ਉਹ ਆਪਣਾ ਖ਼ੂਨ ਦੇ ਕੇ ਧਰਮ ਦੀਆਂ ਜੜ੍ਹਾਂ ਵਿਚ ਪਾਵੇ ਤਾਂ ਇਹ ਧਰਮ ਬਚ ਸਕਦਾ ਹੈ, ਨਹੀਂ ਤਾਂ ਉੱਖੜ ਜਾਣਾ ਹੈ ਇਹ। ਉਸ ਵੇਲੇ ਇਕ ਦਮ ਆਪ ਕਹਿਣ ਲੱਗੇ ਕਿ ਪਾਤਸ਼ਾਹ! ਆਪ ਤੋਂ ਉੱਪਰ ਤਾਂ ਕੋਈ ਮਹਾਨ ਹੈ ਨਹੀਂ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਜੋ ਘਰ ਹੈ ਉਹ –

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ ॥ ਅੰਗ – ੫੪੪*

ਇਹ ਆਸ ਰੱਖ ਕੇ ਸ਼ਰਨ ਆਏ ਨੇ। ਇਹ ਤਾਂ ਹੁਣ ਇਹਨਾਂ ਦੀ ਲਾਜ ਰੱਖਣੀ ਬਣਦੀ ਹੈ। ਤੁਹਾਥੋਂ ਪਵਿੱਤਰ ਖ਼ੂਨ ਕਿਸੇ ਦਾ ਨਹੀਂ ਹੈ ਪਾਤਸ਼ਾਹ! ਤੁਸੀਓਂ ਰਾਖੀ ਕਰ ਸਕਦੇ ਹੋਂ। ਸੰਸਾਰ ਦੇ ਵਿਚ ਹੋਰ ਕੋਈ ਨਹੀਂ ਐਸਾ ਹੈ ਜਿਹੜਾ ਇਸ ਵਿਗੜੇ ਸਮੇਂ 'ਤੇ ਇਹਨਾਂ ਦੁਖੀਆਂ ਦੀ ਰਾਖੀ ਕਰ ਸਕੇ। ਉਸ ਵੇਲੇ ਕਹਿਣ ਲੱਗੇ, ਦੇਖੋ ਲਾਲ ਜੀ! ਸਮਾਂ ਦੇਖੋ ਕਿੰਨਾ ਭਿਆਨਕ ਜਾ ਰਿਹਾ ਹੈ। ਬੜਾ ਜ਼ੁਲਮ ਦਾ ਰਾਜ ਹੈ, ਕੋਈ ਪੁੱਛਦਾ ਨਹੀਂ। ਕੋਈ ਕਾਨੂੰਨ ਨਹੀਂ ਹੈ। ਰਾਜੇ ਦੀ ਜ਼ੁਬਾਨ ਕਾਨੂੰਨ ਬਣੀ ਹੋਈ ਹੈ। ਧਰਮ ਦੇ ਨਾਉਂ ਦੇ ਉਤੇ ਬੰਦੇ ਮਾਰੇ ਜਾ ਰਹੇ ਨੇ ਤੇ ਤੁਸੀਂ ਅਜੇ ਛੋਟੇ ਹੋਂ। ਦੇਖਣ ਵਾਸਤੇ ਆਪ ਨੇ ਇਹ ਬਾਤ ਕਹੀ। ਟੈਸਟ ਕਰਨ ਵਾਸਤੇ। ਉਸ ਵੇਲੇ ਮਹਾਰਾਜ ਗੋਦੀ 'ਚ ਬੈਠੇ-ਬੈਠੇ ਕਹਿਣ ਲੱਗੇ, ਪਿਤਾ ਜੀ! ਇਹ ਤਾਂ ਕੋਈ ਮਸਲਾ ਹੀ ਨਹੀਂ ਹੈ –

*ਧਾਰਨਾ – ਰੱਖਿਆ ਕਰੇਗਾ ਅਕਾਲ ਆਪ ਮੇਰੀ,*
*ਜਿਹਨੂੰ ਚਿੰਤਾ ਸਾਰੇ ਜਗ ਦੀ।*
*ਅਕਾਲ ਪੁਰਖ ਦੀ ਰੱਛਾ ਹਮਨੈ॥*
*ਸਰਬ ਲੋਹ ਦੀ ਰੱਛਿਆ ਹਮਨੈ॥*
*ਸਰਬ ਕਾਲ ਜੀ ਦੀ ਰਛਿਆ ਹਮਨੈ॥*
*ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ॥*

ਪਾਤਸ਼ਾਹ! ਉਹ ਤਾਂ ਹਰ ਥਾਂ ਦੇ ਉਤੇ ਆਪ ਰਾਖੀ ਕਰਦੇ –

*ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ*
*ਬਹੁਤ ਭਾਂਤਿ ਬਚਾਵੈ॥*
*ਸਤ੍ਰੁ ਅਨੇਕ ਚਲਾਵਤ ਘਾਵ,*
*ਤਊ ਤਨ ਏਕ ਨ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰ ਦੈ ਕਰ,*
*ਪਾਪ ਸਮੂੰਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ ਸੌਂ*
*ਸੁ ਪੇਟ ਹੀ ਕੇ ਪਟ ਬੀਚ ਬਚਾਵੈ॥ ਅਕਾਲ ਉਸਤਤਿ*

ਹੇ ਗੁਰੂਦੇਵ! ਉਹ ਤਾਂ ਮਾਂ ਦੇ ਪੇਟ ਵਿਚ ਵੀ ਰੱਖਿਆ ਆਪ ਕਰਦੈ –

*ਮੂਲ ਕਰੋ ਗੁਰਦੇਵ ਨਾ ਮਨ ਅੰਦਰ ਸੰਸਾ।*
*ਆਪ ਪੁਰਖ ਅਕਾਲ ਨੂੰ ਹੈ ਮੇਰੀ ਚਿੰਤਾ।*
*ਇਕੋ ਉਹਦਾ ਆਸਰਾ ਤੇ ਇਕੋ ਪਰਨਾ।*
*ਰੱਛਯਾ ਮੇਰੀ ਕਰੂਗਾ ਉਹ ਸਾਹਿਬ ਸੱਚਾ।*

ਉਸ ਵੇਲੇ ਗੁਰੂ ਮਹਾਰਾਜ ਨੇ ਕਿਰਪਾ ਰਾਮ, ਸੋਲ੍ਹਾਂ ਮੁਖੀਆਂ, 500 ਬ੍ਰਾਹਮਣ ਨੂੰ ਸੰਬੋਧਨ ਕਰਕੇ ਕਹਿਣ ਲੱਗੇ, ਇਸ ਤਰ੍ਹਾਂ ਕਰੋ ਕਿ ਹੁਣ ਤੁਸੀਂ ਇਕ ਅਰਜ਼ਦਾਸਤ ਲਿਖੋ ਔਰੰਗਜ਼ੇਬ ਨੂੰ। ਲਿਖੋ ਉਹਦੇ ਵਿਚ ਕਿ ਬਾਦਸ਼ਾਹ! ਤੁਸੀਂ ਕਿਉਂ ਇਕੱਲੇ-ਇਕੱਲੇ ਨੂੰ ਮਾਰ

ਰਹੇ ਹੋਂ। ਪਾਪ ਹੋ ਰਿਹੈ। ਜਾਨਾਂ ਜਾ ਰਹੀਆਂ ਨੇ। ਅਸੀਂ ਇਸਲਾਮ ਨੂੰ ਬੁਰਾ ਨਹੀਂ ਮੰਨਦੇ। ਉਹ ਵੀ ਰੱਬ ਨੂੰ ਮੰਨਦੇ ਨੇ, ਅਸੀਂ ਵੀ ਰੱਬ ਨੂੰ ਮੰਨਦੇ ਹਾਂ। ਬੋਲੀ ਦਾ ਫਰਕ ਹੈ। ਕੁਝ ਰਹੁ-ਰੀਤ ਦਾ ਫਰਕ ਹੈ। ਗੱਲ ਬਹੁਤੀ ਦੂਰ ਨਹੀਂ ਹੈ ਪਰ ਅਸੀਂ ਇਸ ਵੇਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਹਿੰਦ ਦਾ ਗੁਰੂ, ਹਿੰਦ ਦੀ ਚਾਦਰ ਮੰਨਦੇ ਹਾਂ। ਸਾਰੇ ਭਾਰਤ ਵਰਸ਼ ਦੇ ਜੋ ਨੌਨ ਮੁਸਲਮਾਨ ਨੇ, ਇਸਲਾਮ ਜਿਨ੍ਹਾਂ ਨੇ ਧਾਰਨ ਨਹੀਂ ਕੀਤਾ, ਉਹ ਸਾਰੇ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਨੂੰ ਆਪਣਾ ਮਹਾਂ ਪੀਰ ਮੰਨਦੇ ਹਾਂ। ਗੁਰੂ ਮੰਨਦੇ ਹਾਂ ਤੇ ਤੁਸੀਂ ਐਸਾ ਕਰੋ, ਉਹਨਾਂ ਦਾ ਹੁਕਮ ਹੈ ਕਿ ਬਾਦਸ਼ਾਹ ਨੂੰ ਕਹਿ ਦਿਓ ਕਿ ਸਾਨੂੰ ਉਹ ਇਕੱਲਿਆਂ ਨੂੰ ਜੇ ਇਸਲਾਮ ਵਿਚ ਲੈ ਆਵੇ। ਜੇ ਉਹ ਆ ਗਏ ਤਾਂ ਅਸੀਂ ਆਪੇ ਹੀ ਆ ਜਾਵਾਂਗੇ। ਤੁਹਾਡੀ ਪਰਜਾ ਵੀ ਬਚੀ ਰਹੇਗੀ। ਤੁਹਾਡੀ ਐਨਰਜੀ ਵੀ ਬਚੀ ਰਹੇਗੀ। ਇਹ ਜਿਹੜੀਆਂ ਫੌਜਾਂ ਲਾਈਆਂ ਨੇ ਗਸ਼ਤੀ ਫੜ-ਫੜ ਕੇ ਮਾਰਨ ਨੂੰ ਇਹ ਅੱਗੇ ਦਰਗਾਹ ਵਿਚ ਵੀ ਕੋਈ ਸਜ਼ਾ ਨਹੀਂ ਮਿਲੇਗੀ। ਭਾਵੇਂ ਤੁਸੀਂ ਸਵਾਬ ਦਾ ਹੀ ਕੰਮ ਕਰਦੇ ਹੋਂ। ਸਾਡਾ ਨਿਸ਼ਚਾ ਹੈ ਕਿ -

*ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ ॥*

*ਅੰਗ - ੧੩੭੫*

ਤੇ ਬੜਾ ਸੁਖਾਲਾ ਮਸਲਾ ਹੱਲ ਹੁੰਦੈ। ਤੁਸੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਇਸਲਾਮ ਵਿਚ ਲੈ ਆਓ, ਅਸੀਂ ਆਪੇ ਹੀ ਆ ਜਾਵਾਂਗੇ, ਸਾਰੇ ਦੇ ਸਾਰੇ। ਅਰਜ਼ਦਾਸਤ ਲਿਖਾ ਦਿਤੀ ਗਈ। ਉਸ ਵੇਲੇ ਮਹਾਰਾਜ ਜੀ ਨੂੰ ਕਹਿਣ ਲੱਗੇ, ਸੱਚੇ ਪਾਤਸ਼ਾਹ! ਸਾਡੀ ਰਾਖੀ ਇਸ ਵੇਲੇ ਹਿੰਦ ਦੀ ਰਾਖੀ ਹੈ। ਆਪ ਨੇ ਬੜੀ ਕ੍ਰਿਪਾ ਕਰਕੇ ਸਾਡੀ ਬਾਂਹ ਫੜ ਲਈ ਹੈ। ਸਾਡੇ ਵਾਸਤੇ ਹੁਣ ਕੀ ਹੁਕਮ ਹੈ। ਉਸ ਵੇਲੇ ਗੁਰੂ ਮਹਾਰਾਜ ਦੇ ਮੁਖ ਤੋਂ, ਇਕ ਕਵੀ ਹੋਏ ਨੇ ਚਾਂਦ ਉਹ ਲਿਖਦੇ ਨੇ -

*ਚਿਤ ਚਰਨ ਕਮਲ ਕਾ ਆਸਰਾ।*
*ਚਿਤ ਚਰਨ ਕਮਲ ਸੰਗਿ ਜੋੜੀਐ।*
*ਮਨ ਲੋਚੈ ਬੁਰਿਆਈਆ ਗੁਰ ਸਬਦੀ ਇਹ ਮਨ ਹੋੜੀਐ।*
*ਬਾਹਿ ਜਿਨ੍ਹਾਂ ਦੀ ਪਕਰੀਐ,*
*ਸਿਰ ਦੀਜੈ ਬਾਹਿ ਨਾ ਛੋਡੀਐ।*
*ਤੇਗ ਬਹਾਦਰ ਬੋਲਿਆ, ਧਰ ਪਈਐ ਧਰਮ ਨ ਛੋਡੀਐ।*

ਕਹਿਣ ਲੱਗੇ, ਤੁਸੀਂ ਫਿਕਰ ਨਾ ਕਰੋ। ਸਰੀਰ ਜਾਂਦਾ ਹੈ ਜਾਣ ਦਿਓ। ਅਸੀਂ ਆਪਣਾ ਧਰਮ ਕਿਵੇਂ ਛੱਡ ਦੇਵਾਂਗੇ। ਜਾਓ ਕਹਿ ਦਿਓ, ਸਾਰਾ ਡੈਪੂਟੇਸ਼ਨ ਬਣਿਆ ਬਣਾਇਆ ਲਾਹੌਰ ਨੂੰ ਚਾਲੇ ਪਾ ਲੈਂਦੈ। ਉਥੇ ਦੇ ਗਵਰਨਰ ਨੂੰ ਜਾ ਕੇ ਅਰਜ਼ਦਾਸਤ ਦੇ ਦਿਤੀ। ਬੜਾ ਖੁਸ਼ ਹੋਇਆ ਕਿ ਫੇਰ ਤਾਂ ਗੱਲ ਹੀ ਸੁਖਾਲੀ ਹੈ। ਐਨੇ ਬੰਦੇ ਅਸੀਂ ਰੋਜ਼ ਮਾਰ ਰਹੇ ਹਾਂ। ਐਡੇ ਸਖ਼ਤ ਕਾਨੂੰਨ ਬਣਾ ਰਹੇ ਹਾਂ। ਨੌਕਰੀ ਨਹੀਂ ਕਿਸੇ ਨੂੰ ਦੇਣੀ। ਇਥੋਂ ਤਕ ਕਾਨੂੰਨ ਸੀ ਕਿ ਕਣਕ ਦਾ ਜੋ ਦਾਣਾ ਹੈ ਉਹ ਇਸਲਾਮ ਵਾਲਿਆਂ ਵਾਸਤੇ ਹੈ। ਜੋ ਹੋਰ ਅਨਾਜ ਹੈ, ਜੌਂ ਹੈ, ਬਾਜਰਾ ਹੈ, ਜਵਾਰ ਹੈ ਇਹ ਹਿੰਦੂ ਵਾਸਤੇ ਹੈ। ਘੋੜੇ 'ਤੇ ਕੇਵਲ ਇਸਲਾਮ ਵਾਲੇ ਚੜ੍ਹ ਸਕਦੇ ਨੇ। ਇਹਨਾਂ ਨੇ ਜੇ ਚੜ੍ਹਨਾ ਹੈ ਤਾਂ ਖੱਚਰਾਂ 'ਤੇ ਚੜ੍ਹਨ। ਗਧੇ ਰੱਖਣ ਇਹ ਸਮਾਨ ਵਾਸਤੇ। ਕੋਠੇ 'ਤੇ ਨਹੀਂ ਸੀ ਚੜ੍ਹ ਸਕਦੇ। ਜਦੋਂ ਮੈਂ ਸਿੰਧ ਵਿਚ ਸੀ, ਉਥੇ ਮੇਰੇ ਕੋਲ ਸੇਠ ਆਇਆ ਕਰਦੇ ਸੀ ਵੱਡੇ-ਵੱਡੇ। ਆਪੇ ਹੀ ਅਬਾਦ ਕਰੇ ਹੋਏ ਪਿੰਡ ਸੀਗੇ ਸਾਡੇ ਤਾਂ ਉਥੇ ਮੀਂਹ ਤਾਂ ਪੈਂਦਾ ਨਹੀਂ ਸੀ। ਮੈਂ ਕਿਹਾ ਕਿ ਤੁਹਾਡੇ ਇਥੇ ਪਤਨਾਲੇ ਨਹੀਂ ਰਖਦੇ, ਨਵਾਬਸ਼ਾਹ ਮੈਂ ਦੇਖਿਐ ਉਥੇ ਵੀ ਪਤਨਾਲੇ ਨਹੀਂ ਸੀ। ਜੇ ਤੁਹਾਡੇ ਕੋਠਿਆਂ 'ਤੇ ਗਲੀ ਪੈ ਜਾਵੇ, ਜਾਂ ਪਾਣੀ ਕੱਢਣਾ ਹੋਵੇ ਫੇਰ ਤੁਸੀਂ ਕੀ ਕਰਦੇ ਓਂ? ਕਹਿੰਦੇ, ਅਸੀਂ ਤਾਂ ਨਹੀਂ ਕੋਠੇ 'ਤੇ ਚੜ੍ਹ ਸਕਦੇ। ਜਿਹੜਾ ਸਾਡਾ ਪੜੌਸੀ ਹੈ ਮੁਸਲਮਾਨ ਅਸੀਂ ਉਹਨੂੰ ਬੇਨਤੀ ਕਰਦੇ ਹਾਂ ਕਿ ਸਾਡੇ ਗਲੀ ਪੈ ਗਈ ਕੋਠੇ 'ਤੇ ਤੂੰ ਚੜ੍ਹ ਕੇ ਬੰਦ ਕਰ ਆ। ਸਾਨੂੰ ਕੋਠਿਆਂ 'ਤੇ ਚੜ੍ਹਨਾ ਮਨ੍ਹਾਂ ਹੈ। ਅਸੀਂ ਚੜ੍ਹ ਨਹੀਂ ਸਕਦੇ, ਨਾਲੇ ਸੇਠ ਸੀਗੇ ਵੱਡੇ-ਵੱਡੇ। ਸੋ ਐਸੇ ਕਾਨੂੰਨ ਬਣੇ ਹੋਏ ਸੀ। ਸੋ ਉਸ ਵੇਲੇ ਮਹਾਰਾਜ ਕਹਿੰਦੇ, ਕੋਈ ਗੱਲ ਨਹੀਂ ਹੈ। ਸੀਸ ਦਿੱਤਾ ਜਾਏਗਾ, ਤੁਹਾਡੀ ਰਾਖੀ ਹੋ ਜਾਏਗੀ। ਚਿੱਠੀ ਦੇ ਦਿਤੀ ਗਈ। ਚਿੱਠੀ ਲੈ ਕੇ ਬੜੇ ਖੁਸ਼ ਹੋਏ ਕਿ ਇਕ ਬੰਦੇ ਨਾਲ ਨਜਿੱਠਣਾ ਕੀ ਔਖਾ ਹੈ। ਉਹਨਾਂ ਨੂੰ ਤਸੀਹੇ ਦੇ ਕੇ ਮੁਸਲਮਾਨ ਬਣਾ ਲਵਾਂਗੇ। ਉਸ ਵੇਲੇ ਔਰੰਗਜ਼ੇਬ ਦੇ ਕੋਲ ਚਿੱਠੀ ਭੇਜ ਦਿਤੀ ਗਈ। ਉਹ ਵੀ ਬੜਾ ਖੁਸ਼ ਹੋਇਆ ਕਿ ਜਿਹੜਾ ਕੰਮ ਮੈਂ ਚਿਤਵਿਆ ਸੀ, ਅੱਲਾਹ ਤਾਲਾ ਦੀ ਬਰਕਤ ਦੇ ਨਾਲ ਹੁਣ ਇਹ ਪੂਰਾ ਹੋ ਜਾਏਗਾ ਤੇ ਮੈਂ ਵੱਡੇ ਸਵਾਬੀਆਂ 'ਚ, ਵੱਡੇ ਪੁੰਨੀਆਂ 'ਚੋਂ ਗਿਣਿਆ ਜਾਵਾਂਗਾ ਕਿ ਭਾਰਤ ਵਰਸ਼ ਜੋ ਸਾਰਾ ਹੀ ਬੁੱਤ ਪ੍ਰਸਤ ਹੈ, ਇਹਨੂੰ ਮੈਂ ਅੱਲਾਹ ਦੇ ਨਾਲ ਜੋੜ ਦੇਵਾਂਗਾ।

ਕਹਿਣ ਲੱਗਿਆ, ਠੀਕ ਹੈ। ਦੋ ਅਹਿਦੀਏ ਭੇਜੇ,

ਸਮਝਾਇਆ ਕਿ ਤੁਸੀਂ ਬੜੇ ਪਿਆਰ, ਪ੍ਰੇਮ ਤੇ ਛਲ ਕਪਟ ਨਾਲ ਜਿਵੇਂ ਵੀ ਜੀਅ ਕਰਦਾ ਹੈ, ਗੁਰੂ ਤੇਗ ਬਹਾਦਰ ਜੀ ਨੂੰ ਮੇਰੇ ਕੋਲ ਦਿੱਲੀ ਲੈ ਆਓ। ਗੱਲ ਕਰੋ।

ਉਸ ਵੇਲੇ ਆਪ ਕੋਲ ਦੋ ਅਹਿਦੀਏ ਆਉਂਦੇ ਨੇ। ਉਹ ਆ ਕੇ ਸ੍ਰੀ ਅਨੰਦਪੁਰ ਸਾਹਿਬ, ਭਾਈ ਮਤੀ ਦਾਸ ਜੀ ਨੂੰ ਮਿਲੇ, ਭਾਈ ਸਤੀ ਦਾਸ ਜੀ ਨੂੰ ਮਿਲੇ ਤੇ ਹੋਰ ਦੀਵਾਨ ਜਿਹੜੇ ਸੀ ਸਾਰਿਆਂ ਨੂੰ ਮਿਲੇ। ਉਸ ਤੋਂ ਬਾਅਦ ਗੁਰੂ ਮਹਾਰਾਜ ਕੋਲ ਪੇਸ਼ ਕੀਤੇ ਤਾਂ ਗੁਰੂ ਮਹਾਰਾਜ ਦੀ ਸਖਸ਼ੀਅਤ ਦਾ ਉਹਨਾਂ ਉਤੇ ਐਸਾ ਅਸਰ ਪਿਆ ਕਿ ਇਹ ਤਾਂ ਕਾਮਲ ਫਕੀਰ ਨੇ। ਦਰਸ਼ਨ ਕਰਦੇ ਹੀ ਉਹਨਾਂ ਦਾ ਇਰਾਦਾ ਬਦਲ ਗਿਆ। ਕਹਿਣ ਲੱਗੇ, ਅਸੀਂ ਕੀ ਜਵਾਬ ਦੇਈਏ?

ਕਹਿੰਦੇ, ਮਹਾਰਾਜ! ਨਾਲ ਤੁਹਾਡੇ ਬਚਨ ਕਰਾ ਦਿੰਦੇ ਹਾਂ।

ਮਹਾਰਾਜ ਕਹਿੰਦੇ, ਤੁਸੀਂ ਔਰੰਗਜ਼ੇਬ ਨੂੰ ਇਹ ਗੱਲ ਕਹਿਓ ਕਿ ਆਹ ਜਿਹੜੀ ਕਤਲੇਆਮ ਹੈ ਇਹ ਬੰਦ ਕਰ ਦੇਵੇ ਤੇ ਸਾਨੂੰ ਉਹ ਕਾਇਲ ਕਰ ਲਵੇ, ਅਸੀਂ ਇਸਲਾਮ ਵਿਚ ਆ ਜਾਈਏ, ਤਾਂ ਸਾਰੇ ਆ ਜਾਣਗੇ। ਅਸੀਂ ਆਪ ਥੋੜ੍ਹੇ ਚਿਰ 'ਚ ਹੀ ਦਿੱਲੀ ਪਹੁੰਚ ਰਹੇ ਹਾਂ। ਬਹੁਤੀ ਦੇਰ ਨਹੀਂ ਲਾਉਂਦੇ। ਅਹਿਦੀਏ ਵਾਪਸ ਮੁੜ ਗਏ। ਕਹਿੰਦੇ, ਔਰੰਗਜ਼ੇਬ ਨੂੰ ਕਿ ਮਹਾਰਾਜ ਉਹਨਾਂ ਦਾ ਤਾਂ ਵਰਤਾਰਾ ਬਹੁਤ ਨਰਮ ਹੈ। ਬਹੁਤ ਬਜ਼ੁਰਗ ਨੇ। ਜਾਣਦਾ ਸੀਗਾ ਔਰੰਗਜ਼ੇਬ ਕਿਉਂਕਿ ਪਹਿਲਾਂ ਰਾਮਰਾਇ ਉਥੇ ਹੀ ਰਹਿੰਦਾ ਸੀ ਦਿੱਲੀ। ਉਹਦੀਆਂ ਸ਼ਕਤੀਆਂ ਵੀ ਜਾਣਦਾ ਸੀ, ਸਭ ਕੁਝ ਪਤਾ ਸੀ ਉਹਨੂੰ। ਅਣਜਾਣ ਨਹੀਂ ਸੀ। ਕਹਿਣ ਲੱਗਿਆ, ਠੀਕ ਹੈ, ਉਹਨਾਂ ਨੂੰ ਪਹਿਲਾਂ ਪਿਆਰ, ਪ੍ਰੇਮ ਕਰੋ। ਉਸ ਤੋਂ ਬਾਅਦ ਜੇ ਨਾ ਮੰਨੇ, ਫੇਰ ਹਦ ਤੋਂ ਜ਼ਿਆਦਾ ਤਸੀਹੇ ਦੇਵੋ। ਆਪੇ ਮੰਨ ਜਾਣਗੇ।

ਉਸ ਵੇਲੇ ਗੁਰੂ ਮਹਾਰਾਜ ਜੀ ਨੇ ਸੰਗਤ ਇਕੱਠੀ ਕਰੀ ਤੇ ਦੱਸਿਆ ਕਿ ਅਸੀਂ ਦਿੱਲੀ ਜਾਣਾ ਹੈ। ਉਸ ਵੇਲੇ ਗੁਰੂ ਦਸਵੇਂ ਪਾਤਸ਼ਾਹ ਕਹਿਣ ਲੱਗੇ –

*ਬਾਲ ਗੁਰੂ ਤਬ ਕਹਿਓ ਅਲਾਇ*
*ਪਿਤਾ ਗੁਰੂ ਤਉ ਕਰੋ ਸਹਾਇ।*

ਹੇ ਪਾਤਸ਼ਾਹ! ਮੇਰੀ ਵੀ ਸਹਾਇਤਾ ਕਰਨੀ ਤੇ ਇਨ੍ਹਾਂ ਦੁਖੀਆਂ ਦੀ ਵੀ ਸਹਾਇਤਾ ਤੁਸੀਂ ਕਰੋ। ਉਸ ਵੇਲੇ ਮਹਾਰਾਜ ਜੀ ਦਿੱਲੀ ਵਾਸਤੇ ਰਵਾਨਾ ਹੋ ਜਾਂਦੇ ਨੇ। ਸੰਗਤ ਨਾਲ ਚਲਦੀ ਹੈ, ਦਿੱਲੀ ਤੋਂ ਰਵਾਨਾ ਹੋਣ ਤੋਂ ਪਹਿਲਾਂ, ਆਪ ਨੇ ਗੁਰੂ ਦਸਮੇਸ਼ ਪਿਤਾ ਨੂੰ ਪੂਰੀ ਤਰ੍ਹਾਂ ਨਾਲ ਸਿੱਖੀ ਰਹੁਰੀਤ ਸਮਝਾ ਕੇ, ਪੰਜ ਪੈਸੇ ਤੇ ਨਾਰੀਅਲ ਰੱਖ ਕੇ ਪ੍ਰਕਰਮਾ ਕਰਕੇ, ਆਪ ਨੇ ਮਸਤਕ ਨਿਵਾ ਕੇ, ਗੁਰਿਆਈ ਦੀਆਂ ਸਾਰੀਆਂ ਬਰਕਤਾਂ, ਸਾਰੀਆਂ ਰਿੱਧੀਆਂ-ਸਿੱਧੀਆਂ ਦੇ ਭੰਡਾਰੇ, ਬ੍ਰਹਮ ਗਿਆਨ ਦੇ ਭੰਡਾਰੇ ਦੇ ਕੇ, ਆਪ ਨੇ ਪੂਰਨ ਕਰਕੇ ਕਿਹਾ ਹੁਣ ਤੁਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਸਵੀਂ ਗੱਦੀ 'ਤੇ ਬੈਠ ਕੇ ਸੰਸਾਰ ਦਾ ਉਧਾਰ ਕਰਨਾ ਹੈ। ਸਾਰੀ ਗੱਲ ਸਮਝਾ ਦਿਤੀ ਆਪ ਨੇ। ਉਸ ਵੇਲੇ ਗੁਰੂ ਮਹਾਰਾਜ ਨੇ ਸੰਗਤ ਨੂੰ ਕਿਹਾ ਕਿ ਸੰਗਤ ਜੀ! ਹੁਣ ਤੁਸੀਂ ਜਿਵੇਂ ਪਹਿਲੇ ਸ੍ਰੀ ਗੁਰੂ ਨਾਨਕ ਨੇ ਆਪਣੇ ਹੁੰਦੇ-ਹੁੰਦੇ, ਸ੍ਰੀ ਗੁਰੂ ਅੰਗਦ ਪਾਤਸ਼ਾਹ ਨੂੰ ਗੁਰਿਆਈ ਦੇ ਦਿਤੀ। ਸ੍ਰੀ ਗੁਰੂ ਅੰਗਦ ਸਾਹਿਬ ਨੇ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੂੰ ਆਪਣੇ ਹੁੰਦੇ-ਹੁੰਦੇ ਗੁਰਿਆਈ ਦਿਤੀ, ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ, ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਰਜਨ ਪਾਤਸ਼ਾਹ ਨੂੰ, ਇਸੇ ਤਰ੍ਹਾਂ ਅਸੀਂ ਹੁਣ ਆਪਣਾ ਜੋ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਜੋਤ ਹੈ ਉਹ ਸਾਹਿਬਜ਼ਾਦੇ ਵਿਚ ਪ੍ਰਵੇਸ਼ ਕਰਕੇ ਤੁਹਾਡੇ ਇਹ ਦਸਵੇਂ ਗੁਰੂ ਹੋਣਗੇ। ਇਹਨਾਂ ਨੂੰ ਨਮਸ਼ਕਾਰ ਕਰੋ ਸਾਰੇ। ਇਹਨਾਂ ਦਾ ਕਹਿਣਾ ਮੰਨਣਾ ਹੈ, ਇਹ ਪੂਰਨ ਅਵਤਾਰ ਹੋਣਗੇ। ਸ਼ਸ਼ਤਰਧਾਰੀ ਹੋਣਗੇ। ਇਹਨਾਂ ਦੇ ਤਪ ਤੇਜ ਦੇ ਸਾਮ੍ਹਣੇ ਕੋਈ ਖੜ੍ਹਾ ਨਹੀਂ ਹੋ ਸਕੇਗਾ। ਇਹ ਆਪਣੇ ਕੌਤਕ ਆਪ ਰਚਣਗੇ। ਬਚਿੱਤਰ ਨਾਟਕ ਕਰਨਗੇ। ਸੋ ਸ਼ਰਧਾ ਰੱਖੋ ਇਨ੍ਹਾਂ ਦੇ ਉਤੇ, ਉਸ ਤੋਂ ਬਾਅਦ ਗੁਰੂ ਮਹਾਰਾਜ ਜੀ ਤਿਆਰੀ ਕਰ ਲੈਂਦੇ ਨੇ। 10 ਘੋੜ ਸਵਾਰ ਆਪ ਦੇ ਨਾਲ ਗਏ। ਜਿਨ੍ਹਾਂ 'ਚੋਂ ਮੁਖੀ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਆਦਿ ਗੁਰਸਿੱਖ ਸਨ। ਭਾਈ ਜੈਤਾ ਜੀ ਸਨ। ਭਾਈ ਗੁਰਦਿੱਤਾ ਸੀ। ਇਸ ਤਰ੍ਹਾਂ 10 ਘੋੜ ਸਵਾਰ ਸੀ। ਮਹਾਰਾਜ ਜੀ ਦੇ ਮਗਰ ਨਿਰਮੋਹਗੜ੍ਹ ਤਕ ਸੰਗਤ ਆਈ। ਉਥੇ ਮਹਾਰਾਜ ਜੀ ਨੇ ਲਕੀਰ ਖਿੱਚ ਦਿਤੀ ਕਿ ਤੁਸੀਂ ਮੇਰੇ ਗੁਰਸਿੱਖ ਹੋਂ। ਮੇਰਾ ਹੁਕਮ ਨਹੀਂ ਮੋੜਨਾ, ਏਥੋਂ ਤੁਸੀਂ ਪਿੱਛੇ ਨੂੰ ਚਲੇ ਜਾਓ। ਉਸ ਵੇਲੇ ਸੰਗਤ ਦੇ ਮਨ ਵਿਚ ਐਨਾ ਵੈਰਾਗ ਸੀ ਕਿ ਗੁਰੂ ਮਹਾਰਾਜ ਆਪਣੇ ਆਪ ਸੀਸ ਦੇਣ ਵਾਸਤੇ ਜਾ ਰਹੇ ਨੇ। ਕਾਤਲ ਤਾਂ ਆਉਂਦੇ ਮਕਤੂਲ ਦੇ ਪਾਸ, ਪਰ ਇਹ ਮਖਤੂਲ ਕਾਤਲ ਦੇ ਪਾਸ ਜਾ ਰਿਹੈ। ਹਿਰਦਾ ਉਸ ਵੇਲੇ ਵਿੰਨ੍ਹਿਆ ਗਿਆ, ਨੇਤਰਾਂ ਵਿਚ ਜਲ ਆਉਂਦੈ ਤੇ ਆਪਣੇ ਭਾਵ ਇਸ ਤਰ੍ਹਾਂ

ਦੇ ਨਾਲ ਪ੍ਰਗਟ ਕਰਦੇ ਨੇ –

*ਧਾਰਨਾ – ਕਦੇ ਹੋਣਗੇ ਸੰਜੋਗਾਂ ਨਾਲ ਮੇਲੇ,*
*ਨਦੀਆਂ ਦੇ ਵਹਿਣ ਵਿਛੜੇ।*

*ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥*
*ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ ॥*

*ਅੰਗ – ੪੩੯*

ਐਸੇ ਭਾਵ ਨੇਤਰਾਂ 'ਚੋਂ ਜਲ ਜਾ ਰਿਹੈ। ਬਾਰ-ਬਾਰ ਦੇਖਦੇ ਨੇ ਗੁਰੂ ਸਾਹਿਬ ਵਲ ਕਿ ਆਪਣੇ ਆਪ ਹੀ ਜਾ ਰਹੇ ਨੇ। ਦੇਖੋ ਵਿਛੋੜਾ ਕਿਵੇਂ ਪੈ ਰਿਹੈ। ਮਾਤਾਵਾਂ ਨੂੰ ਆਪ ਨੇ ਬ੍ਰਹਮ ਗਿਆਨ ਦੀ ਦਾਤ ਦੇ ਕੇ, ਇਸ ਵਿਛੋੜੇ ਦੇ ਚੱਕਰ ਵਿਚੋਂ ਕੱਢ ਦਿਤਾ। ਸਮਝਾ ਦਿਤਾ –

*ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥*

*ਅੰਗ – ੨*

ਡਿਊਟੀ ਲਾ ਦਿਤੀ ਮਾਤਾ ਗੁਜਰੀ ਜੀ ਦੀ ਕਿ ਤੁਸੀਂ ਇਹਨਾਂ ਦੇ ਨਾਲ ਰਹਿਣੈ ਤੇ ਸਿੱਖੀ ਨੂੰ ਚਲਾਉਣੈ ਤੇ ਸੰਗਤਾਂ ਨੂੰ ਸਮਝਾਇਆ ਕਿ ਪਿਆਰਿਓ! ਇਹ ਸੰਸਾਰ ਦੇ ਵਿਚ ਤਨ ਤਾਂ ਮਿਥਿਆ ਹੈ –

*ਸਾਧੋ ਇਹੁ ਤਨੁ ਮਿਥਿਆ ਜਾਨਉ ॥*
*ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥*

*ਅੰਗ– ੧੧੮੬*

ਅਸੀਂ ਇਕ ਬੜੇ ਨੇਕ ਕੰਮ ਵਾਸਤੇ ਜਾ ਰਹੇ ਹਾਂ, ਸਰੀਰ ਨੇ ਤਾਂ ਜਾਣਾ ਹੀ ਜਾਣਾ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਬਾਬਰ ਨੂੰ ਰਾਜ ਭਾਗ ਦੀ ਬਖਸ਼ਿਸ਼ ਕੀਤੀ ਸੀ। ਨਾਲ ਬਚਨ ਵੀ ਕਰ ਦਿਤਾ ਸੀ ਕਿ ਜਦੋਂ ਤੁਸੀਂ ਅਨਿਆਂ ਕਰੋਂਗੇ। ਅਸੀਂ ਸੱਤ ਸੀਸ ਦੇ ਕੇ ਤੁਹਾਡੇ ਤੋਂ ਗੱਦੀ ਵਾਪਸ ਲੈ ਲਵਾਂਗੇ। ਫੇਰ ਤੁਹਾਡੀ ਓਲਾਦ ਕੋਲ ਰਾਜ ਨਹੀਂ ਰਹਿਣਾ। ਗਿਰ ਜਾਏਗਾ। ਜੇ ਸਤਿ ਦੇ ਮਾਰਗ 'ਤੇ ਚੱਲੇ ਤਾਂ ਸੱਤ ਪੁਸ਼ਤਾਂ ਰਾਜ ਕਰੋਂਗੇ। ਸੋ ਦੋ ਸੀਸ ਦੇ ਦਿਤੇ ਨੇ, ਗੁਰੂ ਪੰਜਵੇਂ ਪਾਤਸ਼ਾਹ ਦਾ ਅਤੇ ਗੁਰੂ ਅੱਠਵੇਂ ਪਾਤਸ਼ਾਹ ਦਾ। ਹੁਣ ਅਸੀਂ ਤੀਸਰਾ ਸੀਸ ਜੋ ਹੈ ਇਹ ਭਾਂਡਾ, ਠੀਕਰ ਜੋ ਹੈ ਸਰੀਰ ਦਾ, ਇਹ ਔਰੰਗੇ ਦੇ ਸਿਰ ਭੰਨਣਾ ਹੈ। ਕਿਉਂਕਿ ਥੋੜ੍ਹੇ ਦਿਨਾਂ ਨੂੰ ਅਸੀਂ ਵੈਸੇ ਵੀ ਚਲੇ ਜਾਣਾ ਹੈ। ਸੋ ਇਸ ਕਰਕੇ ਤੁਸੀਂ ਐਨਾ ਅਫ਼ਸੋਸ ਨਾ ਕਰੋ। ਸੋ ਉਸ ਵੇਲੇ ਗੁਰੂ ਮਹਾਰਾਜ ਚਲਦੇ ਨੇ। ਦਸ ਸਵਾਰ ਨਾਲ ਨੇ, ਆਹਿਸਤਾ-ਆਹਿਸਤਾ ਚਲਦੇ ਆਪ ਰੋਪੜ ਚਲੇ ਗਏ। ਇਹਨਾਂ ਪਿੰਡਾਂ 'ਚੋਂ ਹੁੰਦੇ, ਪਟਿਆਲੇ ਚਲੇ ਗਏ। ਪਟਿਆਲੇ ਜਦੋਂ ਪਤਾ ਲੱਗਿਆ, ਸੈਫਦੀਨ ਨੂੰ, ਉਹ ਬੜਾ ਪ੍ਰੇਮੀ ਸੀਗਾ। ਉਹ ਮਹਾਰਾਜ ਜੀ ਨੂੰ ਆਪਣੇ ਕੋਲ ਲੈ ਗਿਆ। ਜਾ ਕੇ ਦੋ ਮਹੀਨੇ ਸੈਫਾਬਾਦ ਪਿੰਡ ਦੇ ਅੰਦਰ, ਬੜੀ ਮਹਾਰਾਜ ਦੀ ਸੇਵਾ ਕਰੀ, ਬੜਾ ਹੀ ਪਿਆਰ ਕਰਿਆ। ਉਥੇ ਸਤਿਸੰਗ ਹੋਣੇ ਸ਼ੁਰੂ ਹੋ ਗਏ ਤੇ ਮਹਾਰਾਜ ਜੀ ਜਾਣ ਵਾਸਤੇ ਕਹਿੰਦੇ ਨੇ, ਉਹ ਰੋਕੀ ਜਾਂਦੈ। ਰੋਜ਼ ਰੋਕ ਲੈਂਦੈ। ਸੱਚੇ ਪਾਤਸ਼ਾਹ! ਨਾ ਜਾਓ ਤੁਸੀਂ, ਆਪਣੇ ਆਪ ਨਾ ਜਾਓ। ਮਹਾਰਾਜ ਜੀ ਨੇ ਬ੍ਰਹਮ ਗਿਆਨ ਦੀ ਦਾਤ ਉਸ ਨੂੰ ਦਿਤੀ ਤੇ ਉਥੇ ਹੀ ਸੱਯਦ ਮੁਹੰਮਦ ਖਾਨ ਸਮਰਾਲੇ ਵਾਲਾ ਆ ਜਾਂਦੈ। ਉਹਨੇ ਜਦੋਂ ਮਹਾਰਾਜ ਜੀ ਦੇ ਬਚਨ ਸੁਣੇ, ਐਨਾ ਪ੍ਰਭਾਵਿਤ ਹੋਇਆ, ਕਹਿਣ ਲੱਗਿਆ, ਸੱਚੇ ਪਾਤਸ਼ਾਹ! ਤੁਸੀਂ ਮੇਰੇ ਕੋਲ ਚੱਲੋ। ਜਦੋਂ ਬਾਹਰ ਨਿਕਲਿਆ, ਤਾਂ ਉਥੇ ਦੋ ਤਿੰਨ ਸਵਾਰ ਫਿਰਦੇ ਸੀ ਘੋੜਿਆਂ 'ਤੇ, ਕਹਿਣ ਲੱਗਿਆ, ਤੁਸੀਂ ਕਿੱਧਰ ਫਿਰਦੇ ਹੋ? ਕਹਿਣ ਲੱਗੇ, ਗੁਰੂ ਤੇਗ ਬਹਾਦਰ ਸਾਹਿਬ ਨੇ ਬਚਨ ਕਰਿਆ ਸੀ ਕਿ ਦਿੱਲੀ ਆਉਣਾ ਹੈ ਅਸੀਂ। ਉਹ ਆਏ ਨਹੀਂ, ਅਸੀਂ ਉਹਨਾਂ ਨੂੰ ਟੋਲ੍ਹਦੇ ਫਿਰਦੇ ਹਾਂ। ਕਹਿਣ ਲੱਗਿਆ, ਅੱਛਾ! ਪਤਾ ਲਗਦੈ ਕਿਤੇ? ਕਹਿਣ ਲੱਗੇ, ਨਹੀਂ, ਪਤਾ ਨਹੀਂ ਲਗਦਾ। ਅਸੀਂ ਸਾਰੇ ਫਿਰ ਰਹੇ ਹਾਂ। ਉਹ ਉਸ ਵੇਲੇ ਮਹਾਰਾਜ ਜੀ ਕੋਲ ਆਇਆ, ਕਹਿਣ ਲੱਗਿਆ, ਸੱਚੇ ਪਾਤਸ਼ਾਹ! ਤੁਸੀਂ ਮੇਰੀ ਹਵੇਲੀ ਵਿਚ ਚੱਲੋ। ਸੈਫਦੀਨ ਨੇ ਵੀ ਕਿਹਾ ਕਿ ਮਹਾਰਾਜ ਠੀਕ ਹੈ। ਸਵਾਰ ਆਪ ਨੂੰ ਟੋਲ੍ਹਦੇ ਫਿਰਦੇ ਨੇ। ਉਥੇ ਮਹਾਰਾਜ ਨੇ ਪੰਜ ਸਵਾਰ ਜਿਹੜੇ ਵਾਧੂ ਸੀ ਉਹ ਵੀ ਵਾਪਸ ਕਰ ਦਿਤੇ। ਕਹਿਣ ਲੱਗੇ, ਅਸੀਂ ਹੁਣ ਪੰਜਾਂ ਨੇ ਜਾਣਾ ਹੈ ਤੇ ਤੁਸੀਂ ਵੀ ਜਾਓ ਤੇ ਉਹ ਹਵੇਲੀ 'ਚ ਆ ਗਏ। ਉਹਨਾਂ ਨੂੰ ਸੂਹ ਲਗ ਗਈ ਕਿ ਉਹ ਤਾਂ ਸੱਯਦ ਦੀ ਹਵੇਲੀ ਵਿਚ ਚਲੇ ਗਏ। ਉਸ ਵੇਲੇ ਜਦੋਂ ਮੁਹੰਮਦ ਬਖਸ਼ ਨੂੰ ਪਤਾ ਲੱਗਿਆ। ਕਹਿਣ ਲੱਗਿਆ, ਕੀ ਕਰਦੇ ਹੋਂ ਤੁਸੀਂ ਕੱਲ੍ਹ ਵੀ ਤੁਸੀਂ ਮੈਨੂੰ ਮਿਲੇ ਸੀ? ਕਹਿੰਦੇ, ਗੁਰੂ ਤੇਗ ਬਹਾਦਰ ਜੀ ਨੂੰ ਟੋਲ੍ਹਦੇ ਹਾਂ। ਤੁਹਾਡੀ ਹਵੇਲੀ 'ਚ ਨੇ ਪਤਾ ਲੱਗਿਆ ਹੈ। ਕਹਿੰਦਾ, ਵਾਹ ਮੈਂ ਇਸਲਾਮ ਨੂੰ ਮੰਨਣ ਵਾਲਾ, ਉਹਨਾਂ ਦਾ ਇਨਾਮ ਰੱਖਿਆ ਹੈ ਤੁਸੀਂ, ਮੈਂ ਕਿਸ ਤਰ੍ਹਾਂ ਉਹਨਾਂ ਨੂੰ ਰੱਖ ਸਕਦਾ ਹਾਂ। ਬੜੀ ਡਾਂਟ ਪਾਈ ਉਸ ਨੇ। ਮੇਰੇ 'ਤੇ ਸ਼ੱਕ ਕਰਦੇ ਹੋਂ?

ਉਹ ਚਲੇ ਜਾਂਦੇ ਨੇ। ਉਸ ਤੋਂ ਬਾਅਦ ਗੁਰੂ ਮਹਾਰਾਜ ਜੀ ਹੌਲੀ-ਹੌਲੀ ਜਾ ਕੇ ਪਹੁੰਚ ਜਾਂਦੇ ਨੇ ਨੇੜੇ ਤੇ ਆਗਰੇ ਦੇ ਵਿਚ, ਇਕ ਗਰੀਬ ਆਦਮੀ ਸੀ ਉਹ ਬਾਰ-ਬਾਰ ਇਹ ਸੋਚਦਾ ਸੀ ਕਿ ਜੇ ਮੈਨੂੰ

ਪਤਾ ਲਗ ਜਾਵੇ ਤਾਂ ਮੇਰੀ ਗਰੀਬੀ ਜਾਂਦੀ ਰਹੇਗੀ। ਉਸ ਥਾਂ 'ਤੇ ਜਾ ਕੇ ਮਹਾਰਾਜ ਜੀ ਉਹਨੂੰ ਕੀਮਤੀ ਦੁਸ਼ਾਲਾ ਦਿੰਦੇ ਨੇ ਤੇ ਨਾਲ ਮੋਹਰ ਦਿੰਦੇ ਨੇ, ਮਠਿਆਈ ਮੰਗਵਾਉਂਦੇ ਨੇ, ਕੀਮਤੀ ਸਮਾਨ ਦੇਖ ਕੇ ਉਸ ਨੂੰ ਸ਼ੱਕ ਪੈ ਗਿਆ। ਉਸ ਥਾਂ ਦੇ ਉਤੇ ਮਹਾਰਾਜ ਨੂੰ ਗ੍ਰਿਫ਼ਤਾਰ ਕਰਕੇ ਦਿੱਲੀ ਲੈ ਆਂਦਾ।

ਬਾਦਸ਼ਾਹ ਦਾ ਫੁਰਮਾਨ ਹੋ ਚੁੱਕਿਆ ਕਿ ਪਹਿਲਾਂ ਪਿਆਰ ਕਰੋ, ਫੇਰ ਲਾਲਚ ਦਿਓ। ਜੇ ਮੰਨਣ ਫੇਰ ਉਸ ਤੋਂ ਬਾਅਦ ਸਖ਼ਤੀ ਕਰੋ। ਸੋ ਇਸ ਤਰ੍ਹਾਂ ਦੇ ਨਾਲ ਕਈ ਚਾਲਾਂ ਆਪ ਦੇ ਨਾਲ ਚੱਲੀਆਂ ਗਈਆਂ। ਪਰ ਦੇਖਿਆ ਕਿ ਆਪ ਤਾਂ ਅਹਿੱਲ ਨੇ। ਉਸ ਵੇਲੇ ਗੁਰੂ ਮਹਾਰਾਜ ਨੂੰ ਇਕ ਖਸਤਾ ਹਵੇਲੀ ਜਿਹਨੂੰ ਦੇਓ ਵਾਲੀ ਹਵੇਲੀ ਕਹਿੰਦੇ ਸੀ। ਉਹਦੇ ਵਿਚ ਬੰਦ ਕਰ ਦਿਤਾ। ਕਈ ਤਜਰਬੇ ਉਹਨਾਂ ਨੇ ਕੀਤੇ। ਮਿਰਚਾਂ ਲੈ ਕੇ ਜਾਲੀਆਂ, ਮਹਾਰਾਜ ਕਹਿੰਦੇ, ਜਿੰਨੀਆਂ ਰਹਿ ਜਾਣਗੀਆਂ। ਇਕ ਨਹੀਂ ਬਣਨਾ, ਵੱਧ ਹੋਣਗੇ। ਮਿਰਚਾਂ ਜਾਲੀਆਂ ਗਈਆਂ, ਤਿੰਨ ਨਿਕਲ ਆਈਆਂ। ਕਹਿੰਦੇ, ਹੁਣ ਤੂੰ ਤਾਂ ਇਕ ਕਰਨ ਨੂੰ ਫਿਰਦੈਂ, ਇਥੇ ਤਿੰਨ ਹੋਣਗੇ। ਇਕ ਖਾਲਸਾ ਹੋਏਗਾ, ਇਸਲਾਮ ਵੀ ਹੋਏਗਾ ਤੇ ਹਿੰਦੂ ਧਰਮ ਵੀ ਰਹੇਗਾ। ਇਸ ਤਰ੍ਹਾਂ ਉਸ ਥਾਂ ਦੇ ਉਤੇ ਬਹੁਤ ਕੌਤਕ ਹੁੰਦੇ ਨੇ। ਫੇਰ ਅਖੀਰ ਦੇ ਉਤੇ ਆਪ ਜੀ ਨੂੰ ਪਿੰਜਰੇ ਵਿਚ ਬੰਦ ਕਰ ਦਿਤਾ। ਜਿਸ ਵਿਚ ਆਪ ਨਾ ਬੈਠ ਸਕਦੇ ਸੀ, ਨਾ ਹਿੱਲ ਸਕਦੇ ਸੀ, ਮੇਖਾਂ ਲੱਗੀਆਂ ਹੋਈਆਂ ਸੀ, ਸਲਾਈਆਂ ਲੱਗੀਆਂ ਹੋਈਆਂ ਸੀ, ਜ਼ਰਾ ਕੁ ਇਧਰ ਉਧਰ ਹੋਵੋ ਉਸੇ ਵੇਲੇ ਚੁੱਭ ਜਾਂਦੀਆਂ ਸੀ। ਨਾ ਸਿੱਧੇ ਹੋ ਸਕਦੇ ਸੀ।

ਇਧਰਲੇ ਪਾਸੇ ਭਾਈ ਮਤੀ ਦਾਸ ਕਹਿਣ ਲੱਗੇ ਕਿ ਸੱਚੇ ਪਾਤਸ਼ਾਹ! ਐਨਾ ਦੁਖ ਸਾਡੇ ਤੋਂ ਦੇਖਿਆ ਨਹੀਂ ਜਾਂਦਾ। ਜੇ ਆਗਿਆ ਦੇਵੇਂ ਤਾਂ ਦਿੱਲੀ ਤੇ ਲਾਹੌਰ ਦੋਹਾਂ ਨੂੰ ਮੈਂ ਗਰਕ ਕਰ ਦੇਵਾਂ। ਮਹਾਰਾਜ ਕਹਿਣ ਲੱਗੇ, ਮਤੀ ਦਾਸ! ਸ਼ਕਤੀ ਕਿੱਥੋਂ ਆਈ? ਜ਼ਰ ਕਿਉਂ ਨਹੀਂ ਹੁੰਦੀ ਤੇਰੇ ਤੋਂ? ਪਾਤਸ਼ਾਹ! ਕੱਲ੍ਹ ਆਪ ਨੇ ਗੰਨੇ ਚੂਪੇ ਸੀ, ਮੈਂ ਛਿਲਕ ਮੂੰਹ ਵਿਚ ਪਾ ਲਿਆ, ਉਸ ਵੇਲੇ ਦੀ ਆਈ ਸ਼ਕਤੀ ਮੇਰੇ ਤੋਂ ਜ਼ਰੀ ਨਹੀਂ ਜਾਂਦੀ। ਕਹਿਣ ਲੱਗੇ, ਦੇਖ, ਸਮੁੰਦਰ ਦੇ ਵਿਚੋਂ ਤੈਨੂੰ ਇਕ ਕਤਰਾ ਮਿਲਿਐ। ਫੇਰ ਸਮੁੰਦਰ ਨਹੀਂ ਸਭ ਕੁਝ ਕਰ ਸਕਦਾ। ਨਾ, ਇਹ ਠੀਕਰਾ ਭੰਨਣਾ ਹੈ ਇਹਦੇ ਸਿਰ। ਇਹਦੇ 'ਚ ਕੋਈ ਨਹੀਂ, ਤੁਸੀਂ ਵੀ ਮੇਰੇ ਨਾਲ ਜਾਣਾ ਹੈ ਸਾਰਿਆਂ ਨੇ। ਸੋ ਜੇ ਅਜੇ ਵੀ ਚਾਹੁੰਦੇ ਹੋਂ, ਜਾ ਸਕਦੇ ਹੋਂ। ਉਧਰਲੇ ਪਾਸੇ ਭਾਈ ਜੈਤਾ ਤੇ ਭਾਈ ਗੁਰਦਿੱਤਾ, ਭਾਈ ਜੈਤਾ ਜਿਹੜੇ ਅੰਮ੍ਰਿਤ ਛਕਣ ਤੋਂ ਬਾਅਦ ਜੀਵਨ ਸਿੰਘ ਬਣੇ। ਭਾਈ ਗੁਰਦਿੱਤੇ ਨੂੰ ਕਿਹਾ ਕਿ ਤੂੰ ਹੁਣ ਜਿਥੇ ਗੁਰੂ ਛੇਵੇਂ ਪਾਤਸ਼ਾਹ ਦੇ ਘੋੜੇ ਤੇਰੇ ਬਾਬੇ ਨੇ ਸੰਭਾਲੇ ਸੀ ਉਥੇ ਚਲਿਆ ਜਾਹ। ਭਾਈ ਜੈਤੇ ਨੂੰ ਕਿਹਾ ਕਿ ਜਦੋਂ ਅਸੀਂ ਸੀਸ ਦੇਵਾਂਗੇ ਉਸ ਵੇਲੇ ਤੂੰ ਸੀਸ ਚੁੱਕ ਲਈਂ, ਸਾਡਾ ਧੜ ਵੀ ਚੁੱਕਿਆ ਜਾਏਗਾ, ਸੀਸ ਵੀ ਚੁੱਕਿਆ ਜਾਏਗਾ। ਸਾਡੀ ਜੀਵਨ ਯਾਤਰਾ ਖਤਮ ਹੋ ਜਾਏਗੀ। ਇਹ ਗੱਲ ਜਿਹੜਾ ਪਹਿਰੇਦਾਰ ਸੀ ਉਹਨੇ ਸੁਣ ਲਈ, ਕਿ ਭਾਈ ਮਤੀ ਦਾਸ ਇਸ ਤਰ੍ਹਾਂ ਸ਼ਕਤੀ ਦਿਖਾਉਣ ਵਾਸਤੇ ਕਹਿੰਦੇ ਨੇ। ਬਈ ਉਹਨਾਂ ਨੂੰ ਗੁਰੂ ਮਹਾਰਾਜ ਨੇ ਰੋਕ ਦਿਤੈ ਸ਼ਕਤੀ ਦਿਖਾਉਣ ਤੋਂ। ਤਿੰਨ ਗੱਲਾਂ ਗੁਰੂ ਮਹਾਰਾਜ ਦੇ ਸਾਮ੍ਹਣੇ ਰੱਖੀਆਂ ਗਈਆਂ ਸੀ ਕਿ ਜਾਂ ਤਾਂ ਤੁਸੀਂ ਕਰਾਮਾਤ ਦਿਖਾਓ। ਜਿਸ ਤਰ੍ਹਾਂ ਰਾਮ ਰਾਇ ਨੇ ਦਿਖਾਈ ਸੀ। ਬਾਦਸ਼ਾਹ ਜਿਵੇਂ ਕਹਿੰਦੈ, ਉਵੇਂ ਦਿਖਾ ਦਿਓ। ਜੋ ਕੁਝ ਉਹ ਕਹਿੰਦੈ ਕਿ ਆਹ ਦਿਖਾਓ, ਆਹ ਦਿਖਾਓ, ਉਸੇ ਤਰ੍ਹਾਂ ਆਪ ਸਾਰੀਆਂ ਸ਼ਕਤੀਆਂ ਦਿਖਾ ਦਿਓ। ਦੂਸਰਾ ਹੈ ਇਸਲਾਮ ਵਿਚ ਆ ਜਾਓ। ਨਹੀਂ ਤਾਂ ਫੇਰ ਤੁਸੀਂ ਆਪਣੇ ਹੱਥੀਂ ਆਪਣਾ ਹੀ ਨੁਕਸਾਨ ਕਰੋਂਗੇ ਤੇ ਤੁਹਾਨੂੰ ਸ਼ਹੀਦੀ ਦੇਣੀ ਪਵੇਗੀ। ਸਰੀਰ ਛੱਡਣਾ ਪਵੇਗਾ।

ਮਹਾਰਾਜ ਕਹਿੰਦੇ, ਦੇਖੋ, ਭਾਈ ਪ੍ਰੇਮੀਓ! ਇਹ ਜੋ ਕਰਾਮਾਤ ਹੈ ਇਹ ਕੋਈ ਤਮਾਸ਼ਾ ਨਹੀਂ ਹੋਇਆ ਕਰਦਾ। ਇਹ ਸਾਂਈ ਲੋਕਾਂ ਦੇ ਵਿਚ ਬੇਅੰਤ ਹੁੰਦੀਆਂ ਨੇ –

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥* *ਅੰਗ – ੬੪੯*

ਪਰ ਇਹ ਨਾਟਕ ਚੇਟਕ ਕਰਨ ਵਾਸਤੇ ਸਾਧੂ ਹੁੰਦੇ ਨੇ? –

*ਨਾਟਕ ਚੇਟਕ ਕੀਏ ਕੁਕਾਜਾ।*
*ਪ੍ਰਭ ਲੋਗਨ ਕਹ ਆਵਤ ਲਾਜਾ।* *ਬਚਿਤ੍ਰ ਨਾਟਕ*

ਅਸੀਂ ਨਹੀਂ ਦਿਖਾਉਣੇ। ਦੂਸਰਾ ਹੈ ਇਸਲਾਮ 'ਚ ਆਉਣ ਦੀ ਗੱਲ, ਇਹ ਤਾਂ ਗੱਲ ਅਸੀਂ ਮੰਨਣੀ ਨਹੀਂ। ਆਪਣੇ ਘਰ ਵਿਚ ਜੋ ਸੁਖ ਹੈ, ਦੂਜੇ ਦੇ ਘਰ ਵਿਚ ਨਹੀਂ ਹੁੰਦਾ। ਫੇਰ ਇਹ ਚੀਜ਼ ਹੈ ਕਿ ਕੀ ਗਰੰਟੀ ਹੋਈ-ਹੋਈ ਕਿ ਇਥੇ ਮੌਤ ਹੀ ਨਹੀਂ

ਆਉਣੀ? ਜਦੋਂ ਜਾਣਾ ਹੀ ਹੈ ਸੰਸਾਰ ਤੋਂ, ਜਾਣਾ ਉਸ ਦਿਨ ਹੈ ਜਿਸ ਦਿਨ, ਦਿਨ ਆ ਗਿਆ, ਕਾਰਨ ਆ ਗਿਆ, ਥਾਂ ਆ ਗਿਆ। ਇਸ ਤੋਂ ਬਿਨਾਂ ਨਹੀਂ ਜਾਇਆ ਕਰਦਾ। ਫੇਰ ਕਿਹੜਾ ਰਹਿਣੈ। ਇਸਲਾਮ ਧਾਰਨ ਕਰਕੇ ਦੂਜੇ ਦਿਨ ਹੀ ਚੜ੍ਹਾਈ ਕਰ ਗਏ। ਇਹ ਬਾਤ ਨਹੀਂ ਹੁੰਦੀ ਹੈ ਕਿਸੇ ਤਰੀਕੇ ਦੇ ਨਾਲ। ਬਾਕੀ ਤੀਸਰਾ ਉਹ ਤਾਂ ਸੰਸਾਰ ਤੋਂ ਜਾਣਾ ਹੀ ਜਾਣਾ। ਸੰਸਾਰ ਬਿਨਸਨਹਾਰ ਹੈ –

*ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥*

*ਅੰਗ – ੧੪੨੯*

ਅੱਜ ਚਲਿਆ ਕਿ ਕੱਲ੍ਹ ਚਲਿਆ ਗਿਆ। ਉਹ ਸਾਨੂੰ ਖੁਸ਼ੀ ਮਨਜ਼ੂਰ ਹੈ। ਜਵਾਬ ਦੇ ਦਿਤਾ।

ਫੇਰ ਇਹ ਸਲਾਹ ਹੋਈ ਕਿ ਇਹਨਾਂ ਦੇ ਸਾਮ੍ਹਣੇ ਤਸੀਹੇ ਦਿਓ। ਸਿੱਖਾਂ ਨੂੰ ਜਦੋਂ ਤਕਲੀਫ ਮਿਲੇਗੀ ਫੇਰ ਪਿਘਲਣਗੇ, ਫੇਰ ਕਹਿਣਗੇ ਕਿ ਹਾਂ ਅਸੀਂ ਇਸਲਾਮ ਧਾਰਨ ਕਰ ਲੈਂਦੇ ਹਾਂ ਜਾਂ ਸ਼ਕਤੀਆਂ ਦਿਖਾਉਣਗੇ। ਭਾਈ ਮਤੀ ਦਾਸ ਨੂੰ ਪੁੱਛਿਆ ਕਿ ਤੂੰ ਕੁਫਰ ਬੋਲਦਾ ਸੀ ਕਿ ਦਿੱਲੀ ਤੇ ਲਾਹੌਰ ਨੂੰ ਮੈਂ ਗਰਕ ਕਰ ਸਕਦਾ ਹਾਂ? ਕਹਿੰਦਾ, ਹਾਂ ਕਰ ਸਕਦਾ ਹਾਂ, ਗੁਰੂ ਆਗਿਆ ਦੇ ਦੇਣ। ਇਕ ਸਕਿੰਟ ਦੇ ਅੰਦਰ ਢਹਿ ਕੇ ਢੇਰੀ ਹੋ ਜਾਣਗੇ ਸਾਰੇ ਸ਼ਹਿਰ। ਗੁਰਸਿੱਖਾਂ ਦੇ ਅੰਦਰ ਐਨੀ ਸ਼ਕਤੀ ਹੈ। ਉਹ ਤਾਂ ਜਰਨ ਸ਼ਕਤੀ ਗੁਰੂ ਦੇ ਦਿੰਦੈ। ਫਤਵਾ ਦੇ ਦਿਤਾ ਕਿ ਇਸ ਨੂੰ ਲੱਕੜੀਆਂ ਦੇ ਵਿਚ ਬੰਨ੍ਹ ਕੇ, ਦੋ ਫਾੜ ਕਰ ਦਿਓ। ਬੰਨ੍ਹ ਲਿਆ ਤੇ ਪਿੱਠ ਗੁਰੂ ਸਾਹਿਬ ਵਲ ਕਰਕੇ, ਜਦੋਂ ਆਰਾ ਰੱਖਿਆ, ਉਸ ਵੇਲੇ ਜਲਾਦ ਨੇ ਦੇਖਿਆ ਕਿ ਆਰਾ ਰੱਖਦੇ ਸਾਰੇ ਇਹਦੇ ਨੇਤਰਾਂ 'ਚ ਚਮਕ ਆ ਗਈ ਹੈ ਤੇ ਚਿਹਰਾ ਲਾਲ ਸੁਰਖ ਹੋ ਗਿਆ। ਇਹਦੇ ਵਿਚੋਂ ਨੂਰ ਦੀ ਭਾਅ ਕਿਉਂ ਮਾਰਨ ਲਗ ਗਈ? ਪਹਿਲਾਂ ਜਿਹੜੇ ਅੱਜ ਤਕ ਅਸੀਂ ਚੀਰੇ ਨੇ ਉਹ ਤਾਂ ਬੰਨ੍ਹੇ ਹੀ ਮਰ ਜਾਂਦੇ ਸੀ। ਮੁਰਦਿਆਂ ਨੂੰ ਚੀਰਦੇ ਰਹੇ ਹਾਂ, ਜਿਉਂਦਿਆਂ ਨੂੰ ਤਾਂ ਚੀਰਿਆਂ ਹੀ ਨਹੀਂ ਅੱਜ ਤਾਈਂ।

ਕਹਿਣ ਲੱਗਿਆ, ਮਤੀ ਦਾਸ! ਇਹ ਕੀ ਵਰਤਾਰਾ ਹੈ ਜਿਹੜਾ ਤੇਰੇ ਉਤੇ ਵਰਤਿਆ ਹੈ? ਅੱਜ ਤਕ ਅਸੀਂ ਨਹੀਂ ਦੇਖਿਆ।

ਕਹਿਣ ਲੱਗੇ, ਤੂੰ ਕੀ ਲੈਣੈ?

ਜਲਾਦ ਕਹਿਣ ਲੱਗਿਆ ਕਿ ਇਹ ਗੱਲ ਤੂੰ ਮੈਨੂੰ ਦੱਸ ਦੇ, ਜੋ ਕੁਛ ਤੂੰ ਕਹੇਂਗਾ ਮੈਂ ਤੇਰੀ ਆਖਰੀ ਇੱਛਾ ਪੂਰੀ ਕਰਾਂਗਾ।

ਕਹਿਣ ਲੱਗੇ, ਮੇਰੀ ਗੱਲ ਤੇਰੀ ਸਮਝ ਵਿਚ ਨਹੀਂ ਆਉਣੀ। ਜਦੋਂ ਅਸੀਂ ਗੁਰੂ ਦੀ ਸ਼ਰਨ 'ਚ ਆਏ, ਇਕ ਘੁੱਟ ਸਾਨੂੰ ਅੰਮ੍ਰਿਤ ਨਸ਼ੇ ਦੀ ਪਿਲਾਈ ਹੋਈ ਹੈ, ਗੁਰੂ ਨੇ। ਉਹ ਜਿਸ ਦਿਨ ਦਾ ਪੀਤਾ ਹੈ ਉਸ ਦਿਨ ਤੋਂ ਉਹਦੀ ਖੁਮਾਰੀ ਨਹੀਂ ਲਹਿੰਦੀ। ਉਹ ਨਸ਼ਾ ਹੈ ਨਾਮ ਦਾ। ਇਸ ਤਰ੍ਹਾਂ ਫੁਰਮਾਨ ਕਰਦੇ ਨੇ–

*ਧਾਰਨਾ – ਚੜ੍ਹੀ ਰਹੇ ਦਿਨ ਰਾਤ ਨਾਮ ਖੁਮਾਰੀ-ਖੁਮਾਰੀ।*

*ਪੋਸਤ ਮਦ ਅਫੀਮ, ਭੰਗ,*
*ਉਤਰ ਜਾਇ ਪਰਭਾਤਿ।*
*ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ। ਜਨਮ ਸਾਖੀ*

ਕਹਿਣ ਲੱਗੇ, ਗੁਰਸਿੱਖ ਨਹੀਂ ਡੋਲਿਆ ਕਰਦਾ। ਕਿਉਂਕਿ ਮਰਦਾ ਨਹੀਂ ਹੈ, ਗੁਰਸਿੱਖ। ਮਰਦੀ ਹੈ ਚੌਰਾਸੀ। ਮਰਦੇ ਨੇ ਉਹ ਜਿਨ੍ਹਾਂ ਦੇ ਉਤੇ ਹਉਮੈ ਦਾ ਅਸਰ ਹੈ। ਗੁਰਸਿੱਖ ਨੇ ਮੌਤ ਫਤਹਿ ਕਰਕੇ, ਅਗਲਾ ਜੀਵਨ ਜਿਹਨੂੰ ਜੀਵਨ ਮੁਕਤ ਕਹਿੰਦੇ ਨੇ, ਉਹ ਪ੍ਰਾਪਤ ਕੀਤਾ ਹੋਇਆ ਹੈ। ਉਹਨੇ ਆਪਣੇ ਘਰ ਨੂੰ ਜਾਣਾ ਹੈ। ਮਹਾਨ ਸੁਖ ਦੇ ਵਿਚ ਜਾਣਾ ਹੈ। ਜਿਥੇ ਜਾ ਕੇ ਫੇਰ ਮੁੜ ਕੇ ਮਰਨ ਨਹੀਂ ਹੈ। ਉਥੇ ਸਦਾ ਦਾ ਜੀਵਨ ਪ੍ਰਾਪਤ ਹੁੰਦੈ। ਜਿਹੜਾ ਆਪਣੇ ਘਰ ਨੂੰ ਜਾ ਰਿਹਾ ਹੋਵੇ ਖੁਸ਼ੀਆਂ ਲੈ ਕੇ, ਉਹ ਕਿਸ ਤਰ੍ਹਾਂ ਦੇ ਨਾਲ ਡਰੇ? ਉਹਨੂੰ ਤਾਂ ਖੁਸ਼ੀ ਹੁੰਦੀ ਹੈ ਕਿ ਮੈਂ ਆਪਣਾ ਸਫ਼ਰ ਪੂਰਾ ਕਰ ਲਿਆ ਤੇ ਮੈਂ ਆਪਣੇ ਘਰ ਨੂੰ ਜਾ ਰਿਹਾ ਹਾਂ।

ਕਹਿਣ ਲੱਗਿਆ, ਕੋਈ ਫਰਮਾਇਸ਼?

ਕਹਿਣ ਲੱਗੇ, ਫਰਮਾਇਸ਼ ਹੈ ਕਿ ਤੂੰ ਮੇਰਾ ਮੁਖ ਜਿਹੜਾ ਹੈ ਉਹ ਗੁਰੂ ਸਾਹਿਬ ਤੋਂ ਦੂਸਰੇ ਪਾਸੇ ਕਰ ਦਿਤਾ। ਘੁੰਮਾ ਦੇ ਲੱਕੜੀਆਂ, ਉਹਨਾਂ ਵਲ ਨੂੰ ਮੂੰਹ ਕਰਦੇ ਮੇਰਾ। ਕਰਾ ਦਿਤਾ ਗਿਆ। ਆਰਾ ਰਖ ਦਿਤਾ ਗਿਆ। ਅੰਦਰੋਂ-ਅੰਦਰ ਗੁਰੂ ਸਰੂਪ ਨੂੰ ਨਮਸ਼ਕਾਰ ਕਰਨ ਤੋਂ ਬਾਅਦ ਆਰਾ ਚੱਲਣ ਲੱਗਿਆ। ਓਧਰ ਆਰੇ ਨੇ ਇਕ ਚੱਕਰ ਦਿਤਾ ਤੇ ਇਧਰ – '੧ਓ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰ...' ਦਾ ਉਚਾਰਨ ਹੋਣਾ ਸ਼ੁਰੂ ਹੋ ਗਿਆ। ਸਰੀਰ ਚੀਰਦਾ ਜਾਂਦਾ ਹੈ, ਅਵਾਜ਼ ਉੱਚੀ ਹੁੰਦੀ ਜਾਂਦੀ ਹੈ। ਹੈਰਾਨ ਹੋ ਰਹੇ ਨੇ ਕਿ ਇਹ ਕੀ ਹੈ? ਦਿਮਾਗ ਚੀਰਿਆ

ਗਿਆ ਹੈ, ਗਲ ਚੀਰਿਆ ਗਿਆ, ਜੀਭ ਚੀਰੀ ਗਈ ਹੈ ਤੇ ਇਹ ਕਲਮਾ ਪੜ੍ਹ ਰਿਹੈ। ਦੋ ਫਾੜ ਕਰਕੇ ਸੁੱਟ ਦਿਤਾ, ਇਕ ਏਧਰ ਤੇ ਇਕ ਓਧਰ। ਖੂਨ ਚਲ ਰਿਹੈ। ਦੋਹਾਂ ਦੇ ਵਿਚੋਂ ਇਕੱਠੀ ਅਵਾਜ਼ ਆ ਰਹੀ ਹੈ, ਜਪੁਜੀ ਸਾਹਿਬ ਦੀ। ਜਦੋਂ ਤਕ ਭੋਗ ਨਹੀਂ ਪਿਆ –

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ ਅੰਗ – ੮*

ਅਵਾਜ਼ ਆ ਰਹੀ ਹੈ। ਹੈਰਾਨ ਹੋ ਗਏ ਕਿ ਹੈਂ ਇਹਦੇ ਦੋ ਹਿੱਸੇ ਹੋ ਗਏ, ਅਵਾਜ਼ ਇਹਦੀ ਬੰਦ ਨਹੀਂ ਹੋਈ। ਦਿਨ ਲੰਘ ਗਿਆ, ਦੂਸਰਾ ਦਿਨ ਆਇਆ। ਭਾਈ ਦਿਆਲਾ ਜੀ ਦੀ ਵਾਰੀ ਆ ਗਈ। ਉਸ ਨੂੰ ਵੀ ਤਿੰਨੋ ਗੱਲਾਂ ਕਹੀਆਂ ਕਿ ਜੇ ਸ਼ਕਤੀ ਦਿਖਾਉਣੀ ਹੈ ਤਾਂ ਸ਼ਕਤੀ ਦਿਖਾ। ਨਹੀਂ ਤਾਂ ਇਸਲਾਮ ਮੰਨ ਲੈ। ਨਹੀਂ ਤਾਂ ਤਿਆਰ ਹੋ ਜਾ। ਉਹਨਾਂ ਨੇ ਕਿਹਾ ਕਿ ਅਸੀਂ ਸ਼ਕਤੀਆਂ ਨਹੀਂ ਦਿਖਾਉਂਦੇ। ਨਾਟਕ ਚੇਟਕ ਨਹੀਂ ਅਸੀਂ ਕਰਦੇ। ਬਾਕੀ ਤੂੰ ਜਿਹੜਾ ਕੁਛ ਕਰਨਾ ਹੈ ਉਹ ਕਰ ਲੈ। ਦੇਗ ਉਬਾਲ ਦਿਤੀ ਗਈ, ਪਾਣੀ ਉਬਲਣਾ ਸ਼ੁਰੂ ਹੋ ਗਿਆ। ਉਸ ਵੇਲੇ ਭਾਈ ਦਿਆਲੇ ਨੂੰ ਹੁਕਮ ਕੀਤਾ ਕਿ ਇਸ ਦੇਗ ਦੇ ਵਿਚ ਬਹਿ ਜਾ।

ਗੁਰਸਿੱਖ ਨੇ ਅਰਦਾਸ ਕਰੀ, ਹੇ ਗੁਰੂ ਪੰਜਵੇਂ ਪਾਤਸ਼ਾਹ! ਤੁਸੀਂ ਆਪ ਦੇਗ ਦੇ ਵਿਚ ਉਬਾਲੇ ਲਏ ਸੀ। ਅੱਜ ਮੇਰੀ ਸਿੱਖੀ ਜਿਹੜੀ ਹੈ ਇਹਨੂੰ ਕਿਤੇ ਕੋਈ ਜਰਕ ਨਾ ਆ ਜਾਵੇ, ਇਹ ਤੇਰੇ ਭਾਣੇ ਵਿਚ ਰਾਜ਼ੀ ਰਹੇ ਤੇ ਮੇਰੀ ਸਹਾਇਤਾ ਕਰੋ। ਇਸ ਤਰ੍ਹਾਂ ਦੇ ਨਾਲ ਬੇਨਤੀ ਕਰਦੇ ਨੇ –

*ਧਾਰਨਾ – ਮੇਰੀ ਟੁੱਟੇ ਨਾ ਪ੍ਰੇਮ ਵਾਲੀ ਡੋਰੀ,*
*ਮਿੱਠਾ ਤੇਰਾ ਭਾਣਾ ਲਗ ਜਾਏ।*

*ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ॥*
*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ॥*
*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ॥*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ॥*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ॥*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥*
*ਭਾਈ ਗੁਰਦਾਸ ਜੀ, ਵਾਰ ੨੭/੪*

ਉਬਾਲ ਦਿਤਾ, ਜਿਵੇਂ ਆਲੂ ਗਲ ਜਾਂਦੈ। ਪ੍ਰਾਣ ਪੰਖੇਰੂ ਉਡ ਗਏ, ਗੁਰੂ ਮਹਾਰਾਜ ਦੇ ਸਾਮ੍ਹਣੇ। ਇਕ ਅਵਾਜ਼ ਨਹੀਂ, ਨਾ ਕੋਈ ਹਾਇ ਦੀ, ਨਾ ਸੀ ਦੀ। ਕੋਈ ਅਵਾਜ਼ ਨਹੀਂ। ਅਵਾਜ਼ ਆਉਂਦੀ ਹੈ ਤਾਂ ਵਾਹਿਗੁਰੂ–ਵਾਹਿਗੁਰੂ ਦੀ। ਧੰਨ ਸਿੱਖੀ–ਧੰਨ ਸਿੱਖੀ।

ਤੀਸਰਾ ਦਿਨ ਆ ਗਿਆ। ਫੇਰ ਪੁੱਛਿਆ ਗਿਆ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਨੂੰ। ਉਹ ਕਹਿੰਦੇ, ਜੋ ਕੁਛ ਕਰਨਾ ਹੈ ਕਰ ਲਓ। ਸਾਡੇ ਵਾਸਤੇ ਜੰਮਣਾ ਤੇ ਮਰਨਾ ਕੋਈ ਚੀਜ਼ ਨਹੀਂ ਹੋਇਆ ਕਰਦੀ। ਜਿਹਨੂੰ ਗਿਆਨ ਹੋ ਗਿਆ ਉਹ ਅਮਰ ਜੀਵਨ ਜਿਉਂਦਾ ਹੈ। ਮਰਦਾ ਕੀ ਹੈ? ਸਰੀਰ ਮਰਦੈ। ਪੰਜ ਤੱਤ ਨੇ ਜਿਹੜੇ ਮਰਦੇ ਨੇ। ਆਤਮਾ ਵੀ ਕਦੇ ਮਰੀ ਹੈ? ਆਤਮਾ ਤਾਂ ਸਦਾ ਜਿਉਂਦੀ ਜਾਗਦੀ ਹੈ। ਇਹਨੂੰ ਕੋਈ ਮਾਰ ਨਹੀਂ ਸਕਦਾ, ਕੋਈ ਕੱਟ ਨਹੀਂ ਸਕਦਾ, ਕੋਈ ਵੱਢ ਨਹੀਂ ਸਕਦਾ। ਅੱਗ ਇਹਨੂੰ ਸਾੜ ਨਹੀਂ ਸਕਦੀ, ਹਵਾ ਇਹਨੂੰ ਕੁਛ ਨਹੀਂ ਕਰ ਸਕਦੀ। ਇਹ ਤਾਂ ਸਾਰੇ ਪ੍ਰੀਪੂਰਨ ਹੈ –

*ਆਤਮਾ ਪਰਾਤਮਾ ਏਕੋ ਕਰੈ ॥*
*ਅੰਤਰ ਕੀ ਦੁਬਿਧਾ ਅੰਤਰਿ ਮਰੈ ॥ ਅੰਗ – ੬੬੧*

ਗੁਰੂ ਦਾ ਸਿੱਖ ਤਾਂ ਪ੍ਰਮੇਸ਼ਰ ਹੋਇਐ ਕਰਦੈ –

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ ਅੰਗ – ੨੭੩*

ਇਹ ਇਕ ਕੌਤਕ ਹੈ, ਹੋ ਰਿਹੈ, ਤੂੰ ਕਰਦਾ ਜਾਹ। ਉਸ ਵੇਲੇ ਭਾਈ ਸਤੀ ਦਾਸ ਨੂੰ ਪੁੱਛਿਆ, ਰੂੰ ਮੰਗਵਾ ਲਈ, ਆਲੇ–ਦੁਆਲੇ ਵੇੜ ਦਿਤੀ ਤੇ ਅੱਗ ਦਾ ਲੂੰਬਾ ਲੈ ਆਏ। ਕਹਿਣ ਲੱਗੇ, ਸਤੀ ਦਾਸ! ਦੋ ਚਾਰ ਸਕਿੰਟ ਤੇਰੇ ਕੋਲ ਫੈਸਲਾ ਕਰਨ ਲਈ ਹੋਰ ਬਚਦੇ ਨੇ। ਅਜੇ ਵੀ ਫੈਸਲਾ ਕਰ ਲੈ। ਨਹੀਂ ਤਾਂ ਮੌਤ ਦੇ ਰਸਤੇ ਤੈਨੂੰ ਜਾਣਾ ਪੈਣੈ। ਜਿਵੇਂ ਤੇਰੇ ਦੋ ਸਾਥੀ ਪਹਿਲਾਂ ਚਲੇ ਗਏ। ਉਸ ਵੇਲੇ ਆਪ ਦੇ ਮੁਖਾਰਬਿੰਦ ਤੋਂ ਉਚਾਰਨ ਹੋਇਆ –

*ਧਾਰਨਾ – ਜਿਹੜੀ ਮੌਤ ਤੋਂ ਡਰੇ ਜਗ ਸਾਰਾ,*
*ਮੇਰੇ ਮਨ ਆਨੰਦ ਹੈ ਪਿਆਰਿਓ।*

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ਅੰਗ – ੧੩੬੫*

ਰੂੰ ਦੇ ਵਿਚ ਵਲੇਟ ਕੇ ਆਪ ਨੂੰ ਸ਼ਹੀਦ ਕਰ ਦਿਤਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨੇਤਰਾਂ ਦੇ ਸਾਮ੍ਹਣੇ। ਉਸ ਤੋਂ ਬਾਅਦ ਅਗਲਾ ਦਿਨ 17 ਤਰੀਕ ਆ ਗਈ। ਉਸ ਵੇਲੇ ਗੁਰੂ ਮਹਾਰਾਜ ਨੂੰ ਕਿਹਾ ਕਿ ਹੁਣ ਇਕ ਵਾਰੀ ਫੇਰ ਅਸੀਂ ਆਪ ਨੂੰ ਕਹਿੰਦੇ ਹਾਂ, 13 ਮੱਘਰ ਹੈ ਤੇ 1732 ਬਿਕ੍ਰਮੀ ਹੈ ਤੇ ਹੁਣ ਫੈਸਲਾ ਕਰ ਲਓ।

ਮਹਾਰਾਜ ਕਹਿੰਦੇ, ਤੁਹਾਨੂੰ ਇਕ ਵਾਰੀ ਅਸੀਂ

ਦਸ ਦਿਤਾ, ਅਸੀਂ ਆਪਣੇ ਫੈਸਲੇ 'ਤੇ ਦ੍ਰਿੜ੍ਹ ਹਾਂ। ਮਹਾਰਾਜ ਜੀ ਨੂੰ ਜਿਥੇ ਚਾਂਦਨੀ ਚੌਂਕ ਸੀ, ਇਥੇ ਰਸਤਾ ਵਗਿਆ ਕਰਦਾ ਸੀ ਕੱਚਾ। ਪਰਲੇ ਪਾਸੇ ਨਦੀ ਸੀ ਇਹਦੇ। ਰੋਹੀ ਰੰਜ ਹੋਇਆ ਕਰਦੀ ਹੈ। ਉਥੇ ਮਸਜਿਦ ਵੀ ਕੋਈ ਨਹੀਂ ਸੀ ਹੋਇਆ ਕਰਦੀ। ਉਥੇ ਇਕ ਖੂਹ ਹੁੰਦਾ, ਉਥੇ ਮਹਾਰਾਜ ਦਾ ਪਿੰਜਰਾ ਲੈ ਆਉਂਦੇ ਨੇ। ਢੰਡੋਰਾ ਫੇਰ ਦਿਤਾ ਕਿ ਸ਼ਹਿਰ ਦੇ ਵਿਚੋਂ ਕੋਈ ਬੰਦਾ ਘਰ ਵਿਚ ਨਾ ਰਹੇ। ਸਾਰੇ ਆ ਕੇ ਦੇਖੋ। ਕੁੱਲ ਦਿੱਲੀ ਸ਼ਹਿਰ, ਬੜਾ ਖੁੱਲ੍ਹਾ ਮੈਦਾਨ ਮੱਲਿਆ ਗਿਆ। ਉਸ ਵੇਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਕਹਿਣ ਲੱਗੇ, ਅਸੀਂ ਇਸ਼ਨਾਨ ਕਰ ਲਈਏ, ਕਾਫੀ ਦਿਨ ਹੋ ਗਏ। ਖੂਹੀ ਦੇ ਉਤੇ ਇਸ਼ਨਾਨ ਕਰਦੇ ਨੇ ਆਪ। ਉਸ ਤੋਂ ਬਾਅਦ ਥੜ੍ਹੇ ਦੇ ਉਤੇ, ਦਰਖ਼ਤ ਦੀਆਂ ਜੜ੍ਹਾਂ 'ਚ ਬੈਠ ਜਾਂਦੇ ਨੇ। ਇਕ ਵਾਰੀ ਫੇਰ ਫਤਵਾ ਸੁਣਾਇਆ ਗਿਆ।

ਮਹਾਰਾਜ ਕਹਿੰਦੇ, ਇਕ ਵਾਰੀ ਜੋ ਗੱਲ ਕਹਿ ਦਿਤੀ, ਕਹਿ ਦਿਤੀ।

ਕਹਿੰਦੇ, ਕਰਾਮਾਤ?

ਕਹਿੰਦੇ, ਬਾਅਦ 'ਚ ਦਿਖਾਵਾਂਗੇ। ਪਹਿਲਾਂ ਆਪਣਾ ਕੰਮ ਕਰੋ। ਐਸੀ ਰਿਵਾਇਤ ਚਲੀ ਆਉਂਦੀ ਹੈ ਕਿ ਮਹਾਰਾਜ ਨੇ ਕੁਝ ਅੱਖਰ ਲਿਖੇ, ਧਾਗਾ ਬੰਨ੍ਹ ਲਿਆ ਗਲ ਵਿਚ। ਉਸ ਨੇ ਪੂਰੇ ਜ਼ੋਰ ਨਾਲ ਵਾਰ ਕਰਿਆ। ਇਸ ਤੋਂ ਪਹਿਲਾਂ ਕਿ ਉਹ ਹਥਿਆਰ ਗੁਰੂ ਮਹਾਰਾਜ ਦੀ ਗਰਦਨ ਨੂੰ ਛੂੰਹਦਾ, ਸੀਸ ਪਹਿਲਾਂ ਹੀ ਪਰ੍ਹੇ ਹਟ ਗਿਆ। ਸਾਰੇ ਹੀ ਐਸਾ ਹਨ੍ਹੇਰਾ ਛਾਇਆ ਉਸੇ ਵਕਤ। ਐਨੀ ਹਨ੍ਹੇਰੀ ਆਈ ਕਿ ਦਿੱਲੀ ਡੋਲ੍ਹਣ ਲਗ ਗਈ। ਸਾਰੇ ਅਫ਼ਸੋਸ ਹੋ ਗਿਆ, ਹਿੰਦੂਆਂ ਵਿਚ ਵੀ ਤੇ ਮੁਸਲਮਾਨਾਂ ਵਿਚ ਵੀ ਕਿ ਕਿੱਡੀ ਜ਼ਿਆਦਤੀ ਕਰੀ, ਕਿੱਡਾ ਜ਼ੁਲਮ ਕਰਿਆ। ਕਿੱਡੇ ਆਰਫ਼ ਪੁਰਸ਼ ਨੂੰ, ਗੁਰੂ ਪੁਰਸ਼ ਨੂੰ। ਏਸ ਔਰੰਗੇ ਨੇ ਕਿੰਨਾ ਜ਼ੁਲਮ ਕੀਤਾ ਹੈ ਇਨ੍ਹਾਂ ਦੇ ਉਤੇ। ਹੁਣ ਦਿੱਲੀ ਨਹੀਂ ਬਚਣੀ, ਇਹਨੇ ਵੀ ਨਹੀਂ ਬਚਣਾ। ਮਹਾਰਾਜ ਗੁਰੂ ਦਸਵੇਂ ਪਾਤਸ਼ਾਹ ਫੁਰਮਾਉਂਦੇ ਨੇ ਕਿ ਪਿਆਰਿਓ! –

*ਠੀਕਰਿ ਫੋਰਿ ਦਿਲੀਸਿ ਸਿਰਿ, ਪ੍ਰਭ ਪੁਰ ਕੀਆ ਪਯਾਨ।*
*ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ।*
*ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ॥*
*ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ॥*

*ਬਚਿਤ੍ਰ ਨਾਟਕ*

ਸੰਸਾਰ ਦੇ ਵਿਚ ਅਵਾਜ਼ ਆ ਰਹੀ ਹੈ, ਕੋਈ ਹੈਗਾ ਸੰਸਾਰ ਨੂੰ ਰੱਖਣ ਵਾਲਾ, ਹੈਗਾ। ਦੂਸਰਾ ਨਹੀਂ ਕਿ ਹਾਇ-ਹਾਇ ਕਰਦੇ ਸੀ। ਨਿਹਚਾ ਬੰਨ੍ਹ ਰਿਹਾ ਸੀ ਕਿ ਧਰਮ ਦੀ ਰਾਖੀ ਕਰਨ ਵਾਲਾ ਕੋਈ ਹੈ ਸੰਸਾਰ ਦੇ ਵਿਚ। ਜੇ ਹੈ ਕੋਈ ਤਾਂ ਇਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ।

*ਤਿਲਕ ਜੰਞੂ ਰਾਖਾ ਪ੍ਰਭ ਤਾਕਾ।*
*ਕੀਨੋ ਬਡੋ ਕਲੂ ਮਹਿ ਸਾਕਾ।*

*ਬਚਿਤ੍ਰ ਨਾਟਕ, ਪਾਤਸ਼ਾਹੀ ੧੦*

ਕੋਈ ਹੋਰ ਕਾਰਨ ਨਹੀਂ ਸੀ। ਕਿਉਂਕਿ ਕਾਰਨ ਲਿਖੇ ਹੋਏ ਨੇ ਗੁਲਾਮ ਮੁਹੰਮਦ ਇਤਿਹਾਸਕਾਰ ਨੇ। ਉਹ ਗਲਤ ਗੱਲਾਂ ਲਿਖਦਾ ਹੈ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਰੇ। ਉਹ ਡਾਕਿਆਂ ਦੀ ਸਜ਼ਾ ਇਹਨਾਂ ਨੂੰ ਦਿਤੀ ਗਈ। ਆਪਣੇ ਸਿਰ ਤਾਂ ਲੈਣਾ ਹੀ ਨਹੀਂ ਚਾਹੁੰਦੇ। ਸਾਡੇ ਇਤਿਹਾਸਕਾਰ ਜਿਨ੍ਹਾਂ ਨੂੰ ਬੁੱਧੀਜੀਵੀ ਕਹਿੰਦੇ ਹਾਂ, ਇਹਨਾਂ ਨੂੰ ਰਾਹ ਹੀ ਨਹੀਂ ਮਿਲਦਾ ਫੇਰ। ਜੇ ਮਾੜਾ ਲਿਖ ਗਿਆ ਕੋਈ ਤਾਂ ਕੀ ਉਹਨੂੰ ਤੁਸੀਂ ਫੋਲੋ ਕਰਨੈ। ਕਿਤਾਬਾਂ 'ਚ ਲਿਖਣ ਲਗ ਜਾਂਦੇ ਨੇ ਇਹ ਵੀ। ਫੇਰ ਬਹਿਸ ਕਰਦੇ ਨੇ। ਜੋ ਕੁਦਰਤੀ ਬਾਤ ਹੈ ਉਸਨੂੰ ਛੱਡ ਕੇ ਦੂਜੀ ਗੱਲ ਦੇ ਮਗਰ ਪੈ ਜਾਂਦੇ ਨੇ।

ਸੋ ਗੁਰੂ ਮਹਾਰਾਜ ਜੀ ਨੇ ਆਪਣੀ ਕਲਮ ਦੇ ਨਾਲ ਲਿਖਿਐ –

*ਤਿਲਕ ਜੰਞੂ ਰਾਖਾ ਪ੍ਰਭ ਤਾਕਾ।*
*ਕੀਨੋ ਬਡੋ ਕਲੂ ਮਹਿ ਸਾਕਾ।*
*ਸਾਧਨਿ ਹੇਤਿ ਇਤੀ ਜਿਨਿ ਕਰੀ।*
*ਸੀਸ ਦੀਆ ਪਰ ਸੀ ਨ ਉਚਰੀ।*
*ਧਰਮ ਹੇਤ ਸਾਕਾ ਜਿਨਿ ਕੀਆ।*
*ਸੀਸ ਦੀਆ ਪਰ ਸਿਰਰੁ ਨ ਦੀਆ॥*

*ਬਚਿਤ੍ਰ ਨਾਟਕ, ਪਾਤਸ਼ਾਹੀ ੧੦*

ਕਈ ਪ੍ਰੇਮੀਆਂ ਦੇ ਮਨ ਵਿਚ ਆਉਂਦੈ ਕਿ ਐਨੇ ਸਮਰੱਥ ਹੋ ਕੇ ਕਿ ਕੋਈ ਕਰਾਮਾਤ ਕਰ ਦੇਣੀ ਸੀ। ਜਦ ਰਾਮਰਾਇ ਨੇ ਐਨੀ ਕਰ ਦਿਤੀਆਂ, ਹਨ੍ਹੇਰਾ ਪਾ ਦਿਤਾ ਕਿਸੇ ਨੂੰ ਕੁਛ ਨਾ ਦਿਸਿਆ। ਲੇਕਿਨ ਮਹਾਰਾਜ ਹੁਕਮ ਦੇ ਮੁਤਾਬਿਕ, natural ਜੀਵਨ ਜਿਵੇਂ ਹੁੰਦੈ, ਉਸੇ ਤਰ੍ਹਾਂ ਦੇ ਨਾਲ ਆਪ ਨੇ ਸ਼ਹੀਦੀ ਦਿਤੀ। ਐਸੀ ਸ਼ਹੀਦੀ ਹੈ ਜਿਹਦੀ ਕੋਈ ਮਿਸਾਲ ਨਹੀਂ। ਸ਼ਹੀਦ ਹੋਏ ਨੇ ਈਸਾ ਜੀ, ਆਪਣੇ ਸਿਧਾਂਤ ਵਾਸਤੇ। ਮੁਹੰਮਦ ਸਾਹਿਬ ਦੇ ਉਤੇ ਹਮਲੇ ਕੀਤੇ ਗਏ, ਆਪਣੇ ਸਿਧਾਂਤ ਨੂੰ ਕਾਇਮ ਰੱਖਣ ਵਾਸਤੇ। ਪਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਆਪਣੇ ਧਰਮ ਦੀ ਕੋਈ ਬਾਤ

ਨਹੀਂ ਹੈ, ਦੂਸਰੇ ਦੇ ਧਰਮ ਦੀ ਰਾਖੀ ਵਾਸਤੇ ਆਪ ਜਾ ਕੇ ਸ਼ਹੀਦ ਹੋਏ। ਸੋ ਇਸ ਕਰਕੇ ਮਹਾਰਾਜ ਕਹਿੰਦੇ ਨੇ ਕਿ ਐਸੀ ਕ੍ਰਿਆ ਕਿਸੇ ਨੇ ਆ ਕੇ ਕਰੀ ਹੀ ਨਹੀਂ –

*ਤੇਗ਼ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ।*
*ਤੇਗ਼ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ।*
*ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ॥*
*ਬਚਿਤ੍ਰ ਨਾਟਕ, ਪਾਤਸ਼ਾਹੀ ੧੦*

*ਧਾਰਨਾ – ਵਾਹਵਾ-ਵਾਹਵਾ ਬਈ*
*ਸੀਸ ਦੇ ਕੇ ਹਿੰਦ ਰਖ ਲਈ।*
*ਐਸੀ ਕਰਨੀ ਕਿਸੇ ਨਾ ਕੀਤੀ।*

ਸੋ ਐਸੀ ਮਹਾਨ ਕਰਨੀ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਦੀ। ਉਹ ਦਿਨ ਆਪਾ ਮਨਾਇਆ ਹੈ। ਆਪ ਦਾ ਜੋ ਸੀਸ ਸੀ, ਆਪ ਦੇ ਹੁਕਮ ਦੇ ਮੁਤਾਬਿਕ ਭਾਈ ਜੈਤੇ ਨੇ, ਭਾਈ ਆਗਿਆ ਰਾਮ ਉਸ ਦਾ ਪਿਤਾ ਸੀ। ਕਹਿਣ ਲੱਗਿਆ, ਬੇਟਾ! ਤੂੰ ਸੀਸ ਚੁੱਕਣੈ ਤੇ ਇਹਨਾਂ ਨੇ ਉਸੇ ਵੇਲੇ ਮਗਰ ਪੈ ਜਾਣੈ। ਤੈਨੂੰ ਸਮਾਂ ਚਾਹੀਦਾ ਹੈ ਕੁਛ। ਕਹਿਣ ਲੱਗਿਆ, ਫੇਰ ਪਿਤਾ ਜੀ! ਕਿਵੇਂ ਕਰਾਂ? ਕਹਿਣ ਲੱਗਿਆ, ਤੂੰ ਮੇਰਾ ਸੀਸ ਕੱਟ ਕੇ, ਮਹਾਰਾਜ ਦਾ ਚੁੱਕ ਲੈ ਤੇ ਮੇਰਾ ਉਥੇ ਰੱਖ ਦੇ। ਇਹ ਭਾਰਾ ਕੰਮ ਹੈ। ਮੋਹ ਵਸ ਨਾ ਆ ਜਾਈਂ। ਆਪਾਂ ਸੇਵਾ ਕਰਨੀ ਹੈ। ਜਿਵੇਂ ਉਹਨਾਂ ਦਾ ਸੀਸ ਗਿਐ। ਮੈਨੂੰ ਵੀ ਸਮਝ ਲਈਂ ਕਿ ਮੇਰਾ ਪਿਤਾ ਸ਼ਹੀਦ ਹੋ ਗਿਆ ਕਿਸੇ ਕਾਰਜ ਵਾਸਤੇ। ਹਿੰਮਤ ਕਰ। ਉਸ ਵੇਲੇ ਹਨ੍ਹੇਰੀ ਚੱਲ ਪਈ ਬਹੁਤ, ਕੁਛ ਨਹੀਂ ਨਜ਼ਰ ਆਉਂਦਾ। ਉਧਰਲੇ ਪਾਸਿਓਂ ਜੋ ਲੱਖੀ ਸ਼ਾਹ ਵਣਜਾਰਾ ਸੀ। ਉਹਦੇ ਕੋਲ 10,000 ਬਲਦ ਲਿਖਦੇ ਨੇ। ਗੱਡੇ ਸੀ 5000 ਜਿਹੜੇ ਹਰ ਵਕਤ ਸ਼ਾਹੀ ਸਮਾਨ ਢੋਂਦੇ ਰਹਿੰਦੇ ਸੀ। ਉਹ ਕਿਲ੍ਹੇ ਦੇ ਵਿਚੋਂ ਆਪ ਨੇ ਕੱਢੇ, ਓਧਰ ਦੀ ਆਏ, ਉਹਨਾਂ ਦੇ ਉਤੇ ਸਫੇਦੀ ਲੱਦੀ ਹੋਈ ਸੀ। ਕੁਝ ਤਾਂ ਉਹ ਧੂੜ ਉਡ ਰਹੀ ਹੈ, ਕੁਝ ਬੇਅੰਤ ਹਨ੍ਹੇਰੀ ਹੈ, ਜਲਜਲਾ ਆਇਆ ਹੋਇਐ। ਪਹਿਰੇਦਾਰ ਅੱਖਾਂ ਬੰਦ ਕਰਕੇ ਪਰ੍ਹੇ ਚਲੇ ਗਏ, ਐਨੇ 'ਚ ਭਾਈ ਜੈਤੇ ਨੇ ਆਪਣੇ ਪਿਤਾ ਦਾ ਸੀਸ ਕੱਟ ਕੇ, ਉਸੇ ਵੇਲੇ ਉਥੇ ਰੱਖ ਦਿਤਾ। ਧੜ ਵੀ ਪਿਐ, ਸੀਸ ਵੀ ਪਿਐ। ਏਧਰੋਂ ਲੱਖੀ ਸ਼ਾਹ ਵਣਜਾਰੇ ਨੇ, ਨਿਗ੍ਹਾਈਏ ਨੇ, ਮੌਕਾ ਤਾੜ ਕੇ ਗੁਰੂ ਮਹਾਰਾਜ ਦਾ ਸਰੀਰ ਆਪਣੇ ਗੱਡਿਆਂ 'ਤੇ ਰੱਖਿਆ ਤੇ ਆਪਣੇ ਪਿੰਡ ਲੈ ਗਏ ਰਕਾਬਗੰਜ। ਉਥੇ ਜਾ ਕੇ ਆਪਣੀ ਹਵੇਲੀ ਦੇ ਅੰਦਰ, ਸਮਾਨ ਸਮੇਤ ਸਰੀਰ ਰੱਖ ਕੇ ਸਸਕਾਰ ਕਰ ਦਿਤਾ।

ਏਧਰ ਭਾਈ ਜੈਤਾ ਤੇ ਨਾਲ ਦੋ ਸਿੱਖ ਭਾਈ ਨੰਨੂਆ, ਭਾਈ ਗੁਰਦਿੱਤਾ ਜੀ ਇਹ ਤਿੰਨੇ ਜਣੇ ਘੋੜਿਆਂ 'ਤੇ ਸਵਾਰ ਹੋ ਕੇ ਵਾਹੋ ਦਾਹੀ ਸ੍ਰੀ ਅਨੰਦਪੁਰ ਸਾਹਿਬ ਨੂੰ ਜਾਂਦੇ ਨੇ। ਦਿਨੇ ਦਰਖ਼ਤਾਂ ਦੇ ਵਿਚ ਕਿਸੇ ਥਾਂ ਬੈਠ ਕੇ ਅਰਾਮ ਕਰਦੇ ਨੇ। ਰਾਤ ਨੂੰ ਸਫ਼ਰ ਕਰਦੇ ਨੇ। ਪੰਜਵੇਂ ਦਿਨ ਗੁਰੂ ਦਸ਼ਮੇਸ਼ ਪਿਤਾ ਜੀ ਕੋਲ ਪਹੁੰਚਦੇ ਨੇ। ਕੀਰਤਪੁਰ ਸਾਹਿਬ ਠਹਿਰ ਗਏ, ਇਸ ਆਸ਼ੇ ਨਾਲ ਕਿ ਪਹਿਲੇ ਗੁਰੂਆਂ ਦਾ ਜੋ ਸਸਕਾਰ ਹੋਇਐ ਉਹ ਕੀਰਤਪੁਰ ਸਾਹਿਬ ਹੈ। ਸੋ ਉਥੋਂ ਸੁਨੇਹਾ ਭੇਜਿਆ ਗੁਰੂ ਦਸ਼ਮੇਸ਼ ਪਿਤਾ ਕਹਿਣ ਲੱਗੇ, ਇਥੇ ਆ ਜਾਓ ਤੁਸੀਂ। ਉਸ ਵੇਲੇ ਬੜੇ ਆਦਰ ਸਤਿਕਾਰ, ਨਗਰ ਕੀਰਤਨ ਦੀ ਸ਼ਕਲ ਦੇ ਵਿਚ ਗੁਰੂ ਮਹਾਰਾਜ ਦਾ ਸੀਸ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਜਾਂਦੈ। ਉਸ ਵੇਲੇ ਗੁਰੂ ਮਹਾਰਾਜ ਸਾਰਿਆਂ ਨੂੰ ਬ੍ਰਹਮ ਗਿਆਨ ਦਾ ਉਪਦੇਸ਼ ਦਿੰਦੇ ਨੇ ਤੇ ਮਹਾਨ ਕਰਨੀ ਦੇ ਬਾਰੇ ਦਸਦੇ ਨੇ। ਉਥੇ ਸਸਕਾਰ ਕਰ ਦਿਤਾ ਜਾਂਦੈ ਗੁਰੂ ਮਹਾਰਾਜ ਦੇ ਸੀਸ ਦਾ ਤੇ ਧੜ ਦਾ ਏਧਰ ਕਰ ਦਿਤਾ ਗਿਆ।

ਸੋ ਗੁਰੂ ਦਸ਼ਮੇਸ਼ ਪਿਤਾ ਨੇ ਸਭ ਤੋਂ ਪਹਿਲੀ ਸ਼ਹੀਦੀ ਆਪਣੇ ਪਿਤਾ ਦੀ ਦਿਵਾਈ। ਦੂਸਰੀ ਸ਼ਹੀਦੀ ਚਾਰ ਸਾਹਿਬਜ਼ਾਦਿਆਂ ਦੀ ਦਿਵਾਈ। ਪੰਜਵੇਂ ਮਾਤਾ ਜੀ ਵੀ ਸ਼ਹੀਦ ਹੋਏ। ਆਪਣੇ ਜੋ ਭਰਾ ਸੀ, ਭੂਆ ਦੇ ਪੁੱਤਰ ਉਹਨਾਂ ਦੀ ਸ਼ਹੀਦੀ ਦਿਵਾਈ। ਬੜੇ ਸ਼ਹੀਦ ਹੋਏ। ਭਾਈ ਮਨੀ ਸਿੰਘ ਜੀ ਦੇ ਖਾਨਦਾਨ ਵਿਚੋਂ ਸ਼ਹੀਦਾਂ ਦੀ ਗਿਣਤੀ ਪਤਾ ਹੀ ਨਹੀਂ ਲਗਦਾ, ਆਪ ਦੇ 10 ਪੁੱਤਰ ਸੀ ਜਿਹੜੇ ਸ਼ਹੀਦ ਹੋਏ।

ਸੋ ਇਸ ਤਰ੍ਹਾਂ ਦੇ ਨਾਲ ਆਪਾਂ ਗੁਰੂ ਮਹਾਰਾਜ ਦੀ ਯਾਦ ਮਨਾਈ ਹੈ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ। ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ ਭਾਈ।

ਗੁਰਸਤੋਤਰ, ਅਰਦਾਸ, ਹੁਕਮਨਾਮਾ।

***(ਵੀਡੀਓ ਫਿਲਮ ਦੀਵਾਨ ਨੰ: 481)***

# 34ਵਾਂ ਅੰਤਰ ਰਾਸ਼ਟਰੀ ਪ੍ਰਸਿੱਧਤਾ ਵਾਲਾ

# ਮਹਾਨ ਗੁਰਮਤਿ ਰੂਹਾਨੀ ਸਮਾਗਮ

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਲਟ ਟਰਸਟ

## ਗੁਰਮਤਿ ਦੇ ਪ੍ਰਚਾਰ ਤੇ ਪਰਉਪਕਾਰ ਦਾ ਕੇਂਦਰ

## ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਮਿਤੀ - 30 ਅਕਤੂਬਰ

(ਸਮਾਗਮ ਦਾ ਪਹਿਲਾ ਦਿਨ)

ਸਮੂੰਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ

ਜ਼ੁਲਮ ਦੀ ਅੱਗ, ਸ਼ਹੀਦਾਂ ਦੇ ਖ਼ੂਨ ਨਾਲ ਹੀ ਬੁਝਦੀ ਹੈ - ਬਾਬਾ ਲਖਬੀਰ ਸਿੰਘ ਜੀ



ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ

ਰਤਵਾੜਾ ਸਾਹਿਬ ਦੇ ਚਾਰ ਰੋਜ਼ਾਂ ਸਮਾਗਮਾਂ ਦੀ ਲੜੀ ਦੇ ਪਹਿਲੇ ਦਿਨ ਅੰਮ੍ਰਿਤ ਵੇਲੇ 4 ਵਜੇ ਤੋਂ ਲੈ ਕੇ ਵੱਖ-ਵੱਖ ਜੱਥਿਆਂ ਨੇ ਕਥਾ, ਕੀਰਤਨ ਦੁਆਰਾ ਸੰਗਤਾਂ ਨੂੰ ਗੁਰਮਤਿ ਦੀ ਅਮੋਲਕ ਵਿਰਾਸਤ ਅਤੇ ਸ਼ਾਨਾ ਮੱਤੇ ਇਤਿਹਾਸ ਨਾਲ ਜੁੜਨ ਦੀ ਪ੍ਰੇਰਨਾ ਦਿਤੀ ਗਈ। ਵੱਡੀ ਗਿਣਤੀ ਵਿਚ ਸੰਗਤਾਂ ਦੇਸ਼ਾਂ-ਵਿਦੇਸ਼ਾਂ ਤੋਂ ਪਹੁੰਚੀਆਂ। ਸਮਾਗਮ ਦੀ ਸੰਪੂਰਨਤਾ ਕਰਦੇ ਹੋਏ ਟਰੱਸਟ ਰਤਵਾੜਾ ਸਾਹਿਬ ਦੇ ਮੁਖੀ ਬਾਬਾ ਲਖਬੀਰ ਸਿੰਘ ਜੀ ਨੇ ਦਸਿਆ ਕਿ ਜ਼ੁਲਮ ਦੀ ਅੱਗ ਕੇਵਲ ਸ਼ਹੀਦਾਂ ਦੇ ਖ਼ੂਨ ਨਾਲ ਹੀ ਬੁਝਦੀ ਹੈ। ਸ਼ਹੀਦ ਸਾਡੀ ਕੌਮ ਦੀ ਜਿੰਦ ਜਾਨ ਹਨ। ਸਿੱਖ ਕੌਮ ਦੀ ਤਵਾਰੀਖ ਦਾ ਹਰ ਪੰਨਾ ਸ਼ਹੀਦਾਂ ਦੇ ਖ਼ੂਨ ਨਾਲ ਰੰਗਿਆ ਹੋਇਆ ਹੈ। ਅੱਜ ਵੀ ਉਨ੍ਹਾਂ ਦੀ ਯਾਦ ਕੌਮ ਨੂੰ ਸ਼ਕਤੀ ਪ੍ਰਦਾਨ ਕਰ ਰਹੀ ਹੈ। ਗੁਰੂ ਕੇ ਲੰਗਰ ਅਤੁੱਟ ਵਰਤੇ। ਰਾਤ ਦੇ ਸਮਾਗਮ 10 ਵਜੇ ਤਕ ਜਾਰੀ ਰਹੇ।

27-28-29-30 ਅਕਤੂਬਰ ਨੂੰ ਅੱਖਾਂ ਦੇ ਫਰੀ ਅਪ੍ਰੇਸ਼ਨ ਕੀਤੇ ਗਏ। ਸਮਾਗਮ ਵਿਚ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਅਤੇ ਸੰਤ ਵਰਿਆਮ ਸਿੰਘ ਮੈਮੋਰੀਅਲ ਸਕੂਲ ਦੇ ਬੱਚੇ, ਬੀ.ਐਡ ਨਰਸਿੰਗ ਕਾਲਜ ਦੇ ਬੱਚਿਆਂ ਨੇ ਸ਼ਬਦ ਕੀਰਤਨ ਰਾਹੀ ਹਾਜ਼ਰੀ ਲਗਵਾਈ। ਰਾਗੀ ਗੁਰਪ੍ਰੀਤ ਸਿੰਘ ਫਰੀਦਕੋਟ ਵਾਲੇ, ਗਿਆਨੀ ਵਿਰਸਾ ਸਿੰਘ ਜੀ ਮੱਖਣ, ਸ੍ਰੀ ਮਾਨ ਜੀ ਲੰਗਰਾਂ ਵਾਲੇ, ਬੀਬਾ ਕਮਲਜੀਤ ਕੌਰ ਸ਼ਾਹਬਾਦ ਮਾਰਕੰਡਾ ਤੋਂ, ਢਾਡੀ ਸੁਖਵਿੰਦਰ ਸਿੰਘ ਜੀ ਅਨਮੋਲ, ਬਾਬਾ ਗੁਰਪਾਲ ਸਿੰਘ ਯੂ.ਪੀ, ਭਾਈ ਜਸਵਿੰਦਰ ਸਿੰਘ ਘੋਲਾ, ਬਾਬਾ ਹਰਪਾਲ ਸਿੰਘ ਜੀ ਨੇ ਕੀਰਤਨ ਰਾਹੀਂ ਹਾਜ਼ਰੀ ਭਰੀ। ਵੱਖ-ਵੱਖ ਖੇਤਰਾਂ ਵਿਚ ਮੱਲਾਂ ਮਾਰਨ ਵਾਲੇ ਸਕੂਲ ਦੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਭਾਈ ਹਰਭਾਗ ਸਿੰਘ ਦੇਸੂਮਾਜਰਾ, ਸਮਾਜ ਸੇਵੀ ਨੇ ਹਾਜ਼ਰੀ ਲਵਾਈ। ਸਟੇਜ ਦੀ ਸੇਵਾ ਭਾਈ ਜਸਵੰਤ ਸਿੰਘ ਜੀ ਨੇ ਨਿਭਾਈ। ਅਰਦਾਸ ਦੀ ਸੇਵਾ ਭਾਈ ਸੁਖਵਿੰਦਰ ਸਿੰਘ ਜੀ ਨੇ ਨਿਭਾਈ।



ਸੰਤ ਮਾਤਾ ਬੀਜੀ ਰਣਜੀਤ ਕੌਰ ਜੀ
ਰਤਵਾੜਾ ਸਾਹਿਬ

ਰਾੜਾ ਸਾਹਿਬ ਸੰਪ੍ਰਦਾਇ ਦੇ ਮਹਾਂਪੁਰਸ਼ ਅਤੇ ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਤੇ ਹੋਰ ਜਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।

















## ਮਿਤੀ - 31 ਅਕਤੂਬਰ

## (ਸਮਾਗਮ ਦਾ ਦੂਜਾ ਦਿਨ)

### ਸਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਦੀ ਯਾਦ ਨੂੰ ਸਮਰਪਿਤ

ਰੂਹਾਨੀਅਤ ਅਤੇ ਪਰਉਪਕਾਰ ਦੇ ਕੇਂਦਰ ਵਜੋਂ ਜਾਣੇ ਜਾਂਦੇ ਟਰੱਸਟ ਰਤਵਾੜਾ ਸਾਹਿਬ ਦੇ ਸਮਾਗਮ ਦਾ ਦੂਜਾ ਦਿਨ ਟਰੱਸਟ ਦੇ ਬਾਨੀ ਮਹਾਂਪੁਰਸ਼ ਸੰਤ ਬਾਬਾ ਵਰਿਆਮ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਸੀ। ਅੰਮ੍ਰਿਤ ਵੇਲੇ 4 ਵਜੇ 'ਆਸਾ ਕੀ ਵਾਰ' ਦੇ ਕੀਰਤਨ ਉਪਰੰਤ ਅਨੇਕਾਂ ਰਾਗੀ, ਢਾਡੀ, ਕੀਰਤਨੀ, ਸੰਤ ਮਹਾਂਪੁਰਸ਼ਾਂ ਨੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ। ਬਾਬਾ ਹਰਪਾਲ ਸਿਘ ਜੀ ਨੇ ਮਹਾਂਪੁਰਸ਼ਾਂ ਵਲੋਂ ਕੀਤੇ ਪਰਉਪਕਾਰੀ ਕਾਰਜਾਂ ਬਾਰੇ ਅਤੇ ਵਿਸੇਸ਼ ਤੌਰ 'ਤੇ ਆਤਮ ਮਾਰਗ ਮੈਗਜ਼ੀਨ ਬਾਰੇ ਚਾਨਣਾ ਪਾਇਆ। ਸਮਾਗਮ ਵਿਚ ਟਰੱਸਟ ਦੇ ਮੌਜੂਦਾ ਮੁਖੀ ਬਾਬਾ ਲਖਬੀਰ ਸਿੰਘ ਜੀ ਨੇ ਪ੍ਰਵਚਨਾਂ ਵਿਚ ਫੁਰਮਾਨ ਕੀਤਾ ਕਿ ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਵਲੋਂ ਕੀਤੇ ਕਾਰਜ ਅੱਜ ਮਾਨਵਤਾ ਲਈ ਵਰਦਾਨ ਸਿੱਧ ਹੋ ਰਹੇ ਹਨ। ਉਨ੍ਹਾਂ ਵਲੋਂ ਸਾਹਿਤਕ ਖੇਤਰ ਵਿਚ 100 ਦੇ ਲੱਗਭੱਗ ਰਚੀਆਂ ਰੂਹਾਨੀ ਪੁਸਤਕਾਂ ਜਗਿਆਸੂਆਂ ਲਈ ਰਾਹ ਦਸੇਰਾ ਬਣ ਰਹੀਆਂ ਹਨ। ਧਾਰਮਿਕ ਖੇਤਰ ਵਿਚ ਕੀਰਤਨ ਦੀਵਾਨਾਂ ਰਾਹੀਂ ਲੱਖਾਂ ਪ੍ਰਾਣੀਆਂ ਨੂੰ ਗੁਰੂ ਦੇ ਲੜ ਲਾਇਆ। ਸਮਾਜਿਕ ਖੇਤਰ ਵਿਚ ਕੁਦਰਤੀ ਆਫ਼ਤਾਂ ਸਮੇਂ ਲੋੜਵੰਦਾਂ ਦੀ ਵਧ ਚੜ੍ਹ ਕੇ ਸੇਵਾਵਾਂ ਨਿਭਾਈਆਂ। ਇਹ ਸਾਰੀਆਂ ਸੇਵਾਵਾਂ ਅੱਜ ਵੀ ਟਰੱਸਟ ਵਲੋਂ ਜਾਰੀ ਹਨ। ਉਨ੍ਹਾਂ ਵਲੋਂ ਚਲਾਏ ਕਾਰਜਾਂ ਵਿਚ ਵਿਸ਼ੇਸ਼ ਤੌਰ 'ਤੇ ਸਕੂਲ

# ਸਮਾਗਮ ਦੌਰਾਨ ਸੰਤ ਮਹਾਂਪੁਰਸ਼, ਕਥਾਵਾਚਕ ਅਤੇ ਸਬੁੱਧੀਜੀਵੀ ਵਿਦਵਾਨ ਗੁਰਮਤਿ ਵੀਚਾਰਾਂ ਸਾਂਝੀਆਂ ਕਰਦੇ ਹੋਏ




ਕਾਲਜ, ਫਰੀ ਹਸਪਤਾਲ, ਫਰੀ ਸਿਲਾਈ ਸੈਂਟਰ, ਫਰੀ ਬਿਰਧ ਆਸ਼ਰਮ, ਗੁਰੂ ਕਾ ਲੰਗਰ 24 ਘੰਟੇ, ਰਿਹਾਇਸ਼, ਆਤਮ ਮਾਰਗ ਮੈਗਜ਼ੀਨ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ। ਟਰੱਸਟ ਵਲੋਂ ਅੱਖਾਂ ਦੇ 550 ਦੇ ਲੱਗਭੱਗ ਫਰੀ ਆਪ੍ਰੇਸ਼ਨ ਕੀਤੇ ਗਏ। ਸਮਾਗਮ ਵਿਚ ਰਾਗੀ ਬਲਵਿੰਦਰ ਸਿੰਘ ਪੱਟੀ, ਭਾਈ (ਡਾ.) ਸੁਖਵਿੰਦਰ ਸਿੰਘ ਰਤਵਾੜਾ ਸਾਹਿਬ, ਬੀਬੀ ਜਸਪ੍ਰੀਤ ਕੌਰ ਆਸਟ੍ਰੇਲੀਆ, ਰਾਗੀ ਇੰਦਰਜੀਤ ਸਿੰਘ ਸੋਹਾਣਾ, ਭਾਈ ਅਮਨਦੀਪ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਨੇ ਸ਼ਬਦ ਕੀਰਤਨ ਰਾਹੀਂ ਹਾਜ਼ਰੀ ਲਗਵਾਈ। ਬਾਬਾ ਗੁਰਪਾਲ ਸਿੰਘ ਯੂ.ਪੀ, ਸੰਤ ਬਾਬਾ ਕਸ਼ਮੀਰਾ ਸਿੰਘ ਜੀ ਅਲਹੋਰਾਂ ਵਾਲੇ, ਭਾਈ ਜਸਵਿੰਦਰ ਸਿੰਘ ਘੋਲਾ, ਬਾਬਾ ਹਰਪਾਲ ਸਿੰਘ ਜੀ, ਸੰਤ ਬਾਬਾ ਬਲਜਿੰਦਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਹਰਸੁਖਇੰਦਰ ਸਿੰਘ ਬੱਬੀ ਬਾਦਲ ਅਤੇ ਭਾਈ ਹਰਭਾਗ ਸਿੰਘ ਦੇਸੂ ਮਾਜਰਾ, ਭਾਈ ਰਵਿੰਦਰ ਸਿੰਘ ਜੀ ਵਜੀਦਪੁਰ, ਭਾਈ ਹਰਜੀਤ ਸਿੰਘ ਸਿੰਘ ਹਰਮਨ ਗੜੀਭੋਰਖਾ ਨੇ ਵੀ ਹਾਜ਼ਰੀ ਭਰੀ। ਸਟੇਜ ਦੀ ਸੇਵਾ ਭਾਈ ਜਸਵੰਤ ਸਿੰਘ ਨੇ ਨਿਭਾਈ। ਲੰਗਰ ਦੀ ਸੇਵਾ ਸ੍ਰੀ ਮਾਨ ਬਾਬਾ ਕਰਨੈਲ ਸਿੰਘ ਜੀ ਵਲੋਂ ਨਿਭਾਈ ਗਈ। ਵੱਡੀ ਮਾਤਰਾ ਵਿਚ ਸੰਗਤਾਂ ਨੇ ਦੇਸ਼ ਵਿਦੇਸ਼ ਤੋਂ ਹਾਜ਼ਰੀ ਭਰੀ।

## ਟਰੱਸਟ ਰਤਵਾੜਾ ਸਾਹਿਬ ਦੇ ਬੀਬੀਆਂ ਦੇ ਜੱਥੇ, ਰਾਗੀ - ਢਾਡੀ ਅਤੇ ਹੋਰ ਕੀਰਤਨੀ ਜਥੇ ਸੰਗਤਾਂ ਨੂੰ ਗੁਰਬਾਣੀ ਦੇ ਰਸ ਭਿੰਨੇ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।



### ਮਿਤੀ - 1 ਨਵੰਬਰ

### (ਸਮਾਗਮ ਦਾ ਤੀਜਾ ਦਿਨ)

ਸਮਾਗਮ ਦਾ ਤੀਜੇ ਦਿਨ ਸਿੱਖ ਪੰਥ ਵਿਚ ਬੀਬੀਆਂ ਵਲੋਂ ਪਾਏ ਗਏ ਯੋਗਦਾਨ, ਮਾਤਾ ਰਣਜੀਤ ਕੌਰ ਦੀ ਯਾਦ ਅਤੇ ਬੰਦੀ ਛੋੜ ਦਿਵਸ ਮਨਾਏ ਗਏ।

ਆਸਾ ਕੀ ਵਾਰ ਦਾ ਕੀਰਤਨ ਬੀਬੀ ਚਰਨਜੀਤ ਕੌਰ ਜੀ ਦੇ ਜਥੇ ਵਲੋਂ ਕੀਤਾ ਗਿਆ।

ਟਰੱਸਟ ਰਤਵਾੜਾ ਸਾਹਿਬ ਦੇ ਮੁਖੀ ਬਾਬਾ ਲਖਬੀਰ ਸਿੰਘ ਜੀ ਵਲੋਂ ਦਸਿਆ ਗਿਆ ਬੀਬੀਆਂ ਦੇ ਯੋਗਦਾਨ ਦੇ ਜ਼ਿਕਰ ਤੋਂ ਬਿਨਾਂ ਸਿੱਖ ਤਵਾਰੀਖ ਅਧੂਰੀ ਰਹੇਗੀ। ਰਤਵਾੜਾ ਸਾਹਿਬ ਸੰਸਥਾ ਵਿਚ ਮਾਤਾ ਰਣਜੀਤ ਕੌਰ ਜੀ ਵਲੋਂ ਪਾਇਆ ਯੋਗਦਾਨ

# ਟਰੱਸਟ ਰਤਵਾੜਾ ਸਾਹਿਬ ਦੇ ਵਿਦਿਅਕ ਅਦਾਰਿਆਂ (ਸਕੂਲ ਅਤੇ ਕਾਲਜ) ਦੇ ਬੱਚੇ ਗੁਰਬਾਣੀ ਕੀਰਤਨ ਦੀ ਹਾਜ਼ਰੀ ਭਰਦੇ ਹੋਏ।












ਅਹਿਮ ਹੈ। ਉਨ੍ਹਾਂ ਨੇ ਮਹਾਂਪੁਰਸ਼ਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਸਿੱਖੀ ਦੇ ਪ੍ਰਚਾਰ ਵਿਚ ਵਡਮੁੱਲਾ ਯੋਗਦਾਨ ਪਾਇਆ। ਸੰਤ ਬਾਬਾ ਵਰਿਆਮ ਸਿੰਘ ਜੀ ਦੀ ਜੀਵਨੀ 'ਤੇ ਅਧਾਰਿਤ ਥੀਸੀਜ਼ ਡਾ. ਸਰਬਜਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਅਗਵਾਈ ਵਿਚ ਭਾਈ ਜਗਦੀਪ ਸਿੰਘ ਵਲੋਂ ਸੰਸਥਾ ਨੂੰ ਭੇਂਟ ਕੀਤਾ ਗਿਆ। ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਪੰਥਕ ਅਕਾਲੀ ਲਹਿਰ ਦੇ ਪ੍ਰਧਾਨ ਜਥੇਦਾਰ ਸਿੰਘ ਸਾਹਿਬ ਰਣਜੀਤ ਸਿੰਘ ਨੇ ਹਾਜ਼ਰੀ ਭਰੀ। ਉਨ੍ਹਾਂ ਨੇ ਪੰਥ ਦੀ ਅਜੋਕੀ ਸਥਿਤੀ 'ਤੇ ਚਾਨਣਾ ਪਾਇਆ ਦਸਿਆ ਕਿ ਲੋਕਤੰਤਰੀ ਸਿਸਟਮ ਵਿਚ ਸਰਕਾਰਾਂ ਦੀ ਜਿੰਮੇਵਾਰੀ ਬਨਦੀ ਹੈ ਕਿ ਸਾਨੂੰ ਸਾਡੇ ਬਨਦੇ ਜਮਹੂਰੀ ਹੱਕ ਦਿਤੇ ਜਾਣ। ਜਲਦੀ ਤੋਂ ਜਲਦੀ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਈਆਂ ਜਾਣ। ਜੇ ਇਸ ਵਿਚ ਹੋਰ ਦੇਰੀ ਹੁੰਦੀ ਹੈ ਤਾਂ ਕੌਮ ਨੂੰ ਨਾ ਪੂਰੇ ਹੋਣ ਵਾਲੇ ਘਾਟੇ ਦਿਨੋ ਦਿਨ ਵਧਦੇ ਜਾ ਰਹੇ ਹਨ। ਇਸ ਕਰਕੇ ਸਰਕਾਰਾਂ ਇਸ ਵਲ ਵਿਸ਼ੇਸ਼ ਧਿਆਨ ਦੇਣ। ਬੰਦੀ ਸਿੰਘਾਂ ਦੀ ਰਿਹਾਈ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਮਾਨਵਤਾ ਦੇ ਮਾੜੇ ਅਨਸਰਾਂ ਨੂੰ ਪੈਰੋਲ ਮਿਲ ਰਹੀ ਹੈ ਪਰ ਸਾਡੇ ਬੰਦੀ ਸਿੰਘ 30-30 ਸਾਲ ਤੋਂ ਜੇਲ੍ਹਾਂ ਵਿਚ ਬੰਦ ਹਨ। ਸਮਾਗਮ ਵਿਚ ਬਾਬਾ ਗੁਰਪਾਲ ਸਿੰਘ ਜੀ, ਰਤਵਾੜਾ ਸਾਹਿਬ ਦੇ ਜਥਿਆਂ ਨੇ ਕੀਰਤਨ ਕੀਤਾ।

# ਦ੍ਰਿਸ਼

1. ਸਮਾਗਮ ਦੌਰਾਨ ਟਰੱਸਟ ਵਲੋਂ ਫਰੀ ਮੈਡੀਕਲ ਕੈਂਪ ਦੀਆਂ ਸੇਵਾਵਾਂ
2. ਟਰੱਸਟ ਵਲੋਂ ਸੰਚਾਲਿਤ ਆਤਮ ਮਾਰਗ ਮੈਗਜ਼ੀਨ ਅਤੇ ਲਿਟਰੇਚਰ ਦੀਆਂ ਸਟਾਲਾਂ
3. ਦਸਤਾਰ ਸਿੱਖੀ ਦੀ ਸ਼ਾਨ - ਦਸਤਾਰ ਪ੍ਰਤੀ ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਦਸਤਾਰ ਮੁਕਾਬਲੇ



ਰਾਗੀ ਗੁਰਚਰਨ ਸਿੰਘ, ਭਾਈ ਮੱਖਣ ਸਿੰਘ ਮਨੀਲਾ, ਬਾਬਾ ਗੁਰਦੇਵ ਸਿੰਘ ਜੀ ਬਨੂੜ, ਡਾ. ਭਾਈ ਸੁਖਵਿੰਦਰ ਸਿੰਘ, ਪ੍ਰੋਫੈਸਰ ਸਰਬਜਿੰਦਰ ਸਿੰਘ, ਗਿ: ਕੁਲਵੰਤ ਸਿੰਘ ਲੁਧਿਆਣਾ, ਭਾਈ ਗੁਰਪ੍ਰੀਤ ਸਿੰਘ ਰੰਧਾਵੇ ਵਾਲੇ, ਭਾਈ ਮਨਜੀਤ ਸਿੰਘ ਯੂ.ਐਸ.ਏ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਸਾਬਕਾ ਮੰਤਰੀ ਸ. ਬਲਬੀਰ ਸਿੰਘ ਸਿੱਧੂ, ਸ. ਹਰਭਾਗ ਸਿੰਘ ਦੇਸੂਮਾਜਰਾ, ਸ. ਕੁਲਜੀਤ ਸਿੰਘ ਬੇਦੀ ਡਿਪਟੀ ਮੇਅਰ ਮੋਹਾਲੀ, ਸ. ਤਾਰਾ ਸਿੰਘ ਚੇਅਰਮੈਨ ਗੁਰਦੁਆਰਾ ਤਾਲਮੇਲ ਕਮੇਟੀ, ਚੰਡੀਗੜ੍ਹ ਨੇ ਹਾਜ਼ਰੀ ਭਰੀ।

ਸਮਾਗਮ ਵਿਚ ਭਾਰੀ ਮਾਤਰਾ ਵਿਚ ਅੰਮ੍ਰਿਤ ਸੰਚਾਰ ਹੋਇਆ।

## 2 ਨਵੰਬਰ

## (ਸਮਾਗਮ ਦਾ ਚੌਥਾ ਦਿਨ)

### ਸੰਪੂਰਨਤਾ ਦਾ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਗੱਦੀ ਨੂੰ ਸਮਰਪਿਤ

### ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਜੁੜਨ ਨਾਲ ਹੀ ਲੋਕਾਈ ਦਾ ਭਲਾ - ਬਾਬਾ ਲਖਬੀਰ ਸਿੰਘ

ਰਤਵਾੜਾ ਸਾਹਿਬ ਦੇ ਸਮਾਗਮ ਦੀ ਚੌਥੇ ਦਿਨ ਸੰਪੂਰਨਤਾ ਹੋਈ। ਠਾਠਾਂ ਮਾਰਦਾ ਇਕੱਠ, ਆਪਣੇ ਗੁਰੂ ਪ੍ਰਤੀ ਅਥਾਹ ਸ਼ਰਧਾ ਦਾ ਪ੍ਰਤੱਖ ਰੂਪ ਸੀ। ਅੰਮ੍ਰਿਤ ਵੇਲੇ 4 ਵਜੇ ਤੋਂ ਆਰੰਭ ਹੋ ਕੇ ਸ਼ਾਮੀ 4 ਵਜੇ ਸਮੁੱਚੀ ਸੰਪੂਰਨਤਾ ਹੋਈ। ਵੱਖ-ਵੱਖ ਸੰਤਾਂ ਮਹਾਂਪੁਰਸ਼ਾਂ ਅਤੇ ਬੁਲਾਰਿਆਂ ਵਲੋਂ ਗੁਰਮਤਿ ਵੀਚਾਰਾਂ ਸਾਂਝੀਆਂ ਕੀਤੀਆਂ ਗਈਆਂ। ਵਿਸ਼ੇਸ਼ ਤੌਰ 'ਤੇ ਪਹੁੰਚੇ ਸੰਤ ਬਾਬਾ ਸਰਬਜੋਤ ਸਿੰਘ ਜੀ ਬੇਦੀ (ਅੰਸ ਵੰਸ ਸ੍ਰੀ ਗੁਰੂ ਨਾਨਕ ਸਾਹਿਬ) ਨੇ ਵੀਚਾਰ ਕਰਦਿਆਂ ਕਿਹਾ ਕਿ ਅੱਜ ਸਮਾਂ ਆ ਚੁੱਕਾ ਹੈ ਪੰਥਕ ਰਿਵਾਇਤਾਂ ਤੇ ਪਰੰਪਰਾਵਾਂ ਦੀ ਪਹਿਰੇਦਾਰੀ ਨਿਭਾਉਣ ਦਾ। ਜੇਕਰ ਹੁਣ ਵੀ ਪੰਥ ਪ੍ਰਤੀ ਆਪਣੀ



ਗੁਰੂ ਕਾ ਲੰਗਰ - ਸੇਵਾਵਾਂ ਵਿਚ ਜੁਟੇ ਭਾਈ ਅਤੇ ਬੀਬੀਆਂ



ਜ਼ਿੰਮੇਵਾਰੀਆਂ ਤੋਂ ਅਵੇਸਲੇ ਰਹੇ ਤਾਂ ਇਤਿਹਾਸ ਸਾਨੂੰ ਕਦੇ ਵੀ ਮਾਫ ਨਹੀਂ ਕਰੇਗਾ।

ਸਮਾਗਮ ਦੀ ਸੰਪੂਰਨਤਾ ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਬਾਬਾ ਲਖਬੀਰ ਸਿੰਘ ਜੀ ਦੇ ਕੀਰਤਨ ਪ੍ਰਵਚਨਾਂ ਨਾਲ ਹੋਈ। ਉਨ੍ਹਾਂ ਵਲੋਂ ਸੰਗਤਾਂ ਨੂੰ ਹਰ ਸੁਖ-ਦੁਖ ਦੇ ਸਮੇਂ, ਹਰ ਥਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜਨ ਦੀ ਪ੍ਰੇਰਨਾ ਕੀਤੀ। ਉਨ੍ਹਾਂ ਕਿਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਮੁੱਚੀ ਮਾਨਵਤਾ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੋਈ ਵਿਸ਼ਵ ਨੂੰ ਸ਼ਾਂਤੀ ਪ੍ਰਦਾਨ ਕਰਾਉਣ ਦੇ ਸਮਰੱਥ ਹੈ। ਅੱਜ ਦੇ ਮਾਇਆਵੀ ਸੰਸਾਰ ਵਿਚ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਨੂੰ ਅਪਣਾਅ ਕੇ ਹੀ ਸੁਖ-ਸ਼ਾਂਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਅਖੀਰ ਵਿਚ ਉਨ੍ਹਾਂ ਨੇ ਦੇਸ਼ਾਂ-ਵਿਦੇਸ਼ਾਂ ਤੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਸਮਾਗਮ ਦੀ ਸ਼ੁਰੂਆਤ ਬੀਬੀ ਉਜਾਗਰ ਕੌਰ ਵਲੋਂ ਆਸਾ ਕੀ ਵਾਰ ਤੋਂ ਹੋਈ। ਉਪਰੰਤ ਭਾਈ (ਡਾ.) ਸੁਖਵਿੰਦਰ ਸਿੰਘ ਜੀ ਨੇ ਕਥਾ ਕੀਤੀ। ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਦੇ ਬੱਚਿਆਂ ਨੇ ਕੀਰਤਨ ਕੀਤਾ। ਰਤਵਾੜਾ ਸਾਹਿਬ ਦੇ ਜੱਥਿਆਂ ਨੇ ਕੀਰਤਨ ਰਾਹੀਂ ਹਾਜ਼ਰੀ ਭਰੀ, ਰਾਗੀ ਰਾਜਵੀਰ ਸਿੰਘ ਖਡੂਰ ਸਾਹਿਬ, ਬਾਬਾ ਹਰਦੀਪ ਸਿੰਘ ਢੈਂਠਲ ਵਾਲੇ, ਬਾਬਾ ਸੁਖਜੀਤ ਸਿੰਘ ਸੰਗਰੂਰ, ਸੰਤ ਭੁਪਿੰਦਰ ਸਿੰਘ ਜਰਗ, ਭਾਈ ਜਸਵਿੰਦਰ ਸਿੰਘ ਘੋਲਾ, ਬਾਬਾ ਹਰਪਾਲ ਸਿੰਘ ਜੀ, ਗਿਆਨੀ ਭਗਵਾਨ ਸਿੰਘ ਜੀ ਜੋਹਲ, ਸੰਤ ਹਰੀ ਸਿੰਘ ਰੰਧਾਵੇ ਵਾਲੇ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਦਸਤਾਰ ਮੁਕਾਬਲੇ ਕਰਵਾਏ ਗਏ ਅਤੇ ਗਤਕਾ ਪਾਰਟੀ ਨੇ ਗਤਕੇ ਦੇ ਜੌਹਰ ਦਿਖਾਏ।

ਸਟੇਜ ਦੀ ਸੇਵਾ ਭਾਈ ਜਸਵੰਤ ਸਿੰਘ ਨੇ ਬਾਖੂਬੀ ਨਿਭਾਈ। ਅਰਦਾਸ ਦੀ ਸੇਵਾ ਡਾ. ਭਾਈ ਸੁਖਵਿੰਦਰ ਸਿੰਘ ਨੇ ਨਿਭਾਈ। ਲੰਗਰ ਦੀ ਸੇਵਾ ਸ੍ਰੀ ਮਾਨ ਬਾਬਾ ਕਰਨੈਲ ਜੀ ਨੇ ਨਿਭਾਈ। ਸ. ਰਣਜੀਤ ਸਿੰਘ ਗਿੱਲ, ਸ. ਭਜਨ ਸਿੰਘ ਸ਼ੇਰਗਿੱਲ, ਸ. ਜਗਮੋਹਨ ਸਿੰਘ ਕੰਗ, ਸ. ਹਰਭਾਗ ਸਿੰਘ ਦੇਸੂਮਾਜਰਾ, ਐਡਵੋਕੇਟ ਆਰ.ਪੀ. ਸਿੰਘ, ਭਾਈ ਗੁਰਪ੍ਰੀਤ ਸਿੰਘ ਰੰਧਾਵਾ ਨੇ ਹਾਜ਼ਰੀ ਭਰੀ। ਠਾਠਾਂ ਮਾਰਦਾ ਸੰਗਤਾਂ ਦਾ ਇਕੱਠ, ਅਨੂਠੀ ਛਾਪ ਛੱਡ ਕੇ ਇਹ ਚਾਰ ਰੋਜ਼ਾ ਮਹਾਨ ਗੁਰਮਤਿ ਰੂਹਾਨੀ ਸਮਾਗਮ ਸੰਪੂਰਨ ਹੋਇਆ।

ਅਤੀਅੰਤ ਸ਼ਰਧਾ ਅਤੇ ਪਿਆਰ ਦਾ ਪ੍ਰਤੀਕ -
ਵੱਡੀ ਤਦਾਦ ਵਿਚ ਲਾਈਨ ਵਿਚ ਖੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਮਸ਼ਕਾਰ ਕਰਨ ਲਈ ਸਸ਼ੋਭਿਤ ਸੰਗਤਾਂ



ਸਮਾਗਮ ਵਿਚ ਪਿਆਰ ਦੇ ਪਿਆਰ ਵਿਚ ਪਹੁੰਚੀਆਂ ਵਿਦੇਸ਼ਾਂ ਤੋਂ ਸੰਗਤਾਂ ਨਾਲ ਵਿਚਾਰ ਵਟਾਂਦਰਾ ਕਰਦੇ ਹੋਏ
ਟਰੱਸਟ ਰਤਵਾੜਾ ਸਾਹਿਬ ਦੇ ਮੁਖੀ ਬਾਬਾ ਲਖਬੀਰ ਸਿੰਘ ਤੇ ਹੋਰ ਟਰੱਸਟ ਮੈਂਬਰ।



# ਚਉਥੈ ਪਹਰਿ ਸਬਾਹ ਕੈ
# ਸੁਰਤਿਆ ਉਪਜੈ ਚਾਉ
## ਤਿਨ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥
### (ਅੰਮ੍ਰਿਤ ਵੇਲੇ ਆਸਾ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

***(ਲੜੀ ਜੋੜਨ ਦੇਖੋ, ਨਵੰਬਰ ਅੰਕ, ਪੰਨਾ-50)***

ਮੇਰਾ ਬੇਨਤੀ ਕਰਨ ਤੋਂ ਇਹ ਭਾਵ ਹੈ ਕਿ ਮੈਂ ਇਕ ਗੱਲ ਸਮਝਾਉਣੀ ਚਾਹੁੰਦਾ ਹਾਂ ਕਿ ਆਹ ਜੀਵਨ ਐਨਾ ਹੀ ਨਹੀਂ ਕਿ Eat drink and be merry for we Shall have to die. ਖਾਓ ਪੀਓ ਤੇ ਐਸ਼ ਕਰੋ ਕਿਉਂਕਿ ਦੁਬਾਰਾ ਨਹੀਂ ਆਉਣਾ। ਸਮਝੋ ਚੰਗੀ ਤਰ੍ਹਾਂ ਦੇ ਨਾਲ ਕਿ ਇਹ ਲੰਮਾ ਚੱਕਰ ਹੈ, ਜੋ ਸਾਡੇ ਹੱਥੋਂ ਨਿਕਲ ਗਿਆ ਨਾ - ਮਨ ਦੇ ਪਿੱਛੇ ਲਗ ਕੇ, ਮਹਾਰਾਜ ਕਹਿੰਦੇ -

*ਮਨਮੁਖਿ ਆਵੈ ਮਨਮੁਖਿ ਜਾਵੈ ॥*
*ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥*
*ਜਿਤਨੇ ਨਰਕ ਸੇ ਮਨਮੁਖਿ ਭੋਗੈ*
*ਗੁਰਮੁਖਿ ਲੇਪੁ ਨ ਮਾਸਾ ਹੇ ॥ ਅੰਗ - ੧੦੭੩*

ਜਿੰਨੇ ਨਰਕ ਨੇ ਸਾਨੂੰ ਭੋਗਣੇ ਪੈਣਗੇ। ਹੁਣ ਛੁਟਕਾਰੇ ਦੀ ਬਾਤ ਵਲ, ਅਸਲੀ ਬਾਤ ਵਲ ਮੈਂ ਆਉਂਦਾ ਹਾਂ, ਜੋ ਧਿਆਨ ਦੇ ਕੇ ਸਰਵਣ ਕਰੋ। ਉਹ ਇਹ ਹੈ ਕਿ ਮਹਾਰਾਜ ਜੀ ਕਹਿੰਦੇ ਨੇ -

*ਚਿਰੰਕਾਲ ਇਹ ਦੇਹ ਸੰਜਰੀਆ॥ ਅੰਗ - ੧੭੬*

ਬੜੀ ਦੇਰ ਤੋਂ ਬਾਦ ਤੁਹਾਨੂੰ ਇਹ ਦੇਹ ਪ੍ਰਾਪਤ ਹੋਈ ਹੈ, ਹੁਣ ਤੁਸੀਂ ਘੌਲ ਨਾ ਕਰੋ। ਤੁਸੀਂ ਹੁਣ ਉਹ ਕੰਮ ਕਰੋ ਜਿਹਦੇ ਵਾਸਤੇ ਆਏ ਹੋ। ਉਹ ਕੰਮ ਇਹ ਹੈ ਕਿ -

*ਭਈ ਪਰਾਪਤਿ ਮਾਨੁਖ ਦੇਹੁਰੀਆ॥ ਅੰਗ - ੧੨*

ਤੁਹਾਨੂੰ ਹੁਣ ਮਨੁੱਖ ਬਣਾ ਦਿਤਾ, ਤੁਸੀਂ ਗੋਬਿੰਦ ਨੂੰ ਮਿਲੋ। ਸਾਨੂੰ ਤਾਂ ਪਤਾ ਨਹੀਂ ਕਿ ਗੋਬਿੰਦ ਕਿਥੇ ਰਹਿੰਦਾ ਹੈ। ਹੁਣ ਮੈਂ ਇਸ ਘਰ 'ਚ ਆਇਆ ਸੀ, ਦੇਖੋ ਇਕ ਮਿਸਾਲ ਦੇਨਾਂ। ਝੱਲੀਆਂ ਪਿੰਡ ਦਾ ਤਾਂ ਸਾਨੂੰ ਪਤਾ ਸੀ, ਪਰ ਮੈਨੂੰ ਇਸ ਘਰ ਦਾ ਨਹੀਂ ਸੀ ਪਤਾ। ਉਹ ਜਿਧਰ ਪਾਣੀ ਹੈ, ਉਸ ਤੋਂ ਅਗਾਂਹਾ ਅਸੀਂ ਲੰਘ ਚੱਲੇ। ਕਿਸੇ ਨੇ ਦੱਸਿਆ, ਕਹਿੰਦੇ ਐਧਰ ਹੈ ਘਰ। ਉਹਦੇ ਬਾਅਦ ਇਕ ਪ੍ਰੇਮੀ ਨੇ ਦੱਸਿਆ ਕਿ ਜੇ ਸੁੱਕੇ-ਸੁੱਕੇ ਜਾਣਾ ਹੈ ਤਾਂ ਐਧਰ ਦੀ ਹੋ ਕੇ ਉਪਰ ਦੀ ਜਾਓ ਤੁਸੀਂ। ਯਾਨਿ ਕੋਲ ਹੁੰਦੇ ਹੋਏ ਵੀ ਸਾਨੂੰ ਰਸਤਾ ਪੁਛਣਾ ਪਿਆ ਤੇ ਇਹ ਜਿਹੜਾ ਰਸਤਾ ਹੈ - ਰੱਬ ਦਾ ਰਾਹ, ਇਹ ਆਪਣੇ ਆਪ ਨਹੀਂ ਆਉਂਦਾ। ਸਾਧਸੰਗਤ ਜੀ! ਇਹ ਤਾਂ ਜਿਹੜੇ ਪਹੁੰਚਦੇ ਨੇ, ਜਿਹੜੇ ਜਾ ਰਹੇ ਨੇ, ਉਨ੍ਹਾਂ ਨੂੰ ਪੁੱਛਣਾ ਹੀ ਪੈਂਦਾ ਹੈ ਕਿ ਸਾਨੂੰ ਦੱਸੋ ਜੀ! ਇਹ ਰਾਹ ਕਿਧਰ ਨੂੰ ਜਾਂਦਾ ਹੈ। ਮਹਾਰਾਜ ਕਹਿੰਦੇ, ਤੁਸੀਂ ਰਸਤੇ ਦੀ ਪਛਾਣ ਕਰੋ। ਪਹਿਲਾਂ ਇਰਾਦਾ ਕਰੋ ਕਿ ਅਸੀਂ ਪ੍ਰਮੇਸ਼ਰ ਨੂੰ ਮਿਲਣਾ ਹੈ। ਕਿਤੇ ਐਵੇਂ ਹੀ ਨਾ ਸਾਡੇ ਪ੍ਰਾਣ ਨਿਕਲ ਜਾਣ, ਭੂਤ ਪ੍ਰੇਤ ਬਣੇ ਫਿਰੀਏ। ਮਹਾਰਾਜ ਕਹਿੰਦੇ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਅੰਗ - ੧੨*

ਜਿੰਨੇ ਤੂੰ ਕੰਮ ਕਰ ਰਿਹੈਂ ਨਾ - ਫਾਲਤੂ ਦੇ, ਇਹ ਫਜ਼ੂਲ ਨੇ, ਕਉਡੀ ਦੇ ਕੰਮ ਨਹੀਂ।

*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ - ੧੨*

ਤੂੰ ਸਾਧੂਆਂ ਦੀ ਸੰਗਤ ਵਿਚ ਜਾਹ। ਬਾਰ-ਬਾਰ ਆਉਂਦਾ ਹੈ ਸਾਧੂਆਂ ਦੀ ਸੰਗਤ 'ਚ, ਗੁਰਮੁਖਾਂ ਦੀ ਸੰਗਤ 'ਚ, ਗੁਰੂ ਦੀ ਸੰਗਤ ਵਿਚ ਜਾਹ, ਉਥੇ ਜਾ ਕੇ ਤੂੰ ਪ੍ਰਮੇਸ਼ਰ ਦਾ ਨਾਮ ਜਪ। ਪ੍ਰਮੇਸ਼ਰ ਦਾ ਨਾਮ ਕਿਵੇਂ ਜਪੇ? ਆਪਣੇ ਆਪ ਤਾਂ ਜਪ ਨਹੀਂ ਹੁੰਦਾ। ਮੈਂ ਐਥੇ ਜਦ ਆਇਆ ਸੀ, ਦੱਸਿਆ ਸੀ ਕਿ ਪ੍ਰੇਮੀਓਂ! ਜੇ ਕੋਈ ਸੌ ਸਾਲ ਨਿਗੁਰਾ ਰਹਿ ਕੇ ਭਗਤੀ ਕਰੇ, ਉਹਦੀ ਭਗਤੀ ਥਾਂ ਨਹੀਂ ਪੈਂਦੀ। ਗੁਰੂ ਵਾਲਾ ਜਿਹੜਾ ਹੈ ਉਹ ਇਕ ਘੜੀ ਵੀ ਭਗਤੀ ਕਰ ਲਵੇ, ਲੇਖੇ ਪੈਂਦੀ ਹੈ -

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ ਅੰਗ - ੧੩੭੭*

ਛੇ ਮਿੰਟ ਵੀ ਸਤਿਸੰਗ ਕਰ ਲਵੇ - ਗੁਰੂ ਵਾਲਾ, ਉਹਦੇ ਨਾਲ ਵੀ ਉਹਦਾ ਉਧਾਰ ਹੋ ਜਾਂਦਾ ਹੈ। ਸੋ ਸਾਰਿਆਂ ਨਾਲੋਂ ਜ਼ਰੂਰੀ ਇਹ ਹੈ ਕਿ ਸਾਨੂੰ ਗੁਰੂ ਧਾਰਨ ਕਰਨਾ ਪੈਂਦਾ ਹੈ ਕਿਉਂਕਿ ਜਿੰਨਾਂ ਚਿਰ ਗੁਰੂ ਨਹੀਂ ਧਾਰਨ ਕਰਦੇ, ਸਾਨੂੰ ਨਾਮ ਨਹੀਂ ਮਿਲਦਾ। ਗੁਰੂ ਧਾਰਨ ਕਰਨ ਵਾਸਤੇ ਗੁਰੂ ਦਸ਼ਮੇਸ਼ ਪਿਤਾ ਨੇ ਵਿਧਾਨ ਰਖ ਦਿਤਾ ਕਿ ਪ੍ਰੇਮੀਓਂ! ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਤਾਂ ਰੱਖੋ ਭਰੋਸਾ, ਉਹਤੇ ਬਾਅਦ ਤੁਸੀਂ ਨਾਮ ਲਓ - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ। ਅਸੀਂ ਕਹਿੰਦੇ ਹਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਂ ਬੋਲਦੇ ਹੀ ਨਹੀਂ, ਨਾਮ ਕਿਵੇਂ ਦੇਣਗੇ? ਕਹਿਣ ਲੱਗੇ, "ਜਿਹੜੀ ਸਾਡੀ ਗੁਰੂ ਸ਼ਕਤੀ ਹੈ ਨਾ, ਉਹ ਪੰਜ ਪਿਆਰਿਆਂ ਦੇ ਵਿਚ ਪ੍ਰਵੇਸ਼ ਕਰ ਜਾਇਆ ਕਰੇਗੀ ਜਿਹੜੇ ਪਿਆਰੇ ਹੋਣਗੇ। ਇਕ ਤਾਂ ਮਾਇਆ ਦੇ ਪਿਆਰੇ ਹੁੰਦੇ ਨੇ, ਬੱਚਿਆਂ ਦੇ ਪਿਆਰੇ ਹੁੰਦੇ ਨੇ, ਅਹੁਦਿਆਂ ਦੇ ਪਿਆਰੇ ਹੁੰਦੇ ਨੇ। ਇਕ ਹੁੰਦੇ ਨੇ ਗੁਰੂ ਦੇ ਪਿਆਰੇ ਜਿਹੜੇ ਗੁਰੂ ਦੇ ਪਿਆਰੇ ਹੁੰਦੇ ਨੇ-

*ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥*

*ਅੰਗ - ੫੧੭*

ਹਰ ਵਕਤ ਗੁਰੂ ਦੀ ਆਰਾਧਨਾ ਕਰਦੇ ਨੇ, ਜੀਭਾ ਦੇ ਉਤੇ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਉਨ੍ਹਾਂ ਦੇ ਹਰ ਵਕਤ ਹੋਈ ਜਾਂਦਾ ਹੈ -

*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥*

*ਅੰਗ - ੫੧੭*

ਨੇਤਰਾਂ ਦੇ ਨਾਲ ਸਤਿਗੁਰੂ ਦੇ ਦਰਸ਼ਨ ਕਰਦੇ ਨੇ, ਕੰਨਾਂ ਨਾਲ ਨਾਮ ਸੁਣਦੇ ਨੇ, ਬਾਣੀ ਸੁਣਦੇ ਨੇ-

*ਬਲਿਹਾਰੀ ਕੁਦਰਤਿ ਵਸਿਆ ॥*
*ਤੇਰਾ ਅੰਤੁ ਨ ਜਾਈ ਲਖਿਆ ॥* *ਅੰਗ - ੪੬੯*

ਕੰਨਾਂ ਦੇ ਨਾਲ ਨਾਮ ਸੁਣਦੇ ਨੇ, ਬਾਣੀ ਸੁਣਦੇ ਨੇ-

*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥*

*ਅੰਗ - ੫੧੭*

ਉਹ ਪਿਆਰ ਵਿਚ ਰਹਿੰਦੇ ਨੇ - ਸਤਿਗੁਰੂ ਦੇ ਨਾਲ। ਐਸੇ ਪਿਆਰ ਵਾਲੇ ਬੰਦੇ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਆ ਕੇ ਬੇਨਤੀ ਕਰਨਗੇ, ਪਾਤਸ਼ਾਹ! ਸਾਡੇ ਕਰਮ ਧਰਮ ਨਾ ਦੇਖੀਂ। ਐਸ ਵੇਲੇ ਅਸੀਂ ਤੇਰਾ ਕੰਮ ਕਰਨ ਲੱਗੇ ਹਾਂ। ਉਸ ਵੇਲੇ ਕੀ ਹੋਏਗਾ, ਗੁਰੂ ਦੀ ਸ਼ਕਤੀ ਉਨ੍ਹਾਂ ਵਿਚ ਪ੍ਰਵੇਸ਼ ਕਰ ਜਾਏਗੀ। ਜੇ ਪੰਜ ਇਕੱਠੇ ਕਿਸੇ ਹੋਰ ਥਾਉਂ ਖੜ੍ਹੇ ਨੇ, ਫੇਰ ਗਲਤ ਹੈ। ਜਦ ਪੰਜ ਸਿੰਘ ਗੁਰੂ ਦੀ ਹਜ਼ੂਰੀ ਵਿਚ ਆ ਕੇ ਬੇਨਤੀ ਕਰਦੇ ਨੇ, ਉਹ ਸ਼ਕਤੀ ਪ੍ਰਵੇਸ਼ ਕਰ ਜਾਂਦੀ ਹੈ। ਉਨ੍ਹਾਂ ਦੀ ਡਿਊਟੀ ਕੀ ਹੁੰਦੀ ਹੈ ਕਿ ਅੰਮ੍ਰਿਤ ਤਿਆਰ ਕਰਨਾ ਹੈ, ਪੰਜ ਬਾਣੀਆਂ ਪੜ੍ਹ ਕੇ। ਉਸ ਤੋਂ ਬਾਅਦ ਪੰਜ ਪਿਆਰਿਆਂ ਨੇ ਇਕੱਠੇ ਹੋ ਕੇ ਵਾਹਿਗੁਰੂ ਮੰਤਰ ਦਾ ਉਚਾਰਨ ਕਰਨਾ ਹੈ। ਇਹਦੇ ਨਾਲ ਕੀ ਹੋਏਗਾ, ਸਾਨੂੰ ਮੰਤਰ ਮਿਲ ਗਿਆ। ਅਸੀਂ ਵੱਡੇ ਸਰਦਾਰ ਕਹਾਉਂਨੇ ਹਾਂ, ਵੱਡੇ ਪੈਸੇ ਵਾਲੇ, ਵੱਡੇ ਪੜ੍ਹੇ ਲਿਖੇ ਕਹਾਉਂਨੇ ਹਾਂ। ਜੇ ਸਾਨੂੰ ਮੰਤਰ ਨਹੀਂ ਮਿਲਿਆ, ਮਹਾਰਾਜ ਕਹਿੰਦੇ -

*ਗੁਰ ਮੰਤ੍ਰ ਹੀਣਸ੍ਹ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥*

*ਅੰਗ - ੧੩੫੬*

ਜਿਹਨੂੰ ਮੰਤਰ ਨਹੀਂ ਮਿਲਿਆ, ਕਹਿੰਦੇ ਧਿਰਕਾਰ ਹੈ, ਸੌ ਵਾਰੀ ਫਿੱਟੇ ਮੂੰਹ ਉਹਦੇ, ਉਹ ਤਾਂ ਭ੍ਰਿਸ਼ਟਿਆ ਹੋਇਆ ਬੰਦਾ ਹੈ। ਉਹਦੀ ਬਰਾਬਰੀ ਕੀਹਦੇ ਨਾਲ ਹੈ -

*ਕੂਕਰਹ ਸੂਕਰਹ ਗਰਧਭਹ*
*ਕਾਕਹ ਸਰਪਨਹ ਤੁਲਿ ਖਲਹ ॥* *ਅੰਗ - ੧੩੫੬*

ਕੁੱਤਿਆਂ, ਬਿੱਲਿਆਂ, ਸੂਰਾਂ, ਸੱਪਾਂ, ਕਾਵਾਂ ਤੇ ਗਧਿਆਂ ਵਰਗਾ ਉਹ ਬੰਦਾ ਹੈ। ਜਿਹੜਾ ਬੰਦਾ ਇਹ ਮਾਣ ਕਰਦਾ ਹੈ ਕਿ ਮੈਂ ਮੰਤਰ ਤੋਂ ਬਗੈਰ ਲੰਘ ਜਾਊਂ, ਮਹਾਰਾਜ ਕਹਿੰਦੇ ਨੇ ਮੰਤਰ ਤਾਂ ਤੇਨੂੰ ਲੈਣਾ ਹੀ ਪੈਣਾ ਹੈ। ਜਦੋਂ ਸਾਨੂੰ ਮੰਤਰ ਮਿਲ ਗਿਆ ਨਾ, ਫੇਰ ਅਸੀਂ ਨਾਮ ਦੀ ਖੋਜ ਕਰਨੀ ਹੈ। ਨਾਮ ਬਾਹਰ ਨਹੀਂ ਹੈ, ਨਾਮ ਸਾਡੇ ਅੰਦਰ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*
*ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥*
*ਨਾਨਕ ਤਿਸੁ ਜਨ ਸੋਝੀ ਪਾਏ ॥* *ਅੰਗ - ੨੯੩*

ਜਿਹਨੇ ਦੇਖਿਆ ਹੈ ਉਹ ਦਿਖਾ ਦਿੰਦਾ ਹੈ। ਉਹ ਫੇਰ ਸੋਝੀ ਪਾ ਦਿੰਦਾ ਹੈ ਦੂਸਰਿਆਂ ਨੂੰ।

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥* *ਅੰਗ - ੨੯੩*

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥*

*ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਅੰਗ - ੨੯੩*

ਜਦੋਂ ਉਨ੍ਹਾਂ ਪ੍ਰੇਮੀਆਂ ਦੀ ਸੰਗਤ ਕਰੀ, ਉਨ੍ਹਾਂ ਨੇ ਪ੍ਰਮੇਸ਼ਰ ਨੂੰ ਅੰਦਰ ਦਿਖਾ ਦਿਤਾ, ਫੇਰ ਨਾਮ ਮਿੱਠਾ ਲੱਗਣ ਲਗ ਜਾਂਦਾ ਹੈ। ਸੋ ਏਸ ਤਰ੍ਹਾਂ ਦੇ ਨਾਲ -

*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ਅੰਗ - ੧੨*

ਸਾਧੂ ਦੀ ਸੰਗਤ 'ਚ ਮਿਲ ਜਾ ਕੇ, ਤੇ ਨਾਮ ਭਜ।

*ਸਰੰਜਾਮਿ ਲਾਗੁ ਭਵਜਲ ਤਰਨ ਕੈ ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥ ਅੰਗ - ੧੨*

ਤੂੰ ਲੱਕ ਬੰਨ੍ਹ ਲੈ, ਲੱਕ ਬੰਨ੍ਹ ਕੇ ਫੈਸਲਾ ਕਰ ਲੈ ਕਿ ਮੈਂ ਨਾਮ ਜਪਣਾ ਹੈ। ਸੋ ਸਾਧਸੰਗਤ ਜੀ! ਤੁਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਬੈਠੇ ਓਂ। ਮੈਂ ਇਕ ਬੇਨਤੀ ਕਰਨੀ ਸੀ ਆਪ ਨੂੰ ਆ ਕੇ। ਉਹ ਬੇਨਤੀ ਇਹ ਹੈ ਕਿ ਤੁਸੀਂ ਇਸ ਬਾਤ ਨੂੰ ਸਮਝਣ ਦਾ ਯਤਨ ਕਰੋ। ਸਮਾਂ ਲੰਘ ਗਿਆ, ਦਸ ਸਾਲ ਹੋ ਗਏ ਮੈਨੂੰ ਐਥੇ ਨੂੰ ਜਾਂ ਨੌਂ ਸਾਲ ਹੋ ਗਏ। ਕਿੰਨਾ ਸਮਾਂ ਲੰਘ ਗਿਆ ਤੇ ਕੋਈ ਪਤਾ ਨਹੀਂ ਹੁੰਦਾ -

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥*
*ਅੰਗ - ੨੫੪*

ਪਤਾ ਨਹੀਂ ਜਮਾਂ ਦਾ ਫੰਧਾ ਕਦ ਪੈ ਜਾਏਗਾ। ਮੁੜ ਕੇ ਜੇ ਸਾਡੇ ਹੱਥੋਂ ਨਿਕਲ ਗਿਆ ਨਾ ਮੌਕਾ, ਫੇਰ ਸਾਡੇ ਹੱਥ ਨਹੀਂ ਆਉਣਾ ਤੇ ਇਹਦੇ ਵਾਸਤੇ ਗੁਰੂ ਨਾਨਕ ਪਾਤਸ਼ਾਹ ਨੇ ਜੋ ਬਚਨ ਕਰਿਆ ਹੈ ਕਿ ਇਸ ਸ੍ਰਿਸ਼ਟੀ ਦੇ ਪਿਛਲੇ ਪਾਸੇ ਵਾਹਿਗੁਰੂ ਦੇਖੋ। ਜਿਹਦੀਆਂ ਅੱਖਾਂ ਖੁਲ੍ਹ ਜਾਂਦੀਆ ਨੇ, ਉਹ ਸ੍ਰਿਸ਼ਟੀ ਦੇ ਅੱਗੇ ਪਿੱਛੇ ਹਰ ਥਾਂ ਹੀ ਵਾਹਿਗੁਰੂ ਦੇਖਦਾ ਹੈ। ਪਹਿਲਾਂ ਘਾਲ ਕਮਾਈ ਕਰੋ ਕਿ ਐਥੇ ਪ੍ਰਮੇਸ਼ਰ ਹੈ, ਪ੍ਰਮੇਸ਼ਰ ਦੇ ਹੁਕਮ 'ਚ ਦੁਨੀਆਂ ਚਲ ਰਹੀ ਹੈ। ਚੰਗਾ ਹੋਵੇ, ਮੰਦਾ ਹੋਵੇ, ਦੋਸ਼ ਨਾ ਕਿਸੇ ਨੂੰ ਦਿਓ। ਪੜੋਸੀਆਂ ਨੂੰ ਦੋਸ਼ ਨਾ ਦਿਓ, ਰਿਸ਼ਤੇਦਾਰਾਂ ਨੂੰ ਦੋਸ਼ ਨਾ ਦਿਓ ਕਿ ਮੇਰੇ ਨਾਲ ਉਹਨੇ ਐਂ ਕਰੀ ਹੈ। ਮਹਾਰਾਜ ਕਹਿੰਦੇ, ਪ੍ਰੇਮੀਆਂ! ਕਿਉਂ ਦਿੰਦਾ ਹੈਂ ਦੋਸ਼-

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥*
*ਅੰਗ - ੪੩੩*

ਨਿੰਦਿਆ ਕਿਸੇ ਦੀ ਭੁੱਲ ਕੇ ਨਾ ਕਰੋ, ਚੁਗਲੀਆਂ ਨਾ ਕਰੋ। ਈਰਖਾ ਦੀ ਪਿੰਡਾਂ ਦੇ ਵਿਚ ਕਿੰਨੀ ਬਿਮਾਰੀ ਹੈ, ਸ਼ਹਿਰਾਂ 'ਚ ਕਿਉਂ ਨਹੀਂ ਹੈ ਕਿਉਂਕਿ ਉਥੇ ਜਾਣਦੇ ਨਹੀਂ ਇਕ ਦੂਜੇ ਨੂੰ। ਐਥੇ ਸਭ ਜਾਣਦੇ ਨੇ, ਬਿਮਾਰੀ ਪੈ ਜਾਂਦੀ ਹੈ। ਕਿਸੇ ਦੇ ਘਰ 'ਚ ਜੇ ਕੋਈ ਰੌਣਕ ਹੋ ਜਾਏ, ਕਿਸੇ ਦੇ ਘਰ ਪੁੱਤਰ ਹੋ ਜਾਵੇ, ਕਿਸੇ ਦਾ ਮੁੰਡਾ ਚੰਗਾ ਨੌਕਰ ਹੋ ਜਾਵੇ, ਕਿਸੇ ਨੂੰ ਪੈਸਾ ਮਿਲ ਜਾਵੇ। ਉਸ ਵੇਲੇ ਨਾਲ ਦਿਆਂ ਦੇ ਰੋਟੀ ਪੱਕਣੀ ਬੰਦ ਹੋ ਜਾਂਦੀ ਹੈ। ਮਹਾਰਾਜ ਜੀ ਕਹਿੰਦੇ ਨੇ ਜੇ ਈਰਖਾ ਹੋਵੇ ਨਾ -

*ਜਿਸੁ ਅੰਦਰਿ ਤਾਤਿ ਪਰਾਈ ਹੋਵੈ*
*ਤਿਸ ਕਾ ਕਦੇ ਨ ਹੋਵੀ ਭਲਾ ॥ ਅੰਗ - ੩੦੮*

ਉਹਦਾ ਭਲਾ ਹੀ ਨਹੀਂ ਹੋਣਾ। ਇਸ ਕਰਕੇ ਇਹ ਚੀਜ਼ਾਂ ਤੁਸੀਂ ਸੰਗਤ 'ਚ ਆ ਕੇ ਛੱਡੋ। ਗੁਰੂ ਦੀ ਹਜ਼ੂਰੀ ਵਿਚ ਆ ਕੇ ਕੂੜ-ਕੁਬਾੜ ਭੇਟਾ ਕਰ ਦਿਆ ਕਰੋ। ਗੁਰੂ ਨਹੀਂ ਕਹਿੰਦਾ ਕਿ ਤੁਸੀਂ ਰੁਪਈਏ ਮੱਥਾ ਟੇਕੋ। ਗੁਰੂ ਕਹਿੰਦਾ ਔਗੁਣ ਟੇਕ ਦਿਓ ਮੈਨੂੰ, ਮੇਰੇ ਤੋਂ ਗੁਣ ਲੈ ਜਾਓ।

ਸੋ ਐਸ ਤਰ੍ਹਾਂ ਸਾਧਸੰਗਤ ਜੀ! ਜੋ ਮੈਂ ਸਾਰੀ ਬੇਨਤੀ ਕੀਤੀ ਹੈ, ਉਹਦਾ ਤੱਤ ਮੈਂ ਥੋੜ੍ਹੇ ਅੱਖਰਾਂ 'ਚ ਆਪ ਨੂੰ ਬੇਨਤੀ ਕਰਦਾ ਹਾਂ ਕਿ ਪਹਿਲਾਂ ਤਾ ਇਹ ਮਨ 'ਚ ਧਾਰੋ ਕਿ ਅਸੀਂ ਨਾਮ ਜਪਣ ਵਾਸਤੇ, ਪ੍ਰਭੂ ਨੂੰ ਮਿਲਣ ਵਾਸਤੇ ਆਏ ਹਾਂ, ਫੇਰ ਇਹਦੇ ਮਿਲਣ ਦਾ ਸਾਧਨ ਜਿਹੜਾ ਹੈ ਜਿਵੇਂ ਸਕੂਲ ਹੁੰਦਾ ਹੈ; ਜਿਹੜਾ ਸਤਿਸੰਗ ਹੈ ਇਹ ਚਾਟਸਾਲ ਹੈ, ਸਕੂਲ ਹੈ। ਸਤਿਸੰਗ 'ਚ ਜਾਓ -

*ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ*
*ਹਰਿ ਕੈ ਨਾਮਿ ਨਿਵਾਸੁ ॥ ਅੰਗ - ੬੩੯*

ਨਾਮ ਦਾ ਨਿਵਾਸ ਤਾਂ ਹੋਏਗਾ ਜੋ ਸੰਤਾਂ ਦੀ ਸੰਗਤ 'ਚ ਜਾ ਕੇ ਮਨ ਨੂੰ ਮਾਂਜਣਾਂ ਕਰੋ, ਦੁਬਿਧਾ ਛੱਡੋ, ਉਹਦੇ ਬਾਅਦ ਸੇਵਾ ਕਰੋ, ਅੰਮ੍ਰਿਤ ਵੇਲੇ ਉਠਿਆ ਕਰੋ, ਸਿਮਰਨ ਕਰਿਆ ਕਰੋ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਅੰਗ - ੩੦੫*

ਅੰਮ੍ਰਿਤ ਵੇਲੇ ਉਠੋ, ਰਜਾਈ ਦਾ ਸਾਥ ਛੱਡੋ, ਇਸ਼ਨਾਨ ਕਰੋ, ਇਸ਼ਨਾਨ ਕਰਕੇ, ਗੁਰੂ ਦਾ ਧਿਆਨ ਦਿਓ, ਬਾਣੀ ਪੜ੍ਹੋ, ਜਿਹੜਾ ਪੰਜ ਪਿਆਰਿਆਂ ਨੇ

ਨਾਮ ਦਿਤਾ ਹੈ ਉਹਨੂੰ ਬੈਠ ਕੇ ਜਪੋ-ਕੁਛ ਦੇਰ ਵਾਸਤੇ। ਫੇਰ ਉਹਦਾ ਧਿਆਨ ਕਰੋ, ਬਾਰ-ਬਾਰ ਜਪੋ, ਉਸ ਨਾਮ ਨੇ ਜਪਦੇ-ਜਪਦੇ ਸਾਡੀ ਹਉਮੈ ਖੋ ਦੇਣੀ ਹੈ। ਜਦ ਹਉਮੈ ਸਾਡੇ 'ਚੋਂ ਜਾਂਦੀ ਰਹੀ, ਉਸ ਵੇਲੇ ਨਾਮ ਅੰਦਰ ਪ੍ਰਗਟ ਹੋ ਜਾਣਾ ਹੈ। ਨਾਮ ਉਹੀ ਧੁਨ ਹੈ ਜਿਹੜੀ ਸਾਰੀ ਸ੍ਰਿਸ਼ਟੀ ਨੂੰ ਸਾਂਭੀ ਬੈਠੀ ਹੈ -

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥* *ਅੰਗ- ੨੮੪*

ਉਹ ਅਕਾਲ ਪੁਰਖ ਹੈ ਆਪ -

*ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ ॥*
*ਅੰਗ - ੫੫*

ਮਹਾਰਾਜ ਜੀ ਕਹਿੰਦੇ ਨੇ ਮੈਂ ਨਾਮ ਦੇ ਅੰਦਰ ਵਸਦਾਂ। ਸੋ ਇਹ ਆਪਣਾ ਜੀਵਨ ਬਣਾਓ ਭਾਈ। ਫੇਰ ਤੁਹਾਡਾ ਸਤਿਸੰਗ ਸੁਣਨਾ, ਗੁਰੂ ਘਰ ਆਉਣਾ, ਬਾਲ-ਬੱਚਿਆਂ ਨੂੰ ਪਾਲਦੇ ਹੋਏ, ਖੇਤੀ ਕਰਦੇ ਹੋਏ, ਕਾਰੋਬਾਰ ਕਰਦੇ ਹੋਏ, ਸਿਰਫ ਐਨਾ ਹੀ ਹੈ - ਜੀਭ ਨਾਲ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਰੀ ਜਾਣਾ ਹੈ। ਪਹਿਲੀ ਗੱਲ - ਗੁਰੂ ਧਾਰਨ ਕਰੋ, ਗੁਰੂ ਤੋਂ ਲਓ ਮੰਤਰ, ਮੰਤਰ ਦਾ ਕਰੋ ਜਾਪ, ਫੇਰ ਕਰਦੇ-ਕਰਦੇ ਸਭ ਕੁਝ ਖਾਂਦੇ-ਪੀਂਦੇ, ਖੇਲ੍ਹਦੇ, ਹਸਦੇ, ਘਰ ਬਣਾਉਂਦੇ, ਸਵਾਰੀਆਂ ਰੱਖਦੇ, ਐਥੇ ਹੀ ਮੁਕਤ ਹੋ ਜਾਵਾਂਗੇ -

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ ॥* *ਅੰਗ - ੫੨੨*

ਸੋ ਐਸ ਤਰ੍ਹਾਂ ਦੇ ਨਾਲ ਆਪਣਾ ਜੀਵਨ ਬਣਾਓ। ਉਹਦੇ ਵਾਸਤੇ ਇਹ ਹੁੰਦਾ ਹੈ ਕਿ ਸਤਿਸੰਗ ਟੋਲ੍ਹੋ, ਸਤਿਸੰਗ 'ਚ ਆਇਆ ਕਰੋ। ਸਤਿਸੰਗ ਵਿਚ ਜਦ ਆਵੋਂਗੇ, ਉਸ ਵੇਲੇ ਗੱਲ ਬਣਦੀ ਹੈ। ਸੁਖਮਨੀ ਸਾਹਿਬ ਸੁਣੋ, ਕੀ ਕਹਿੰਦਾ ਹੈ ਗੁਰੂ। ਹੋਰ ਬਾਣੀਆਂ ਸੁਣੋ, ਕੀ ਕਹਿੰਦੀਆਂ ਨੇ, ਦੋ ਚਾਰ ਗੱਲਾਂ ਮਨ 'ਚ ਵਸਾ ਕੇ ਆ ਜਾਓ ਤੇ ਜਾਂਦੇ-ਜਾਂਦੇ ਫੈਸਲਾ ਕਰੋ ਕਿ ਕੱਲ੍ਹ ਨਿੰਦਿਆ ਹੋ ਗਈ, ਅੱਜ ਨਹੀਂ ਕਰਨੀ; ਕੱਲ੍ਹ ਈਰਖਾ ਕਰੀ ਸੀ, ਅੱਜ ਨਹੀਂ ਕਰਨੀ। ਜਦੋਂ ਐਸ ਤਰ੍ਹਾਂ ਸਾਵਧਾਨ ਹੋ ਕੇ ਚੱਲੋਂਗੇ, ਫੇਰ ਭਾਈ! ਐਥੇ ਆਪਣਾ ਆਉਣਾ ਸਫਲ ਹੋ ਜਾਵੇਗਾ ਤੇ ਫੇਰ ਜਦੋਂ ਅਸੀਂ ਸੰਸਾਰ ਤੋਂ ਜਾਵਾਂਗੇ ਤਾਂ -

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥* *ਅੰਗ - ੨੯੩*

ਮੁਖ ਉਜਲਾ ਹੋ ਜਾਵੇਗਾ। ਸਾਨੂੰ ਕੋਈ ਜਮਦੂਤ ਨਹੀਂ ਲੈਣ ਆਉਣਗੇ, ਗੁਰੂ ਦੇ ਸਿੱਖ ਲੈਣ ਆਉਣਗੇ।

ਸੋ ਜੋ ਭੀ ਬੇਨਤੀਆਂ ਕੀਤੀਆਂ ਹਨ - ਬਹੁਤ ਸਾਦਾ ਬੋਲ ਕੇ, ਜੋ ਬੱਚੇ ਦੀ ਸਮਝ ਆ ਜਾਵੇ, ਇਨ੍ਹਾਂ ਤੇ ਵਿਚਾਰ ਕਰੋ। ਦਾਸ ਚਲਿਆ ਜਾਵੇਗਾ, ਪਿਛੋਂ ਯਾਦ ਕਰਿਓ ਇਨ੍ਹਾਂ ਸਿੱਧੀਆਂ ਸਾਦੀਆਂ ਗੱਲਾਂ ਨੂੰ। ਤੁਸੀਂ ਕਈ ਵਿਸ਼ਵਾਸ਼ਾਂ ਸੰਪਰਦਾਵਾਂ ਨਾਲ ਸਬੰਧ ਰੱਖਣ ਵਾਲੇ ਬੈਠੇ ਹੋਂ, ਘਰ ਵਾਲਿਆਂ ਨੇ ਬੁਲਾਏ ਹੋ। ਮੈਂ ਰਸਤੇ ਵਿਚ ਜਦੋਂ ਰਾਹ ਪੁਛਿਆ, ਉਨ੍ਹਾਂ ਕਿਹਾ ਕਿ ਰਾਧਾ ਸੁਆਮੀਆਂ ਦੇ ਭੋਗ ਪਿਆ ਹੈ, ਉਥੇ ਜਾਣਾ ਹੈ। ਪਰ ਮੈਨੂੰ ਤਾਂ ਸਭ ਮਾਨਸ ਹੀ ਦਿਸਦੇ ਹਨ। ਗੁਰੂ ਦੀ ਬਾਣੀ ਸਭ ਦੀ ਸਾਂਝੀ ਹੈ -

*ਖਤ੍ਰੀ ਬ੍ਰਾਹਮਣ ਸੂਦ ਵੈਸ*
*ਉਪਦੇਸੁ ਚਹੁ ਵਰਨਾ ਕਉ ਸਾਝਾ ॥* *ਅੰਗ - ੭੪੭*

ਮਹਾਂਪੁਰਸ਼ਾਂ ਦੇ ਬੋਲ ਸਾਰੇ ਜਹਾਨ ਦੀ ਕਲਿਆਣ ਕਰਨ ਨੂੰ ਸਮਰੱਥ ਹਨ। ਡਾਕਟਰ ਦੀ ਦਵਾਈ ਸਭ ਬੀਮਾਰਾਂ ਲਈ ਹੁੰਦੀ ਹੈ। ਇਸ ਤਰ੍ਹਾਂ ਗੁਰਬਾਣੀ ਸਾਰੀ ਮਾਨਵਤਾ ਲਈ ਹੈ। ਦੇਖੋ ਇਹ ਤੁਹਾਡੇ ਭਰਾ ਹਨ, ਕਿਵੇਂ ਖੁਸ਼ ਹੋ-ਹੋ ਕੇ ਸੰਗਤਾਂ ਲਈ ਲੰਗਰ ਤਿਆਰ ਕਰ ਰਹੇ ਹਨ। ਸੋ ਇਨ੍ਹਾਂ ਛੋਟੀਆਂ ਗੱਲਾਂ ਵਿਚ ਬਾਣੀ ਨੂੰ ਵਲਗਣਾਂ ਵਿਚ ਨਾ ਪਾਓ। ਇਹ ਤਾਂ ਇਕ ਦਿਨ ਸਾਰੀ ਸ੍ਰਿਸ਼ਟੀ ਨੇ ਅਪਣਾਉਣੀ ਹੈ। ਇਹ ਧੁਰ ਦੀ ਬਾਣੀ ਕਿਸੇ ਖਾਸ ਵਰਗ ਵਾਸਤੇ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਤੇ ਗੁਰੂ ਦਸ਼ਮੇਸ਼ ਪਿਤਾ ਜੀ ਤੇ ਕਿਸੇ ਦਾ ਕਬਜ਼ਾ ਨਹੀਂ, ਉਹ ਸਾਰੀ ਮਾਨਵਤਾ, ਪਸ਼ੂ-ਪੰਛੀਆਂ ਕੁਦਰਤ ਦੇ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਾਨਵ ਹੱਕਾਂ ਦੀ ਰਾਖੀ ਕਰਦਿਆਂ ਤਿਲਕ ਜੰਞੂ ਦੀ ਬਹਾਲਤਾ ਲਈ ਸੁਪਰਮਈ ਕੁਰਬਾਨੀ ਦਿਤੀ। ਐਹੋ ਜਿਹੀ ਸੌੜੀ ਸੋਚ 'ਚੋਂ ਨਿਕਲ ਕੇ ਬ੍ਰਹਿਮੰਡੀ ਸੋਚ ਧਾਰਨ ਕਰੋ ਅਤੇ ਸਰਬ ਸਾਂਝੀ ਬਾਣੀ ਨੂੰ ਸਮਝੋ, ਫਿਰ ਕਮਾਓ, ਫਿਰ ਇਸਦਾ ਪ੍ਰਚਾਰ ਕਰੋ - ਪੂਰੇ ਸਤਿਸੰਗ ਨਾਲ, ਸਰਬ ਸੰਗਤਾਂ ਤੋਂ ਕਿਸੇ ਭੁੱਲ ਲਈ ਖਿਮਾਂ ਦਾ ਜਾਚਕ ਹਾਂ।

# ਪ੍ਰਣਾਮ ਸ਼ਹੀਦਾਂ ਨੂੰ
## (ਸ਼ਹੀਦੀ ਪੰਦਰਵਾੜੇ ਦੇ ਸ਼ਹੀਦਾਂ ਨੂੰ ਸਮਰਪਿਤ)

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ, ਆਤਮ ਮਾਰਗ*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ! ਖਿਆਲ ਬਾਹਰ ਜਾਣ ਤੋਂ ਰੋਕੀਏ। ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ। ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ, ਸਤਿਨਾਮੁ ਸ੍ਰੀ ਵਾਹਿਗੁਰੂ।

6 ਪੋਹ ਦੀ ਰਾਤ ਨੂੰ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਜੀ ਦਾ ਕਿਲ੍ਹਾ ਛੱਡਿਆ। ਫੇਰ ਸਰਸਾ 'ਤੇ 7 ਪੋਹ ਦੀ ਸਵੇਰ, ਅੰਮ੍ਰਿਤ ਵੇਲੇ ਬ੍ਰਹਮ ਮਹੂਰਤ ਵਿਚ ਸਮਾਧੀਆਂ ਲਾਈਆਂ। ਆਸਾ ਕੀ ਵਾਰ ਦਾ ਕੀਰਤਨ ਹੋਇਆ। ਉਥੋਂ ਫੇਰ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ 40 ਸਿੰਘਾਂ ਸਮੇਤ, ਭੱਠਾ ਸਾਹਿਬ, ਕੋਟਲਾ ਨਿਹੰਗ ਆਏ। ਇਥੇ ਬੀਬਾ ਮੁਮਤਾਜ ਅਸਥਾਨ ਹੈ ਜਿਥੇ ਉਹਨਾਂ ਨੇ ਤਪ ਕੀਤਾ। ਇਥੋਂ ਬਾਮ੍ਹਣ ਮਾਜਰਾ, ਬੂਰ ਮਾਜਰਾ, ਟਿੱਬੀ ਸਾਹਿਬ, ਸ੍ਰੀ ਚਮਕੌਰ ਸਾਹਿਬ ਪਹੁੰਚਦੇ ਹਨ। ਸ੍ਰੀ ਚਮਕੌਰ ਸਾਹਿਬ ਦੇ ਜੰਗ ਤੋਂ ਬਾਅਦ ਮਾਛੀਵਾੜੇ ਪਹੁੰਚ ਜਾਂਦੇ ਹਨ। 10 ਪੋਹ ਦੀ ਰਾਤ ਛੋਟੇ ਸਾਹਿਬਜ਼ਾਦੇ ਕਿੱਥੇ ਹਨ? ਵੱਡੇ ਸਾਹਿਬਜ਼ਾਦੇ ਤਾਂ ਸ਼ਹਾਦਤ ਦਾ ਜਾਮ 8 ਪੋਹ ਨੂੰ ਪ੍ਰਾਪਤ ਕਰ ਗਏ ਤੇ ਛੋਟੇ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫ਼ਤਹਿ ਸਿੰਘ ਜੀ ਜੋ ਕਿ ਇਥੋਂ ਹੀ ਸਰਸਾ ਤੋਂ ਇਕ ਰਾਤ ਕੁੰਮੇ ਮਾਸ਼ਕੀ ਜੋ ਕਿ ਕਰਮ ਦੀਨ ਸੀ, ਕਰਮਦੀਨ ਤੋਂ ਬਣਿਆ। ਬਾਬਾ ਕੁੰਮਾ ਜੀ ਕਰਕੇ ਮਸ਼ਹੂਰ ਸਨ। ਪੱਤਣ ਪੈਂਦਾ ਸੀ ਉਸ ਦਰਿਆ ਦੇ ਉਤੇ, ਉਹ ਕਿਸ਼ਤੀ ਦੇ ਰਾਹੀਂ ਪਾਰ ਲਗਾਉਂਦੇ ਤੇ ਉਥੇ ਪਹੁੰਚਦੇ ਹਨ। ਜੋ ਕਿ ਨਗਰ ਦੀ ਬੀਬੀ ਲਕਸ਼ਮੀ ਬਾਈ ਪੰਡਤਾਣੀ, ਚੱਕ ਢੇਰ ਨਗਰ, ਜਿਥੇ ਦੇ ਕੁੰਮਾ ਮਾਸ਼ਕੀ ਜੀ ਹਨ, ਉਥੇ ਬੀਬੀ ਲਕਸ਼ਮੀ ਜੀ ਨੇ ਪ੍ਰਸ਼ਾਦਾ ਪਾਣੀ ਛਕਾਇਆ। ਸੇਵਾ ਕੀਤੀ। ਉਸ ਦੀ ਗਰੀਬੀ, ਮਾਤਾ ਜੀ ਨੇ ਦੂਰ ਕੀਤੀ। ਕਾਫੀ ਧਨ, ਦੌਲਤ ਉਸਨੂੰ ਦਿਤੀ। ਉਥੇ ਹੀ ਗੰਗੂ ਆ ਜਾਂਦਾ ਹੈ। ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਆਪਣੀ ਨਗਰੀ ਵਲ ਨੂੰ ਲੈ ਕੇ ਚਲਾ ਜਾਂਦਾ ਹੈ। ਕਾਈਨੌਰ ਦਰਖਤ ਦੇ ਥੱਲੇ ਨਿਸ਼ਾਨੀ ਹੈ ਜਿਥੇ ਆਪ ਜੀ ਬਿਰਾਜਮਾਨ ਹੁੰਦੇ ਨੇ ਤੇ ਫੇਰ ਸਹੇੜੀ ਜਾਂਦੇ ਨੇ। ਇਕ ਰਾਤ ਸਹੇੜੀ ਕੱਟੀ। ਉਥੋਂ ਇਹ ਗੰਗੂ ਦਾ ਮਨ ਬੇਈਮਾਨ ਹੋ ਗਿਆ। ਇਹਦਾ ਮਨ ਚਲਾਇਮਾਨ ਹੋ ਗਿਆ। ਕਿਵੇਂ ਉਸ ਨੂੰ ਮਾਇਆ ਨੇ ਮੋਹ ਲਿਆ। ਭਾਵੇਂ ਕਿ 20-21 ਸਾਲ ਸ੍ਰੀ ਅਨੰਦਪੁਰ ਸਾਹਿਬ ਇਸ ਨੂੰ ਗੁਰੂ ਘਰ ਦੇ ਰਸੋਈਏ ਦੀ ਸੇਵਾ ਮਿਲੀ ਹੋਈ ਸੀ। ਪਰ ਨਮਕ ਹਰਾਮ ਕਿਹੋ ਜਿਹਾ ਬਣ ਗਿਆ ਕਿ ਸਾਰਾ ਕੀਤਾ ਹੋਇਆ -

*ਮਤਿ ਥੋੜੀ ਸੇਵ ਗਵਾਈਐ ॥* *ਅੰਗ- ੪੬੮*

ਰੌਲਾ ਪਾ ਦਿੰਦਾ ਹੈ ਕਿ ਚੋਰ ਆ ਗਏ। ਧਨ ਚੋਰੀ ਕਰਕੇ ਲੈ ਗਏ, ਪਰ ਇਹ ਇਸਦਾ ਆਪਣਾ ਹੀ ਪ੍ਰਯੋਜਨ ਸੀ ਧਨ ਚੋਰੀ ਕਰਨ ਦਾ। ਇਸ ਨੇ ਲਕੋ ਲਿਆ। ਗੰਗੂ ਦੀ ਮਾਤਾ ਵੀ ਬਹੁਤ ਕਹਿੰਦੀ ਰਹੀ ਕਿ ਗੁਰੂ ਜੀ ਤਾਂ ਦੀਨ ਦੁਨੀਆਂ ਦੇ ਮਾਲਕ ਹਨ। ਬਖਸ਼ਿਸ਼ਾਂ ਕਰ ਦੇਣਗੇ। ਧਨ ਦੇ ਲਾਲਚ ਪਿੱਛੇ ਤੂੰ ਇਸ ਤਰ੍ਹਾਂ ਨਾ ਕਰ। ਪਰ ***'ਲੋਭੀ ਕਾ ਵੇਸਾਹੁ ਨ ਕੀਜੈ' (ਅੰਗ-੧੪੧੭)*** ਉਹਦਾ ਕਦੇ ਵਿਸਾਹ ਨਾ ਕਰੋ।

ਸੋ ਧਨ ਦੌਲਤ ਦੇ ਪਿੱਛੇ ਉਹ ਪਿੰਡ ਦੇ ਚੌਧਰੀ ਨੂੰ ਲੈ ਕੇ ਮੋਰਿੰਡੇ ਜਾਂਦਾ ਹੈ, ਰੌਲਾ ਪਾਉਂਦਾ ਹੈ। ਮਾਤਾ ਜੀ ਕਹਿੰਦੇ, ਕੋਈ ਨਾ ਜੇ ਤੈਨੂੰ ਧਨ ਦੀ ਲੋੜ ਹੈ, ਤੂੰ ਰੱਖ ਲੈ। ਹੋਰ ਵੀ ਤੈਨੂੰ ਮਿਲ ਜਾਵੇਗਾ ਪਰ ਤੂੰ ਰੌਲਾ ਕਿਉਂ ਪਾਉਂਦਾ ਹੈਂ। ਪਰ ਇਹਨੇ ਇਸ ਤਰ੍ਹਾਂ ਦਾ ਧ੍ਰੋਹ ਕਮਾਇਆ -

*ਕਬੀਰ ਦੀਨੁ ਗਵਾਇਆ ਦੁਨੀ ਸਿਉ*
*ਦੁਨੀ ਨ ਚਾਲੀ ਸਾਥਿ ॥*
*ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ ॥*
*ਅੰਗ- ੧੩੬੫*

ਐਨੇ ਸਾਲ ਨਾਲ ਰਿਹਾ। ਜੋ ਬੇਗਾਨੇ ਵੀ ਨਹੀਂ ਕਰਦੇ ਇਸ ਨੇ ਐਨਾ ਧ੍ਰੋਹ ਕਮਾਇਆ। ਉਹ ਧਨ ਫੇਰ ਕਿਹੜਾ ਰਿਹਾ। ਜਦੋਂ ਦਰੋਗੇ ਆਏ, ਉਹਨਾਂ

ਨੇ ਉਲਟਾ ਇਸ ਨੂੰ ਵੀ ਡਾਂਟਿਆ ਤੇ ਜਦੋਂ ਥੋੜ੍ਹੀ ਜਿਹੀ ਸਖ਼ਤੀ ਵਰਤੀ, ਇਸ ਤੋਂ ਧਨ ਵੀ ਕਢਾ ਲਿਆ। ਨਾ ਦੀਨ ਰਿਹਾ, ਨਾ ਦੁਨੀਆਂ ਰਹੀ। ਐਸੀ ਇਹ ਮਾਇਆ ਹੈ –

*ਮਾਇਆ ਮਮਤਾ ਮੋਹਣੀ*
*ਜਿਨਿ ਵਿਣੁ ਦੰਤਾ ਜਗੁ ਖਾਇਆ ॥*
*ਮਨਮੁਖ ਖਾਧੇ ਗੁਰਮੁਖਿ ਉਬਰੇ*
*ਜਿਨੀ ਸਚਿ ਨਾਮਿ ਚਿਤੁ ਲਾਇਆ ॥ ਅੰਗ– ੬੪੩*

ਮਨ ਦੇ ਪਿੱਛੇ ਲਗ ਕੇ ਮਾਇਆ ਦੇ ਮੋਹ ਲਿਆ ਤੇ ਇਸ ਤਰ੍ਹਾਂ ਦੇ ਨਾਲ ਇਹਨੇ ਸੰਸਾਰ ਨੂੰ ਖਾ ਲਿਆ –

*ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥*
*ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥*
*ਅੰਗ– ੫੧੦*

ਇਹਨੇ ਮਾਇਆ ਦੇ ਪਿੱਛੇ ਲਗ ਕੇ ਦੀਨ ਵੀ ਗਵਾ ਲਿਆ, ਦੁਨੀਆਂ ਵੀ ਗਈ।

*ਨਾਨਕ ਦੁਨੀਆ ਕੈਸੀ ਹੋਈ ॥*
*ਸਾਲਕੁ ਮਿਤੁ ਨ ਰਹਿਓ ਕੋਈ ॥*
*ਭਾਈ ਬੰਧੀ ਹੇਤੁ ਚੁਕਾਇਆ ॥*
*ਦੁਨੀਆ ਕਾਰਣਿ ਦੀਨੁ ਗਵਾਇਆ ॥ ਅੰਗ– ੧੪੧੦*

ਕਿੰਨਾ ਕੁਝ ਇਨਸਾਨ ਕਰਦਾ ਹੈ–

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥ ੧ ॥ ਰਹਾਉ ॥*
*ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥*
*ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥ ੨ ॥*
*ਕਹਤੁ ਕਬੀਰੁ ਕੋਈ ਨਹੀ ਤੇਰਾ ॥*
*ਹਿਰਦੈ ਰਾਮੁ ਕੀ ਨ ਜਪਹਿ ਸਵੇਰਾ ॥ ਅੰਗ– ੬੫੬*

ਜਦੋਂ ਇਹਦੇ ਕੋਲ ਧਨ ਵੀ ਨਾ ਰਿਹਾ, ਪਾਗ਼ਲ ਹੋ ਜਾਂਦਾ ਹੈ।

ਜੇ ਕੀਤੇ ਉਪਕਾਰ ਨੂੰ ਭੁੱਲ ਜਾਓ ਜਿਵੇਂ ਪਹਿਲਾਂ ਪਹਾੜੀ ਰਾਜਿਆਂ ਨੇ ਭੁਲਾਇਆ, ਉਹਨਾਂ ਦੇ ਪੂਰਵਜਾਂ ਨੂੰ ਗੁਰੂ ਮਹਾਰਾਜ ਨੇ ਗਵਾਲੀਅਰ ਦੀ ਕੈਦ ਵਿਚੋਂ ਛੁਡਵਾਇਆ। ਉਹਨਾਂ ਨੇ ਵੀ ਗੁਲਾਮੀ ਗਲ ਪਾ ਲਈ। ਇਥੇ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਅਕ੍ਰਿਤਘਣ ਜੋ ਕੀਤੇ ਨੂੰ ਭੁਲਾਉਣ ਵਾਲੇ ਹਨ ਉਹਨਾਂ ਦਾ ਭਾਰ ਤਾਂ ਧਰਤੀ ਵੀ ਨਹੀਂ ਝੱਲਦੀ –

*ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ।*
*ਨਾ ਤਿਸੁ ਭਾਰੇ ਕੋਟ ਗੜ੍ਹ ਘਰਬਾਰ ਦਿਸੰਦੇ।*
*ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ।*
*ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ।*
*ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ।*
*ਭਾਰੇ ਭੁਈ ਅਕਿਰਤਘਣ ਮੰਦੀ ਹੂ ਮੰਦੇ।*
*ਭਾਈ ਗੁਰਦਾਸ ਜੀ ਵਾਰ ੩੫/੮*

ਵੱਡੇ–ਵੱਡੇ ਪਰਬਤਾਂ ਦਾ, ਵੱਡੇ ਕਿਲ੍ਹੇ, ਮੁਨਾਰ, ਘਰ ਬਾਰ ਇਹਨਾਂ ਦਾ ਵੀ ਕਹਿੰਦੀ ਮੈਨੂੰ ਕੋਈ ਭਾਰ ਨਹੀਂ। ਸਮੁੰਦਰ, ਨਦੀਆਂ, ਦਰਿਆ ਇਹਨਾਂ ਦਾ ਵੀ ਮੈਨੂੰ ਕੋਈ ਭਾਰ ਨਹੀਂ। ਇਹ ਬਨਸਪਤੀ, ਫਲਾਂ ਨਾਲ ਲੱਦੇ ਹੋਏ ਦਰਖ਼ਤ ਇਹਨਾਂ ਦਾ ਵੀ ਕੋਈ ਭਾਰ ਨਹੀਂ। ਆਹ ਅਣਗਣਿਤ ਜੀਅ ਜੰਤ ਧਰਤੀ 'ਤੇ ਨੇ ਇਹਨਾਂ ਦਾ ਵੀ ਕੋਈ ਭਾਰ ਨਹੀਂ। ਫੇਰ ਭਾਰ ਕੀਹਦਾ ਹੋਇਆ? 'ਭਾਰੇ ਭੁਈ ਅਕਿਰਤਘਣ ਮੰਦੀ ਹੂ ਮੰਦੇ।' ਜਿਹੜੇ ਕੀਤੇ ਨੂੰ ਭੁਲਾ ਦੇਣ। ਉਹਦਾ ਭਾਰ ਧਰਤੀ ਕਹਿੰਦੀ ਮੈਨੂੰ ਸਹਿਣਾ ਔਖਾ ਹੈ। ਹੁਣ ਐਸੇ ਅਕ੍ਰਿਤਘਣ ਦੀ ਦ੍ਰਿਸ਼ਟੀ ਵੀ ਕਿੰਨੀ ਮਾੜੀ ਹੈ।

ਹੁਣ ਸ਼ਰਾਬ ਦੇ ਵਿਚ ਪਾ ਕੇ ਕੁੱਤੇ ਦੇ ਮਾਸ ਨੂੰ ਰਿੰਨਿਆ, ਮਾਣਸ ਦੀ ਖੋਪਰੀ ਵਿਚ ਉਹਨੂੰ ਰੱਖਿਆ ਉਤੇ ਕੀ ਕੀਤਾ? ਲਹੂ ਦੇ ਭਰੇ ਗੰਦੇ ਕੱਪੜੇ ਨਾਲ ਉਹਨੂੰ ਢਕਿਆ। ਐਸੀ ਇਸਤ੍ਰੀ ਉਹਨੂੰ ਲਈ ਜਾਂਦੀ ਹੈ ਕੁਕਰਮ ਕਰਨ ਤੋਂ ਬਾਅਦ। ਰਾਹ 'ਚ ਪੁੱਛਿਆ ਕਿਸੇ ਨੇ ਕਿ ਇਸ 'ਚ ਐਸੀ ਕਿਹੜੀ ਚੀਜ਼ ਹੈ ਜਿਹਨੂੰ ਤੂੰ ਢਕ ਕੇ ਲਿਜਾ ਰਹੀ ਹੈ? ਉਹਨੇ ਦਸਿਆ ਕਿ ਇਸ ਤਰ੍ਹਾਂ ਦੇ ਨਾਲ ਹੈ। ਫੇਰ ਕਹਿੰਦੇ, ਇਹਨੂੰ ਢਕਿਆ ਕਿਉਂ? ਕਹਿੰਦੇ ਤਾਂ ਢਕਿਆ ਹੈ ਕਿ ਅਕ੍ਰਿਤਘਣ ਦੀ ਮਾੜੀ ਨਿਗ੍ਹਾ ਨਾਲ ਇਹਦੀ ਹੋਰ ਦੁਰਦਸ਼ਾ ਨਾ ਹੋ ਜਾਵੇ। ਐਨੀ ਮਾੜੀ ਨਿਗ੍ਹਾ ਹੈ ਅਕ੍ਰਿਤਘਣ ਦੀ।

*ਮਦ ਵਿਚਿ ਰਿਧਾ ਪਾਇਕੈ ਕੁਤੇ ਦਾ ਮਾਸੁ।*
*ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ।*
*ਰਤੂ ਭਰਿਆ ਕਪੜਾ ਕਰਿ ਕਜਣੁ ਤਾਸੁ।*
*ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ।*
*ਆਖਿ ਸੁਣਾਏ ਪੁਛਿਆ ਲਾਹੇ ਵਿਸਵਾਸੁ।*
*ਨਦਰਿ ਪਵੈ ਅਕਿਰਤਿਘਣੁ ਮਤੁ ਹੋਇ ਵਿਣਾਸੁ।*
*ਭਾਈ ਗੁਰਦਾਸ ਜੀ, ਵਾਰ ੩੫/੯*

ਐਸਾ ਅਕ੍ਰਿਤਘਣ ਗੰਗੂ ਬ੍ਰਾਹਮਣ ਬਣ ਗਿਆ। ਫੇਰ ਕੰਧਾਂ ਨਾਲ ਟੱਕਰਾਂ ਮਾਰ-ਮਾਰ ਕੇ ਮਰਿਆ।

9 ਪੋਹ ਦੀ ਰਾਤ ਤਾਂ ਮੋਰਿੰਡੇ ਦੀ ਕੋਤਵਾਲੀ ਕੱਟੀ ਗਈ।

ਸੰਤ ਅਜੀਤ ਸਿੰਘ ਜੀ ਨਥਲਪੁਰ ਵਾਲੇ ਹੋਏ ਹਨ ਉਹਨਾਂ ਦੇ ਘਰ ਗ੍ਰਹਿ ਅੰਦਰ ਅੱਜ ਵੀ ਉਹ ਰਥ ਹੈ ਜਿਸ ਰਥ ਦੇ ਉਤੇ ਸਾਹਿਬਜ਼ਾਦਿਆਂ ਨੂੰ, ਦਾਦੀ ਮਾਤਾ ਜੀ ਨੂੰ ਮੋਰਿੰਡੇ ਤੋਂ ਸਰਹੰਦ ਲਿਜਾਇਆ ਗਿਆ। 10 ਪੋਹ ਨੂੰ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ ਵਿਚ ਕੈਦ ਕਰ ਦਿਤਾ ਜਾਂਦਾ ਹੈ। ਇਧਰੋਂ ਵਜੀਦਾ ਤੰਗ ਆਇਆ, ਲਾਹਨਤਾਂ ਪੈਂਦੀਆਂ ਨੇ ਕਿ ਦੀਨ ਦੀਆਂ ਕਸਮਾਂ ਖਾ ਕੇ ਵੀ ਹੱਥ ਕੁਝ ਵੀ ਨਾਲ ਨਹੀਂ ਆਇਆ। ਪਛਤਾਉਂਦਾ ਹੈ। ਪਹਿਲਾਂ ਤਾਂ ਖੁਸ਼ੀ ਸੀ ਅੰਦਰ ਕਿ ਗੁਰੂ ਪਾਤਸ਼ਾਹ ਜੀ ਨੂੰ ਅਸੀਂ ਸ਼ਹੀਦ ਕਰ ਦਿਤਾ ਹੈ। ਪਰ ਉਹ ਤਾਂ ਭਾਈ ਸੰਗਤ ਸਿੰਘ ਜੀ ਸਨ ਜਿਨ੍ਹਾਂ ਦਾ ਚਿਹਰਾ ਗੁਰੂ ਪਾਤਸ਼ਾਹ ਜੀ ਨਾਲ ਰਲਦਾ ਮਿਲਦਾ ਸੀ। ਉਹਨਾਂ ਦੇ ਜਿਗਾ ਕਲਗੀ ਲੱਗੀ ਹੋਈ ਸੀ। ਗੁਰੂ ਪਾਤਸ਼ਾਹ ਵਰਗਾ ਲਿਬਾਸ ਸੀ। ਪਰ ਪੜਤਾਲ ਕਰਨ ਤੋਂ ਬਾਅਦ ਪਤਾ ਲੱਗਿਆ ਕਿ ਇਹ ਤਾਂ ਗੁਰੂ ਜੀ ਨਹੀਂ ਹਨ, ਇਹ ਤਾਂ ਉਹਨਾਂ ਦਾ ਸਿੱਖ ਹੈ। ਉਹ ਤਾਂ ਰਾਤ ਨੂੰ ਤਾੜੀ ਮਾਰ ਕੇ ਬੋਲ ਕੇ ਗਏ ਨੇ ਅਸੀਂ ਜਾ ਰਹੇ ਹਾਂ। ਸਾਰੇ ਪਾਸੇ ਫੌਜ ਹੀ ਫੌਜ ਲੱਗੀ ਹੋਈ ਸੀ। ਸਾਰੇ ਪੜਤਾਲ ਹੋ ਰਹੀ ਸੀ। ਗੁਰੂ ਪਾਤਸ਼ਾਹ ਮਾਛੀਵਾੜੇ ਪਹੁੰਚ ਜਾਂਦੇ ਹਨ। ਗੁਲਾਬਾ ਮਸੰਦ ਇਸ ਦੇ ਭਰਾ ਪੰਜਾਬਾ ਦੇ ਖੂਹ 'ਤੇ ਪਹੁੰਚ ਕੇ ਆਪ ਜੀ ਨੇ ਥੋੜ੍ਹਾ ਸਮਾਂ ਆਰਾਮ ਕੀਤਾ। ਉਥੇ ਹੀ ਭਾਈ ਮਾਨ ਸਿੰਘ ਜੀ, ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ ਆ ਕੇ ਗੁਰੂ ਮਹਾਰਾਜ ਦੇ ਦਰਸ਼ਨ ਕਰਦੇ ਹਨ ਫੇਰ ਭਾਈ ਗੁਲਾਬਾ ਗੁਰੂ ਮਹਾਰਾਜ ਨੂੰ ਆਪਣੇ ਚੁਬਾਰੇ 'ਚ ਲੈ ਕੇ ਜਾਂਦਾ ਹੈ। ਬਹੁਤ ਸੋਹਣਾ ਚੁਬਾਰਾ ਸੀ। ਪਰ ਗੁਲਾਬੇ ਦੇ ਇਕ ਪਾਸੇ ਕਾਜ਼ੀ ਦਾ ਘਰ ਸੀ ਗੁਆਂਢ ਵਿਚ, ਦੂਜੇ ਪਾਸੇ ਬ੍ਰਾਹਮਣ ਦਾ ਸੀ। ਡਰਦਾ ਵੀ ਸੀ। ਗੁਰੂ ਪਾਤਸ਼ਾਹ ਜੀ ਨੇ ਪਰਖ ਵੀ ਕੀਤੀ। ਰੌਲਾ ਪਾਉਣ ਲਈ ਤਿਆਰ ਸਨ, ਗੁਰੂ ਮਹਾਰਾਜ ਨੇ ਜਦੋਂ ਮੋਹਰਾਂ ਸੁੱਟੀਆਂ ਅੱਗੇ ਤਾਂ ਚੁੱਪ ਕਰ ਗਏ। ਆਪ ਨੇ ਦੇਖਿਆ ਕਿ ਇਹ ਤਾਂ ਲਾਲਚੀ ਹਨ ਕਿਉਂਕਿ ਮਾਇਆ ਐਸੀ ਚੀਜ਼ ਹੈ ਜੋ ਮੋਹ ਲੈਂਦੀ ਹੈ ਬੰਦੇ ਨੂੰ। ਮਾਇਆ ਇਕ ਪੈਸੇ ਨੂੰ ਹੀ ਨਹੀਂ ਕਿਹਾ -

*ਏਹ ਮਾਇਆ ਜਿਤੁ ਹਰਿ ਵਿਸਰੈ*
*ਮੋਹੁ ਉਪਜੈ ਭਾਉ ਦੂਜਾ ਲਾਇਆ ॥* *ਅੰਗ- ੯੨੧*

ਗਨੀ ਖਾਂ ਤੇ ਨਬੀ ਖਾਂ ਜੋ ਘੋੜਿਆਂ ਦੇ ਸੌਦਾਗਰ ਸੀ, ਪਿਆਰ ਵਾਲੇ ਸਨ, ਪਹੁੰਚਦੇ ਹਨ ਤੇ ਇਕ ਵਾਰੀ ਜਦੋਂ ਗੁਰੂ ਪਾਤਸ਼ਾਹ ਜੀ ਕੁਰਸ਼ੇਤਰ ਤੋਂ ਆਏ ਸੀ, ਇਕ ਮਾਈ ਸੀ ਗੁਰਦੇਈ ਉਹਦਾ ਪੁੱਤਰ ਵੀ ਸੀ ਨਿਹਾਲਾ, ਉਹ ਵਸਤਰ ਲੈ ਕੇ ਆਈ। ਮਹਾਰਾਜ ਨੇ ਕਿਹਾ ਕਿ ਮਾਈ ਇਸ ਦਾ ਵਸਤਰ ਬਣਾ ਪੂਰਾ, ਤੇਰੇ ਕੋਲ ਅਸੀਂ ਆਪ ਲੈਣ ਆਵਾਂਗੇ। ਉਹ ਉਥੇ ਨਿਵਾਸ ਰਖਦੀ ਸੀ। ਉਥੋਂ ਫੇਰ ਮਾਈ ਨੂੰ ਸੁਨੇਹਾ ਭੇਜਿਆ ਕਿ ਉਹ ਲਿਆਵੇ। ਉਸ ਨੇ ਤਿਆਰ ਕੀਤਾ ਹੋਇਆ ਸੀ, ਹੁਣ ਤਾਂ ਮਾਈ ਵੀ ਬਜ਼ੁਰਗ ਹੋ ਗਈ ਸੀ। ਉਹ ਖੱਦਰ ਦਾ ਥਾਨ ਚੁਕਾ ਕੇ ਲਿਆਈ। ਗੁਰੂ ਪਾਤਸ਼ਾਹ ਜੀ ਨੂੰ ਭੇਟਾ ਕੀਤਾ ਖੁਸ਼ੀਆਂ ਲਈਆਂ ਕਿਉਂਕਿ ਇਕ ਪਿਆਰ ਦੀ ਭੇਟ ਹੁੰਦੀ ਹੈ। ਜਿਵੇਂ ਆਪਾਂ ਗੁਰੂ ਮਹਾਰਾਜ ਨੂੰ ਰੁਮਾਲਾ ਸਾਹਿਬ ਭੇਟ ਕਰਦੇ ਹਾਂ। ਇਹ ਇਕ ਪਿਆਰ ਦਾ ਪ੍ਰਤੀਕ ਹੈ। ਗੁਰੂ ਸਾਹਿਬ ਨੂੰ ਤਾਂ ਲੋੜ ਨਹੀਂ, ਇਹ ਸਾਡੀ ਸ਼ਰਧਾ, ਭਾਵਨਾ ਦਾ ਪ੍ਰਤੀਕ ਹੈ। ਇਹਦੇ ਨਾਲ ਪੱਤ ਢਕੀ ਜਾਂਦੀ ਹੈ -

*ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ ॥*
*ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ ॥*
*ਅੰਗ- ੫੨੦*

ਸੋ ਉਸ ਮਾਈ ਦੀ ਪ੍ਰੇਮ ਭੇਟਾ ਗੁਰੂ ਮਹਾਰਾਜ ਪ੍ਰਵਾਨ ਕਰਦੇ ਹਨ ਤੇ ਉਸ ਦੀ ਲੋਕ ਤੇ ਪ੍ਰਲੋਕ ਵਿਚ ਪੱਤ ਰਖਦੇ ਹਨ। ਥੋੜ੍ਹੇ ਸਮੇਂ ਬਾਅਦ ਮਾਈ ਸਰੀਰ ਛੱਡ ਜਾਂਦੀ ਹੈ, ਅੰਤਿਮ ਇੱਛਾ ਪੂਰੀ ਹੋ ਜਾਂਦੀ ਹੈ। ਸੋ ਮਾਈ ਦੇ ਦਿਤੇ ਕੱਪੜੇ ਨੂੰ ਰੰਗਾਇਆ, ਨੀਲੇ ਰੰਗ ਵਿਚ। ਪੀਰ ਜੀ ਆਏ ਜਿਹੜੇ ਆਪ ਜੀ ਨੂੰ ਉੱਚ ਦਾ ਪੀਰ, ਪਾਤਸ਼ਾਹ ਕਹਿ ਕੇ ਨਿਵਾਜਦੇ ਸਨ। ਸਲੋਅ ਦੇ ਪੀਰ ਸਨ, ਉਹਨਾਂ ਨੇ ਆਪ ਜੀ ਨੂੰ ਫਾਰਸੀ ਪੜ੍ਹਾਈ ਸੀ। ਗੋਨੂ ਮਾਜਰੇ ਦੇ ਅਨਾਇਤ ਅਲੀ ਪੀਰ ਸਨ। ਆਉਂਦੇ ਸਨ ਅੱਗੇ ਵੀ ਸ਼ਰਧਾ ਦੇ ਨਾਲ ਕਿਉਂਕਿ ਹੁਣ ਫੌਜ ਦਾ ਪਹਿਰਾ ਸੀ। ਚੱਪੇ-ਚੱਪੇ 'ਤੇ ਤਲਾਸ਼ੀ ਹੋ ਰਹੀ ਸੀ। ਪਤਾ ਲਗ ਗਿਆ ਸੀ ਕਿ ਗੁਰੂ ਜੀ ਅਜੇ ਇਥੇ ਹੀ ਹਨ। ਹੁਣ ਫੌਜਾਂ

ਬੈਠੀਆ ਹਨ, ਪਹਿਰੇ ਤਕੜੇ ਹਨ, ਉਸ ਦੇ ਵਿਚੋਂ ਫੇਰ ਇਹ ਵਿਉਂਤ ਬਣੀ ਕਿ ਭਾਈ ਦਇਆ ਸਿੰਘ ਜੀ ਨੂੰ ਬਿਠਾ ਕੇ ਭੇਜੋ, ਰੋਕਣਗੇ ਤਾਂ ਹੈ ਹੀ। ਗਨੀ ਖਾਂ, ਨਬੀ ਖਾਂ ਆਪ ਜੀ ਨੂੰ ਉੱਚ ਦਾ ਪੀਰ ਬਣਾ ਕੇ ਲਿਜਾਂਦੇ ਹਨ। ਗਨੀ ਖਾਂ ਤੇ ਨਬੀ ਖਾਂ ਇਹ ਅੱਗੇ ਲਗਦੇ ਨੇ ਤੇ ਪਿੱਛੇ ਭਾਈ ਮਾਨ ਸਿੰਘ ਜੀ ਤੇ ਭਾਈ ਧਰਮ ਸਿੰਘ ਜੀ ਹਨ ਤੇ ਭਾਈ ਦਇਆ ਸਿੰਘ ਜੀ ਮੋਰ ਪੰਖੀ ਚੌਰ ਕਰਦੇ ਜਾਂਦੇ ਹਨ। ਰਾਤ ਨੂੰ ਰੋਕ ਲਏ ਜਾਂਦੇ ਹਨ। ਉਸ ਰਾਤ ਨੂੰ ਫੌਜ ਦੇ ਪਹਿਰੇਦਾਰ ਕਹਿੰਦੇ ਹਨ ਕਿ ਕੋਈ ਗਵਾਹੀ ਦੇਵੇ ਆ ਕੇ ਇਹ ਗੁਰੂ ਨਹੀਂ ਹਨ। ਇਹ ਆਉਂਦੇ ਹਨ ਵਿਉਂਤ ਅਨੁਸਾਰ ਕਿ ਸੁਬਾਹ ਦੀ ਨਮਾਜ਼ ਅਦਾ ਕਰਕੇ ਆਵਾਂਗੇ। ਗੁਰੂ ਜੀ ਨੂੰ ਉਹਨਾਂ ਦਾ ਆਪਣਾ ਇਕ ਮੁਰੀਦ ਸੀ ਉਸ ਦੇ ਕੋਲ ਲਿਜਾਂਦੇ ਹਨ। ਉਥੇ ਗੁਰੂ ਜੀ ਸਤਿਕਾਰ ਸਹਿਤ ਰਹਿੰਦੇ ਨੇ। ਬਾਕੀ ਫੌਜ ਬੇਫਿਕਰ ਹੋ ਗਈ ਕਿ ਗੁਰੂ ਤਾਂ ਫੜੇ ਗਏ ਨੇ ਹੁਣ। ਸਲੋਅ ਵਾਲੇ ਪੀਰ ਨੇ ਆ ਕੇ ਗਵਾਹੀ ਦਿਤੀ ਕਿ ਇਹ ਨਹੀਂ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ। ਸੋ ਇਸ ਤਰ੍ਹਾਂ ਸਤਿਗੁਰੂ ਜੀ ਉਹਨਾਂ ਪੀਰਾਂ ਦੁਆਰਾ ਬਣਾਈ ਵਿਉਂਤ ਮੁਤਾਬਿਕ ਉਥੋਂ ਦੀ ਗਏ।

ਜਦੋਂ ਉਸ ਘੇਰੇ ਵਿਚੋਂ ਲੰਘ ਕੇ ਇਕ ਨਗਰ 'ਚ ਗਏ ਜਿਥੇ ਬਾਬਾ ਕ੍ਰਿਪਾਲ ਦਾਸ ਦਾ ਡੇਰਾ ਸੀ। ਉਹਨੇ ਬੜਾ ਸਤਿਕਾਰ ਦਿਤਾ। 500 ਉਦਾਸੀ ਸਾਧਾਂ 'ਚੋਂ ਜਦੋਂ ਸਾਰੇ ਦੌੜ ਆਏ ਸੀ ਇਹ ਇਕੱਲਾ ਹੀ ਰਹਿ ਗਿਆ ਸੀ ਉਦਾਸੀ ਸਾਧ। ਪਾਉਂਟਾ ਸਾਹਿਬ ਜਿਹੜਾ ਯੁੱਧ ਹੋਇਆ ਸੀ ਫੇਰ ਇਹਨੇ ਕੁਤਕੇ ਦੇ ਨਾਲ, ਲੜਾਈ ਕਰ ਕੇ ਹਿਆਤ ਖਾਂ ਵਰਗਿਆਂ ਦੇ ਸਿਰ ਫੇਹ ਦਿਤੇ ਸਨ ਪਰ ਅੱਜ ਇਹ ਵੀ ਡਾਵਾਂਡੋਲ ਹੋ ਗਿਆ ਕਿ ਗੁਰੂ ਪਾਤਸ਼ਾਹ ਪਿੱਛੇ ਤਾਂ ਐਨੀ ਫੌਜ ਲੱਗੀ ਹੈ, ਮੇਰਾ ਡੇਰਾ ਹੀ ਨਾ ਉੱਜੜ ਜਾਵੇ। ਜਦੋਂ ਇਸ ਦੀ ਭਾਵਨਾ ਨੂੰ ਗੁਰੂ ਪਾਤਸ਼ਾਹ ਨੇ ਦੇਖਿਆ।

ਗਨੀ ਖਾਂ, ਨਬੀ ਖਾਂ ਨੂੰ ਆਪਣੇ ਹਸਤ ਲਿਖਤ ਹੁਕਮਨਾਮੇ ਦਿਤੇ, ਸਤਿਕਾਰ ਦਿਤਾ, ਬਖਸ਼ਿਸ਼ਾਂ ਕੀਤੀਆਂ। ਵਾਪਸ ਭੇਜ ਦਿੰਦੇ ਹਨ ਤੇ ਜਗ੍ਹਾਂ-ਜਗ੍ਹਾ 'ਤੇ ਭਾਗ ਲਗਦੇ ਹਨ ਜਿਥੇ ਗੁਰੂ ਪਾਤਸ਼ਾਹ ਜੀ ਚਰਨ ਪਾਉਂਦੇ ਨੇ ਜਿਵੇਂ ਆਲਮਗੀਰ ਹੈ ਲੁਧਿਆਣੇ ਕੋਲ। ਇਸ ਤੋਂ ਬਾਅਦ ਜਦੋਂ ਰਾਏ ਕੱਲੇ ਕੋਲ ਜਾਂਦੇ ਹਨ, ਸੂਬਾ ਵਜ਼ੀਰ ਖਾਨ ਨੂੰ ਪਤਾ ਲਗਦਾ ਹੈ, ਇਹ ਕਹਿੰਦਾ ਹੈ ਕਿ ਤੁਸੀਂ ਮੈਨੂੰ ਇਹਨਾਂ ਨੂੰ ਦੇ ਦਿਓ। ਤੁਹਾਨੂੰ ਬਹੁਤ ਵੱਡਾ ਇਨਾਮ ਮਿਲੇਗਾ। ਠੀਕ ਹੋਇਆ ਤੁਹਾਡੇ ਕੋਲ ਗੁਰੂ ਪਾਤਸ਼ਾਹ ਜੀ ਆ ਗਏ ਹਨ ਪਰ ਰਾਏ ਕੱਲੇ ਨੇ ਕਿਹਾ ਕਿ ਮੁਰੀਦ ਦਾ ਕੰਮ ਕੀ ਹੈ? ਪੀਰ ਦੇ ਨਾਲ ਨਿਭਾਉਣੀ -

*ਪੀਰ ਮੁਰੀਦਾ ਪਿਰਹੜੀ ਓਹ ਨਿਬਹੈ ਨਾਲੇ।*

*ਭਾਈ ਗੁਰਦਾਸ ਜੀ*

ਜਦੋਂ ਤਕ ਮੇਰੀ ਰਿਆਇਆ ਦਾ ਇਕ-ਇਕ ਬੱਚਾ ਜਿਉਂਦਾ ਹੈ ਉਸ ਸਮੇਂ ਤਕ ਤੁਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਤਕ ਨਹੀਂ ਪਹੁੰਚ ਸਕਦੇ। ਸਾਡੀਆਂ ਲਾਸ਼ਾਂ ਦੇ ਉਤੋਂ ਦੀ ਲੰਘੋਂਗੇ ਕਿਉਂਕਿ ਪੀਰ ਦੇ ਪਿੱਛੇ ਮੁਰੀਦ ਕੱਟ ਕੇ ਮਰ ਜਾਂਦਾ ਹੈ। ਪੀਰਾਂ ਤੇ ਮੁਰੀਦਾਂ ਦੇ ਪਿਆਰ ਦੀ ਜਿਹੜੀ ਕਹਾਣੀ ਹੈ। ਉਹ ਐਸੀ ਹੈ -

*ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ॥*
*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ॥*
*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ॥*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ॥*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ॥*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥*

*ਭਾਈ ਗੁਰਦਾਸ ਜੀ, ਵਾਰ ੨੭/੪*

ਚਕੋਰ ਦੀ ਪ੍ਰੀਤ ਚੰਦ ਨਾਲ, ਚਕੋਰ ਚੰਦ ਵਲ ਵੇਖੀ ਜਾਂਦੀ ਹੈ। ਇਸ ਵਿਚ ਉਸ ਨੂੰ ਖੁਸ਼ੀ ਮਿਲਦੀ ਹੈ। ਚਕਵੀ ਦਾ ਪਿਆਰ ਸੂਰਜ ਨਾਲ ਹੈ। ਕਮਲ ਫੁੱਲ ਦਾ ਪਾਣੀ ਦੇ ਨਾਲ ਕਿੰਨਾ ਪਿਆਰ ਹੈ, ਉਸ ਦੇ ਕਾਰਨ ਹੀ ਇਹ ਖਿੜਦਾ ਹੈ। ਮੋਰ, ਬਬੀਹੇ ਦਾ ਪਿਆਰ ਬੱਦਲਾਂ ਨਾਲ ਹੈ। ਜਦੋਂ ਕਾਲੀਆਂ ਘਟਾਵਾਂ ਚੜ੍ਹ-ਚੜ੍ਹ ਆਉਂਦੀਆਂ ਹਨ। ਉਸ ਨਾਲ ਉਹਨਾਂ ਅੰਦਰ ਉਤਸ਼ਾਹ, ਉਮਾਹ ਪੈਦਾ ਹੁੰਦਾ ਹੈ। ਪਤੀ ਤੇ ਪਤਨੀ ਦਾ ਪਿਆਰ, ਮਾਂ ਤੇ ਪੁੱਤ ਦਾ ਮੋਹ ਕਿੰਨਾ ਹੈ। ਇਸੇ ਤਰ੍ਹਾਂ ਪੀਰ ਤੇ ਮੁਰੀਦ ਦਾ ਪਿਆਰ ਹੈ।

ਰਾਏ ਕੱਲੇ ਅੰਦਰ ਐਨੀ ਹਿੰਮਤ ਕਿਥੋਂ ਆ ਗਈ। ਅੱਜ ਵੀ ਕੋਈ ਦੇਖ ਲਓ, ਸੈਂਟਰ ਤੋਂ ਕੋਈ ਹੁਕਮ ਆਉਂਦਾ ਹੈ, ਸਟੇਟ ਨੂੰ ਮੰਨਣਾ ਪੈਂਦਾ। ਉਸ ਸਮੇਂ ਤਾਂ ਨਾ ਕੋਈ ਦਲੀਲ ਨਾ ਕੋਈ ਅਪੀਲ, ਪਰ ਇਹ ਛੋਟੀ ਜਿਹੀ ਰਿਆਇਆ ਦਾ ਮਾਲਕ, ਰਾਏ ਕੱਲਾ ਕਿੰਨੇ ਪਿਆਰ ਦੇ ਵਿਚ, ਐਸੀ ਕੁਰਬਾਨੀ ਕਰ ਰਿਹਾ ਹੈ।

ਗੁਰੂ ਪਾਤਸ਼ਾਹ ਜੀ ਫੇਰ ਉਥੋਂ ਹੀ ਕਹਿੰਦੇ ਨੇ ਤੇਜ਼ ਤਰਾਰ ਘੋੜ ਸਵਾਰ ਭੇਜਿਆ ਜਾਵੇ, ਜੋ ਛੋਟੇ ਸਾਹਿਬਜ਼ਾਦਿਆਂ ਦੀ ਖਬਰ ਲਿਆਵੇ। ਫਿਰ ਨੂਰਾ ਮਾਹੀ ਇਹਦੀ ਭੈਣ ਸੀ ਨਸੀਰਾ ਸਰਹੰਦ ਹੀ ਰਹਿੰਦੀ। ਉਸ ਨੂੰ ਭੇਜ ਕੇ ਸਾਰਾ ਪਤਾ ਮੰਗਾਇਆ। ਜਿਹੜਾ ਵਜੀਦਾ ਸੀ ਇਹ ਜਿਥੇ ਠੰਢਾ ਬੁਰਜ ਹੈ ਉਥੇ ਨਿਵਾਸ ਰਖਦਾ ਸੀ ਗਰਮੀਆਂ ਵਿਚ। ਉਹਦੇ ਥੱਲੇ ਦੀ ਪਾਣੀ ਲੰਘਦਾ ਸੀ।

ਠੰਢ ਦੀ ਰਾਤ ਵਿਚ ਉਸ ਠੰਡੇ ਬੁਰਜ ਵਿਚ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਨੂੰ ਰੱਖਿਆ ਗਿਆ। ਉਸ ਸਮੇਂ ਤਾਂ ਹੋਰ ਵੀ ਜ਼ਿਆਦਾ ਠੰਢ ਪੈਂਦੀ ਸੀ ਕਿਉਂਕਿ ਬਾਰਿਸ਼ਾਂ ਬਹੁਤ ਪੈਂਦੀਆਂ ਸੀ। ਦਸੰਬਰ ਵਿਚ ਵੀ ਦੇਖ ਲਓ ਹੜ੍ਹ ਆ ਗਿਆ ਸਰਸਾ ਦੇ ਵਿਚ ਕਿਉਂਕਿ ਦਰਖ਼ਤ ਬਹੁਤੇ ਸਨ, ਜੰਗਲੀ ਇਲਾਕਾ ਸੀ। ਭਾਈ ਮੋਤੀ ਮਹਿਰਾ ਜੀ ਨੇ ਆਪਣਾ ਸਭ ਕੁਝ ਦਾਅ 'ਤੇ ਲਾ ਕੇ, ਕਿਉਂਕਿ ਉਹਦੀ ਡਿਊਟੀ ਸੀ ਰਸੋਈਆ ਸੀ। ਜਿਹੜੇ ਕੈਦੀ ਸਨ, ਉਹਨਾਂ ਨੂੰ ਅੰਨ੍ਹ ਪਾਣੀ ਛਕਾਉਣ ਦੀ ਉਹਦੀ ਡਿਊਟੀ ਸੀ। ਸਾਹਿਬਜ਼ਾਦਿਆਂ ਨੂੰ ਕੁਝ ਛਕਾਉਣ ਵਾਸਤੇ, ਪਹਿਰੇਦਾਰਾਂ ਨੂੰ ਮਨਾਉਣ ਵਾਸਤੇ ਉਸ ਨੇ ਆਪਣਾ ਸਾਰਾ ਕੁਝ ਦਾਅ 'ਤੇ ਲਾਇਆ। ਕਿਉਂਕਿ ਸ਼ਾਹੀ ਫੁਰਮਾਨ ਤਾਂ ਇਹ ਸੀ ਕਿ ਗੁਰੂ ਪਾਤਸ਼ਾਹ ਤੇ ਉਹਨਾਂ ਦੇ ਬੱਚਿਆਂ ਨੂੰ ਜੇ ਕੋਈ ਰਹਿਣ ਲਈ ਥਾਂ ਜਾਂ ਖਾਣ ਲਈ ਕੁਝ ਦੇਵੇਗਾ ਤਾਂ ਉਸ ਦਾ ਸਾਰਾ ਪਰਿਵਾਰ ਕੋਹਲੂ 'ਚ ਪੀੜਿਆ ਜਾਵੇਗਾ । ਕਿੱਡਾ ਖਤਰਾ ਸਾਮ੍ਹਣੇ ਸੀ। ਪਰ ਇਸ ਨੇ ਪਹਿਰੇਦਾਰਾਂ ਨੂੰ ਮਿਲ ਕੇ ਪੈਸਾ ਦੇ ਕੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਦੁੱਧ ਛਕਾਉਣ ਲਈ ਲੈ ਕੇ ਗਿਆ। ਤਾਂ ਮਾਤਾ ਜੀ ਨੇ ਕਿਹਾ ਕਿ ਨਹੀਂ, ਅਸੀਂ ਇਹਨਾਂ ਦਾ ਕੁਝ ਛਕਣਾ ਨਹੀਂ।

*ਜਾ ਕੀ ਰਹਿਤ ਨਾ ਜਾਣੀਐ।*
*ਗੁਰਬਾਣੀ ਨਹੀਂ ਰੀਤ।*
*ਤਿਸ ਦੇ ਹਥਹੁੰ ਖਾਧਿਆ,*
*ਵਿਸਰੇ ਹਰਿ ਕੀ ਪ੍ਰੀਤ।*

'ਜੈਸਾ ਅੰਨ ਤੈਸਾ ਮਨ', ਕਿਉਂਕਿ ਇਹ ਤਾ ਰਾਜ ਅੰਨ ਹੈ ਜ਼ੋਰ ਜ਼ੁਲਮ ਨਾਲ ਇਕੱਠਾ ਕੀਤਾ ਹੋਇਆ ਹੈ ਇਹਦੇ ਵਿਚੋਂ ਨਹੀਂ ਅਸੀਂ ਛਕਣਾ।

ਫੇਰ ਮੋਤੀ ਰਾਮ ਮਹਿਰਾ ਘਰ ਤੋਂ ਦੁੱਧ ਲਿਆਇਆ। ਉਹ ਦੁੱਧ ਛਕਾਇਆ। ਬਾਅਦ ਵਿਚ ਓਹੀ ਹਾਲ ਹੋਇਆ। ਇਹਦੇ ਸਾਮ੍ਹਣੇ ਇਹਦੀ ਮਾਤਾ ਦਾ, ਇਹਦੇ ਪੁੱਤਰ ਦਾ, ਫੇਰ ਇਸ ਨੂੰ ਕੋਹਲੂ ਦੇ ਵਿਚ ਪੀੜਿਆ। ਪੀਰ ਤੇ ਮੁਰੀਦ ਦੇ ਪਿਆਰ ਨੂੰ ਨਿਭਾਉਣ ਦੀ ਇਹ ਕਹਾਣੀ ਹੈ।

ਚੰਦ ਤੇ ਚਕੋਰ ਦੀ ਤੇ ਚਕਵੀ ਤੇ ਸੂਰਜ ਦੀ ਪ੍ਰੀਤ ਤਾਂ ਇਕ ਪਾਸੇ ਦੀ ਗਿਣੀ ਜਾਂਦੀ ਹੈ। ਚੰਦ ਨੂੰ ਦੇਖਦੇ-ਦੇਖਦੇ ਚਕੋਰ ਦੀ ਗਰਦਨ ਵੀ ਮੁੜ ਜਾਂਦੀ ਹੈ, ਪਰ ਚੰਦ ਨੂੰ ਤਾਂ ਪਤਾ ਹੀ ਨਹੀਂ। ਚਕੋਰ ਦਾ ਵੀ ਇਹੀ ਹਾਲ ਹੈ ਸੂਰਜ ਨੂੰ ਨਹੀਂ ਪਤਾ ਪਰ ਗੁਰੂ ਪਾਤਸ਼ਾਹ ਜੀ ਤਾਂ ਐਸੇ ਹਨ ਜਿਸ ਬਾਰੇ ਭਾਈ ਗੁਰਦਾਸ ਜੀ ਵਰਣਨ ਕਰਦੇ ਹਨ –

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।*
*ਭਾਈ ਗੁਰਦਾਸ ਜੀ, ਵਾਰ ੩੪/੧*

ਜਿਨ੍ਹਾਂ ਅੰਦਰ ਕੋਈ ਵੈਰ ਨਹੀਂ, ਨਿਰਾਲੇ ਹਨ, ਸਰਬੰਸ ਦਾਨੀ ਹਨ, ਉਹਨਾਂ ਦੀ ਅਗੰਮਤਾ ਦਾ ਅਨੁਮਾਨ ਲਾਇਆ ਨਹੀਂ ਜਾ ਸਕਦਾ। ਬੇਅੰਤ ਹਨ। ਗੁਰੂ ਆਰਸੀ ਹਨ, ਜਿਹੋ ਜਿਹੀ ਗੁਰੂ 'ਤੇ ਭਾਵਨਾ ਰੱਖਾਂਗੇ, ਉਸੇ ਨੂੰ ਫਲ ਲਗਣਾ ਹੈ। ਇਸ ਤੋਂ ਅੱਗੇ ਅਗਲੀ ਵਿਚਾਰ ਹੋਵੇਗੀ।

ਸੋ ਇਹ ਦਿਨ ਬਹੁਤ ਹੀ ਪਿਆਰ ਤੇ ਵੈਰਾਗ ਦੇ ਹਨ। ਆਪਣਾ ਸਾਰਾ ਸਰਬੰਸ ਵਾਰ ਕੇ ਪਰਿਵਾਰ ਵਾਰ ਕੇ ਸਾਡੇ ਪਰਿਵਾਰਾਂ ਨੂੰ ਕੀ ਕਹਿ ਰਹੇ ਨੇ –

*ਸੁਖੀ ਬਸੈ ਮੋਰੋ ਪਰਿਵਾਰਾ॥ ਪਾਤਸ਼ਾਹੀ ੧੦*

*ਇਨ ਪੁਤਰਨ ਕੇ ਸੀਸ ਪਰ,*
*ਵਾਰ ਦੀਏ ਸੁਤ ਚਾਰ।*
*ਚਾਰ ਮੂਏ ਤੋ ਕਿਆ ਹੂਆ,*
*ਜੀਵਤ ਕਈ ਹਜ਼ਾਰ।*

ਐਸੇ ਸਰਬੰਸ ਦਾਨੀ ਧੰਨ-ਧੰਨ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਮਹਾਰਾਜ ਜੀ ਨੂੰ ਇਹ ਵਿਚਾਰ ਆਪਾਂ ਸਮਰਪਿਤ ਕੀਤੇ ਹਨ।

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ॥*

# ਸ਼ਹੀਦੀ ਸਪਤਾਹ ਦੀ ਦਾਸਤਾਨ

*ਡਾ. ਰੂਪ ਸਿੰਘ*

'ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ' ਦੇ ਬਚਨ 'ਚ ਆਦਿ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਸਪੱਸ਼ਟ ਕਰਦੇ ਹਨ ਕਿ ਪੋਹ ਦੇ ਮਹੀਨੇ 'ਚ ਤੁਖਾਰ, ਕੱਕਰ, ਬਰਫ਼, ਪਾਲਾ, ਠੰਡ ਪੈਣ ਕਾਰਨ ਕੁਦਰਤ ਦੇ ਖਿੜਾਓ 'ਚ ਪਤਝੜ ਆ ਜਾਂਦੀ ਹੈ। ਸੂਰਜ ਦੀ ਗਰਮਾਇਸ਼ ਨਾ ਮਿਲਣ ਕਾਰਨ ਪ੍ਰਕਿਰਤੀ ਦੇ ਦਰੱਖਤ, ਫੁੱਲ, ਵਣ-ਤ੍ਰਿਣ ਸਭ ਮੁਰਝਾ ਜਾਂਦੇ ਹਨ। ਇਸ ਕੁਦਰਤੀ ਤਬਦੀਲੀ ਕਾਰਨ ਮਨੁੱਖੀ ਮਨ-ਸਰੀਰ ਵੀ ਖੁਸ਼ਕੀ ਮਹਿਸੂਸ ਕਰਦਾ ਹੈ ਪਰ ਜਿਹੜਾ ਮਾਨਵ ਸ਼ਕਤੀ ਤੇ ਸਦਾ ਵਿਗਾਸ ਦੇ ਅਮੁੱਕ ਸੋਮੇ ਕਰਤਾ ਪੁਰਖ ਨਾਲ ਆਪਣਾ ਸਦੀਵੀ ਸੰਬੰਧ ਬਣਾ ਲੈਂਦਾ ਹੈ, ਉਹ ਇਸ ਦਸ਼ਾ 'ਚ ਵੀ ਅਕਾਲ ਪੁਰਖ ਦੀ ਰਜ਼ਾ ਵਿਚ ਰਾਜ਼ੀ ਰਹਿ ਗੁਜ਼ਾਰ ਸਕਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਸਾਨੂੰ ਚੜ੍ਹਦੀ ਕਲਾ ਤੇ ਸਦਾ ਵਿਗਾਸ ਦਾ ਮਾਰਗ ਦਰਸਾਉਂਦੇ ਹਨ –

*ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥*
*ਅੰਗ – ੧੩੫*

ਸਿਰਜਣਹਾਰ ਨੂੰ ਸਮਰਪਿਤ ਹੋ ਅਸੀਂ ਆਪਣਾ ਜੀਵਨ ਸੁਹਾਵਣਾ-ਸੁਖਦਾਈ ਬਣਾ ਸਕਦੇ ਹਾਂ। ਪੋਹ ਦੇ ਮਹੀਨੇ ਸਾਨੂੰ ਸਭ ਨੂੰ ਸਰਦੀ ਬਹੁਤ ਸਤਾਉਂਦੀ ਹੈ, ਪਰ ਅਨੰਦਪੁਰੀ ਦੇ ਅਨੰਦਮਈ ਵਾਤਾਵਰਣ, ਸ੍ਰੀ ਅਨੰਦਪੁਰ ਸਾਹਿਬ ਦੇ ਅੱਠ ਮਹੀਨੇ ਦੇ ਜ਼ਬਰਦਸਤ ਘੇਰੇ, ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡਣ, ਸਿਰਸਾ ਦੇ ਭਿਆਨਕ ਯੁੱਧ, ਪਰਿਵਾਰ ਵਿਛੋੜਾ, ਚਮਕੌਰ ਦੀ ਕੱਚੀ ਗੜ੍ਹੀ ਤੇ ਸਰਹਿੰਦ ਦੀਆਂ ਦੀਵਾਰਾਂ 'ਚ ਸਾਹਿਬਜ਼ਾਦਿਆਂ ਦੇ ਜਿਊਂਦੇ ਚਿਣੇ ਜਾਣ 'ਤੇ ਮਾਤਾ ਗੁਜਰੀ ਜੀ ਦੀ ਠੰਡੇ ਬੁਰਜ ਦੀ ਦਾਸਤਾਨ ਨੂੰ ਪੜ੍ਹ-ਸੁਣ ਕੇ ਮਨ-ਸਰੀਰ 'ਚ ਰੋਸ-ਰੋਹ ਤੇ ਜੋਸ਼ ਦੀ ਲਹਿਰ ਦੌੜਦੀ ਹੈ। 8 ਤੋਂ 13 ਪੋਹ ਦੇ ਇਹ ਦਿਨ ਸਿੱਖ-ਇਤਿਹਾਸ ਦੇ ਦਰਦਮਈ ਗੰਭੀਰ ਪ੍ਰੀਖਿਆ ਦੇ ਦਿਨ ਸਨ। ਸ੍ਰੀ ਅਨੰਦਪੁਰ ਸਾਹਿਬ ਇਕ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ, ਸੇਵਕਾਂ ਦੀ ਪਰਖ ਕੀਤੀ, ਪੰਜ ਸਿਰਾਂ ਦੀ ਮੰਗ ਕਰ ਕੇ। ਪੰਜ ਪਿਆਰਿਆਂ ਦਾ ਰੁਤਬਾ ਹਾਸਲ ਕਰਨ ਵਾਲਿਆਂ ਨੇ ਗੁਰੂ ਚਰਨਾਂ 'ਚ ਸੀਸ ਭੇਟ ਕੀਤੇ ਤੇ ਗੁਰਦੇਵ ਨੇ ਵੀ ਗੁਰਸਿੱਖਾਂ ਨਾਲ ਅਹਿਦ ਕੀਤਾ ਕਿ ਗੁਰੂ ਗੋਬਿੰਦ ਸਿੰਘ ਸਮਾਂ ਆਉਣ 'ਤੇ ਆਪਣਾ ਸਰਬੰਸ ਵਾਰ ਕੇ ਸੁਰਖ਼ਰੂ ਹੋਵੇਗਾ। ਇਸ ਸ਼ਹੀਦੀ ਸਪਤਾਹ 'ਚ ਗੁਰੂ ਜੀ ਨੇ ਕੀਤੇ ਕੌਲ ਨੂੰ ਪੂਰਿਆਂ ਕੀਤਾ।

ਸ੍ਰੀ ਅਨੰਦਪੁਰ ਸਾਹਿਬ ਨੂੰ ਲਾਹੌਰ ਦੇ ਸੂਬੇਦਾਰ ਜ਼ਬਰਦਸਤ ਖ਼ਾਂ, ਸਰਹਿੰਦ ਦੇ ਫੌਜਦਾਰ ਤੇ ਪਹਾੜੀ ਰਾਜਿਆਂ ਨੇ ਘੇਰਾ ਪਾ ਲਿਆ। ਅੱਠ ਮਹੀਨੇ ਤੀਕ ਰਹੇ ਇਸ ਜ਼ਬਰਦਸਤ ਘੇਰੇ ਕਾਰਨ ਅਨੰਦਗੜ੍ਹ ਦੇ ਕਿਲ੍ਹੇ 'ਚ ਜਲ-ਪਾਣੀ, ਅੰਨ-ਦਾਣਾ ਆਉਣਾ ਬੰਦ ਹੋ ਗਿਆ। ਜੇਕਰ ਸਿੰਘ ਸੂਰਮੇ ਦੁਸ਼ਮਣ ਦਲਾਂ 'ਤੇ ਹਮਲਾ ਕਰਕੇ ਅੰਨ-ਪਾਣੀ ਦਾ ਪ੍ਰਬੰਧ ਕਰਦੇ, ਇਸ ਨਾਲ ਆਪਣਾ ਵੀ ਕਾਫ਼ੀ ਜਾਨੀ ਨੁਕਸਾਨ ਹੋ ਜਾਂਦਾ। ਵਿਸ਼ਾਲ ਤੇ ਲੰਮੇਰੇ ਘੇਰੇ ਦੇ ਬਾਵਜੂਦ ਸਿੰਘ ਚੜ੍ਹਦੀ ਕਲਾ 'ਚ ਸਨ। ਮੁਸੀਬਤ ਦੇ ਸਮੇਂ ਵੀ ਸਿੱਖਾਂ ਨੇ ਸਬਰ-ਸਿਦਕ ਤੋਂ ਕੰਮ ਲਿਆ। ਦੁਸ਼ਮਣ ਦਲਾਂ ਨੇ ਦੇਖਿਆ ਕਿ ਇਸ ਤਰ੍ਹਾਂ ਅਸੀਂ ਅਨੰਦਗੜ੍ਹ ਦੇ ਕਿਲ੍ਹੇ 'ਤੇ ਕਾਬਜ਼ ਨਹੀਂ ਹੋ ਸਕਾਂਗੇ ਤਾਂ ਉਨ੍ਹਾਂ ਕੁਰਾਨ ਸ਼ਰੀਫ ਤੇ ਗਊ ਦੀਆਂ ਕਸਮਾਂ ਖਾ ਕੇ ਕਿਹਾ ਕਿ ਜੇਕਰ ਗੁਰੂ ਜੀ ਆਪਣੇ ਸਿੰਘਾਂ ਸਮੇਤ ਕਿਲ੍ਹੇ ਨੂੰ ਖਾਲੀ ਕਰਨ ਤਾਂ ਉਨ੍ਹਾਂ ਨੂੰ ਸੁਰੱਖਿਅਤ ਲਾਂਘਾ ਦਿਤਾ ਜਾਵੇਗਾ। ਬਸ ਕਿਲ੍ਹਾ ਖਾਲੀ ਕਰਨ ਦੀ ਦੇਰ ਸੀ ਕਿ ਦੁਸ਼ਮਣ ਦਲਾਂ ਨੇ ਭੁੱਖੇ ਭਾਣੇ ਸਿੰਘਾਂ 'ਤੇ ਹੱਲਾ ਬੋਲ ਦਿਤਾ। ਪੋਹ ਦੇ ਮਹੀਨੇ, ਬਾਰਸ਼ ਸਮੇਂ ਸ਼ੂਕਦੀ ਸਰਸਾ ਨਦੀ ਦੇ ਕੰਢੇ ਭਿਆਨਕ ਯੁੱਧ ਲੜਿਆ ਗਿਆ। ਭਾਈ ਬਚਿਤਰ ਸਿੰਘ 'ਤੇ ਕੁਝ ਹੋਰ ਸੂਰਮੇ ਦੁਸ਼ਮਣਾਂ ਦਾ ਮੁਕਾਬਲਾ ਕਰਦੇ ਸ਼ਹੀਦੀ ਜਾਮ ਪੀ ਗਏ। ਬੇਸ਼ੁਮਾਰ ਕੀਮਤੀ ਸਾਹਿਤਕ ਸਰਮਾਇਆ, ਇਤਿਹਾਸਕ ਗ੍ਰੰਥ ਸਦਾ ਵਾਸਤੇ ਸਰਸਾ ਨਦੀ ਦੀ ਭੇਟ ਚੜ੍ਹ ਗਏ। ਚਾਰ-ਚੁਫੇਰੇ ਦੁਸ਼ਮਣ ਦਲ ਦੀ ਘੇਰਾਬੰਦੀ ਵਿਚ ਬਹੁਤ ਸਾਰੇ ਪਿਆਰੇ ਗੁਰਸਿਖ ਸ਼ਹੀਦ ਹੋ ਚੁੱਕੇ ਸਨ ਪਰ ਬਾਦਸ਼ਾਹ ਦਰਵੇਸ਼ ਸਰਸਾ ਦੇ ਕਿਨਾਰੇ ਅੰਮ੍ਰਿਤ ਵੇਲੇ ਸੰਗਤੀ ਨਿਤਨੇਮ, 'ਆਸਾ ਕੀ ਵਾਰ' ਦਾ ਕੀਰਤਨ ਮੈਦਾਨੇ-ਜੰਗ 'ਚ ਕਰਨ ਦਾ ਆਦੇਸ਼ ਕਰਦੇ ਹਨ। ਸਰਸਾ ਕਿਨਾਰੇ ਹੀ ਕਲਗੀਧਰ ਦੇ ਪਰਿਵਾਰ ਦਾ ਸਦੀਵੀ ਵਿਛੋੜਾ ਪੈ ਗਿਆ। ਗੁਰੂ ਪਰਿਵਾਰ ਤਿੰਨ ਭਾਗਾਂ 'ਚ, ਤਿੰਨ ਦਿਸ਼ਾਵਾਂ 'ਚ ਵੰਡਿਆ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਦੋਨੋਂ

ਵੱਡੇ ਸਾਹਿਬਜ਼ਾਦੇ ਤੇ ਗਿਣਤੀ ਦੇ ਸਿੰਘ, ਚਮਕੌਰ ਦੀ ਕੱਚੀ ਗੜ੍ਹੀ 'ਚ, ਮਾਤਾ ਸੁੰਦਰੀ (ਕੌਰ) ਜੀ ਤੇ ਮਾਤਾ ਸਾਹਿਬ ਦੇਵਾਂ (ਕੌਰ) ਭਾਈ ਮਨੀ ਸਿੰਘ ਦੇ ਨਾਲ ਦਿੱਲੀ ਨੂੰ, ਮਾਤਾ ਗੁਜਰੀ (ਕੌਰ) ਜੀ ਤੇ ਛੋਟੇ ਸਾਹਿਬਜ਼ਾਦੇ ਗੰਗੂ ਰਸੋਈਏ ਸਾਥ ਇਕ ਪਾਸੇ ਚੱਲ ਪਏ। ਚਮਕੌਰ ਦੀ ਕੱਚੀ ਗੜ੍ਹੀ ਵੱਡੇ ਸਾਹਿਬਜ਼ਾਦਿਆਂ, ਤਿੰਨ ਪਿਆਰਿਆਂ ਤੇ ਚਾਲ੍ਹੀ ਸਿੰਘਾਂ ਨੇ ਦਸ ਲੱਖ ਫੌਜ ਦਾ ਮੁਕਾਬਲਾ ਜਿਸ ਸੂਰਮਗਤੀ ਨਾਲ ਕੀਤਾ, ਉਸ ਨੂੰ ਵਿਸ਼ਵ ਦਾ ਸਭ ਤੋਂ ਅਸਾਵਾਂ ਯੁੱਧ ਕਿਹਾ ਜਾਂਦਾ ਹੈ। ਇਮਤਿਹਾਨ ਦੀ ਇਸ ਘੜੀ 'ਚ ਗੁਰੂ ਪਿਆਰਿਆਂ ਨੇ ਸਬਰ-ਸਿਦਕ ਤੇ ਸੂਰਮਗਤੀ ਨਾਲ ਸ਼ਹਾਦਤ ਦੀ ਦਾਸਤਾਨ ਲਿਖੀ। ਈਸਾਈ ਧਰਮ ਦੇ ਬਾਨੀ ਯਿੱਸੂ ਮਸੀਹ ਜਿਨ੍ਹਾਂ ਨੂੰ ਈਸਾ ਜੀ ਵੀ ਕਿਹਾ ਜਾਂਦਾ ਹੈ, 'ਤੇ ਇਕ ਦਿਨ ਇਮਤਿਹਾਨ ਦੀ ਘੜੀ ਆਈ ਜਦ ਯਹੂਦਾ ਇਨਕਹਿਊਤੀ (ਜੂਡ) ਨਾਂ ਦੇ ਵਿਅਕਤੀ ਨੇ ਮੁਖ਼ਬਰੀ ਕਰ ਕੇ ਤੀਹ ਚਾਂਦੀ ਦੇ ਟੁਕੜਿਆਂ ਬਦਲੇ ਈਸਾ ਜੀ ਨੂੰ ਪਕੜਾ ਦਿਤਾ। ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਨੂੰ ਪਕੜਾਉਣ ਦੀ ਮੁਖ਼ਬਰੀ ਗੰਗੂ ਬ੍ਰਾਹਮਣ ਨੇ ਵੀ ਧਨ ਦੇ ਲਾਲਚ 'ਚ ਹੀ ਕੀਤੀ ਸੀ। ਈਸਾ ਜੀ ਨੂੰ ਗ੍ਰਿਫ਼ਤਾਰ ਕਰ ਕੇ ਰੋਮਨ ਸ਼ਾਸਕਾਂ ਦੇ ਹਵਾਲੇ ਕੀਤਾ ਗਿਆ। ਯਿੱਸੂ ਤੇ ਉਸ ਦੇ ਦੋ ਸਾਥੀਆਂ ਨੂੰ ਸਲੀਬ (ਸੂਲੀ) 'ਤੇ ਚਾੜ੍ਹ ਕੇ ਸ਼ਹੀਦ ਕੀਤਾ। ਗ੍ਰਿਫ਼ਤਾਰੀ ਸਮੇਂ ਈਸਾ ਜੀ ਨੇ ਕਿਹਾ ਕਿ ਹੇ ਪ੍ਰਭੂ ਮੈਨੂੰ ਕਿਉਂ ਭੁਲਾ ਦਿਤਾ। ਯਿੱਸੂ ਨੂੰ ਕੋੜੇ ਮਾਰੇ ਗਏ। ਯਿੱਸੂ ਦੇ ਸੂਲੀ 'ਤੇ ਚਾੜ੍ਹੇ ਜਾਣ ਤੋਂ ਪਹਿਲਾਂ ਬਚਨ ਕੀਤੇ ਸੀ, ''ਹੇ ਮੇਰੇ ਪਿਤਾ, ਇਨ੍ਹਾਂ ਨੂੰ ਮੁਆਫ਼ ਕਰੀਂ ਕਿਉਂਕਿ ਇਹ ਨਹੀਂ ਜਾਣਦੇ ਇਹ ਕੀ ਕਰ ਰਹੇ ਹਨ। ਇਕ ਪ੍ਰਚੱਲਿਤ ਕਥਨ ਅਨੁਸਾਰ ਯਿੱਸੂ ਨੇ ਪ੍ਰੀਖਿਆ ਸਮੇਂ ਕਿਹਾ ਕਿ ਹੇ ਪ੍ਰਮਾਤਮਾ ਮੈਨੂੰ ਇਮਤਿਹਾਨ 'ਚ ਨਾ ਪਾਓ। ਪਰ ਦੂਸਰੇ ਪਾਸੇ ਚਮਕੌਰ ਦੀ ਗੜ੍ਹੀ ਤੇ ਸਰਹਿੰਦ ਦੀ ਦੀਵਾਰ ਦੇ ਇਮਤਿਹਾਨ ਸਮੇਂ ਕਿਸੇ ਨਾਲੇ ਕੋਈ ਗਿਲਾ, ਸ਼ਿਕਵਾ ਸ਼ਿਕਾਇਤ ਨਹੀਂ ਕੀਤੀ, ਸਗੋਂ ਕਰਤੇ ਦੀ ਰਜ਼ਾ 'ਚ ਸਾਰੇ ਰਾਜ਼ੀ ਰਹੇ।

ਇਕ ਵੀ ਸਿੰਘ ਡੋਲਿਆ ਨਹੀਂ, ਅਧੀਨਗੀ, ਗੁਲਾਮੀ, ਇਸਲਾਮ ਨੂੰ ਪ੍ਰਵਾਨ ਨਹੀਂ ਕੀਤਾ, ਸਗੋਂ ਸਿੱਖੀ ਸਿਦਕ ਭਰੋਸੇ ਨੂੰ ਆਖ਼ਰੀ ਸਾਹਾਂ ਤੀਕ ਨਿਭਾਇਆ। ਵੱਡੇ ਸਾਹਿਬਜ਼ਾਦੇ, ਤਿੰਨ ਪਿਆਰੇ ਤੇ ਗੁਰੂ-ਪਿਆਰੇ ਸ਼ਹੀਦ ਹੋ ਚੁੱਕੇ ਸਨ। ਚਮਕੌਰ ਦੀ ਗੜ੍ਹੀ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ-ਪੰਥ ਦੀ ਸਰਵਉੱਚਤਾ ਨੂੰ ਪੰਜਾਂ ਪਿਆਰਿਆਂ ਦੇ ਰੂਪ 'ਚ ਸਵੀਕਾਰ ਤੇ ਸਤਿਕਾਰ ਕਰਦਿਆਂ, ਗੁਰੂ ਚੇਲੇ ਦੀ ਅਭੇਦਤਾ ਦੇ ਸਿਧਾਂਤ ਨੂੰ ਪ੍ਰਗਟ ਕੀਤਾ। ਗੁਰੂ-ਪੰਥ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਸ਼ਮਣ ਦਲਾਂ ਨੂੰ ਚੀਰਦੇ ਹੋਏ ਮਾਛੀਵਾੜੇ ਦੇ ਜੰਗਲਾਂ ਦੇ ਵਾਸੀ ਬਣੇ। ਅਫ਼ਗਾਨੀ ਤੇ ਤੁਖਾਰ ਦੇ ਘੋੜਿਆਂ ਦੇ ਸ਼ਾਹ ਸਵਾਰ, ਪ੍ਰਸ਼ਾਦੀ ਹਾਥੀ ਰੱਖਣ ਵਾਲੇ ਸੁਤੰਤਰ ਸਿੱਖ ਸੋਚ ਦੇ ਧਾਰਨੀ ਬਾਦਸ਼ਾਹਤ ਦੇ ਪ੍ਰਤੀਕ ਤਾਜ-ਬਾਜ਼, ਨਿਸ਼ਾਨ ਸਾਹਿਬ ਝੁਲਾਉਣ ਵਾਲੇ, ਨਗਾਰੇ 'ਤੇ ਚੋਟਾਂ ਲਗਵਾਉਣ ਵਾਲੇ ਬਾਦਸ਼ਾਹ ਦਰਵੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਮਾਛੀਵਾੜੇ ਦੇ ਜੰਗਲਾਂ 'ਚ ਨੰਗੇ ਪੈਰੀ ਵਿਚਰਨਾ ਪਿਆ ਪਰ ਕਿਧਰੇ ਗਿਲਾ, ਸ਼ਿਕਵਾ, ਸ਼ਿਕਾਇਤ ਨਹੀਂ ਸਗੋਂ ਮਿੱਤਰ ਪਿਆਰੇ ਨੂੰ ਪਿਆਰ ਨਾਲ ਕਹਿੰਦੇ ਹਨ -

*ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ।*
*ਤੁਧ ਬਿਨੁ ਰੋਗ ਰਜਾਈਆਂ ਦਾ ਓਢਣ*
*ਨਾਗ ਨਿਵਾਸਾਂ ਦੇ ਰਹਣਾ॥ (ਖਿਆਲ ਪਾਤਸ਼ਾਹੀ ੧੦)*

ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਸੂਬੇਦਾਰ ਨੇ ਬੰਦੀ ਬਣਾ, ਠੰਡੇ ਬੁਰਜ 'ਚ ਕੈਦ ਕਰ ਦਿਤਾ। ਬਜ਼ੁਰਗ ਮਾਤਾ ਗੁਜਰੀ ਤੇ ਨੰਨੇ-ਮੁੰਨੇ ਸਾਹਿਬਜ਼ਾਦਿਆਂ, ਗੁਰੂ ਪਰਿਵਾਰ, ਪਿਆਰੇ ਗੁਰਸਿੱਖਾਂ ਦਾ ਸਦੀਵੀ ਵਿਛੋੜਾ, ਸਫ਼ਰ ਦੀਆਂ ਦੁਸ਼ਵਾਰੀਆਂ ਦੇ ਦਰਪੇਸ਼ ਕਿਵੇਂ ਗੁਜ਼ਾਰੇ ਹੋਣਗੇ, ਠੰਡੇ ਬੁਰਜ 'ਚ ਦਿਨ-ਰਾਤ? ਬੁਰਜ ਆਮ ਕਰਕੇ ਕਿਲ੍ਹਿਆਂ, ਸ਼ਾਹੀ ਮਹਿਲਾਂ ਦੇ ਕਿਨਾਰੇ, ਖੁੱਲ੍ਹੇ 'ਚ ਉੱਚੇ ਉਸਾਰੇ ਜਾਂਦੇ ਹਨ ਜਿਨ੍ਹਾਂ ਰਾਹੀ ਸੁਰੱਖਿਆ ਕਰਮਚਾਰੀ ਸੁਰੱਖਿਆ ਕਰਦੇ ਹਨ। ਬੁਰਜ ਗੋਲਕਾਰ, ਚਕੋਨੇ ਜਾਂ ਅਠਕੋਨੇ ਹੁੰਦੇ ਹਨ, ਜਿਨ੍ਹਾਂ ਤੋਂ ਸੁਰੱਖਿਆ ਕਰਮੀ ਚੁਫੇਰੇ ਦੇਖ ਸਕੇ। ਪੋਖ ਤੁਖਾਰ ਦਾ ਮਹੀਨਾ, ਉੱਚਾ ਖੁੱਲ੍ਹਾ ਬੁਰਜ, ਨੇੜੇ ਪਾਣੀ ਦੀ ਖਾਈ, ਖੁੱਲ੍ਹੇ ਖੇਤਰ ਦੀਆਂ ਬਰਫ਼ੀਲੀਆਂ ਸੀਤਲ ਹਵਾਵਾਂ, ਦੂਸਰੇ ਪਾਸੇ ਸਮੇਂ ਤੇ ਮੁਸੀਬਤਾਂ ਨਾਲ ਜੂਝ ਰਹੀ 83 ਸਾਲਾਂ ਦੀ ਬਜ਼ੁਰਗ ਮਾਤਾ ਨੇ ਬਾਲ-ਵਰੇਸ ਦੇ ਆਪਣੇ ਪੋਤਰਿਆਂ ਨੂੰ ਕਿਵੇਂ ਆਪਣੇ ਬਜ਼ੁਰਗ ਸਰੀਰ ਦੀ ਗਰਮਾਇਸ਼ ਨਾਲ ਗਰਮ ਰੱਖਿਆ ਹੋਵੇਗਾ? ਕਲਪਨਾ ਕਰਨੀ ਮੁਸ਼ਕਲ ਹੈ, ਸੋਚ ਸ਼ਕਤੀ ਸਾਥ ਨਹੀਂ ਦੇਂਦੀ। ਕੁਦਰਤੀ ਨੇਮ ਅਨੁਸਾਰ ਬਾਲਾਂ ਤੇ ਬਜ਼ੁਰਗਾਂ ਨੂੰ ਸਰਦੀ ਛੇਤੀ ਪੋਂਹਦੀ ਤੇ ਸਤਾਉਂਦੀ ਹੈ। ਕਿਤਨੀ ਮਹਾਨ ਅਦੁੱਤੀ ਤੇ ਵਿਸ਼ੇਸ਼ ਹੈ, ਸਾਡੀ ਇਹ ਸਤਿਕਾਰਤ ਮਾਤਾ ਜੋ ਪੋਹ ਦੇ ਇਨ੍ਹਾਂ ਦਿਨਾਂ 'ਚ ਆਪਣੇ ਪੋਤਰਿਆਂ ਨੂੰ

ਸਬਰ-ਸਿਦਕ ਸ਼ਹੀਦੀ ਦਾ ਪਾਠ ਦ੍ਰਿੜ੍ਹ ਕਰਵਾ ਗਈ। ਵਜ਼ੀਰ ਖਾਂ ਦੀ ਕਚਹਿਰੀ 'ਚ ਭੇਜਣ ਸਮੇਂ ਮਾਤਾ ਗੁਜਰੀ ਜੀ ਨੂੰ ਪਤਾ ਸੀ ਕਿ ਮੇਰੇ ਲਾਡਲੇ ਲਾਲ ਦੇ ਲਾਲਾਂ ਦੇ ਲਾਲਾਂ ਨੇ ਵਾਪਸ ਨਹੀਂ ਆਉਣਾ, ਸਗੋਂ ਵਿਰਸੇ-ਵਿਰਾਸਤ ਨੂੰ ਜ਼ਿੰਦਾ ਰੱਖਣ, ਸਿੱਖੀ ਦੀਆਂ ਨੀਹਾਂ ਨੂੰ ਮਜ਼ਬੂਤ ਕਰ ਲਈ ਸ਼ਹੀਦ ਹੋ ਜਾਣਾ ਹੈ। ਸੂਬੇਦਾਰ ਸਰਹਿੰਦ ਵਜ਼ੀਰ ਖਾਂ ਤੇ ਕਾਜ਼ੀ ਨੇ ਵਕਤੀ-ਖੁਸ਼ਾਮਦ ਭਰਪੂਰ ਫਤਵਾ ਸੁਣਾਉਣ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਬਾਲ-ਵਰੇਸ ਨੀਹਾਂ 'ਚ ਚਿਣ ਸ਼ਹੀਦ ਕਰ ਦਿਤਾ ਗਿਆ। ਬਾਬਾ ਫ਼ਤਹਿ ਸਿੰਘ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ ਲਾਲ ਛੋਟੇ ਸਾਹਿਬਜ਼ਾਦੇ ਸਨ ਜਿਨ੍ਹਾਂ ਦੀ ਅਗਵਾਈ 'ਚ ਗੁਰੂ ਦੀਆਂ ਲਾਡਲੀਆਂ ਫ਼ੌਜਾਂ ਨਿਹੰਗ ਸਿੰਘ ਕਾਰਜਸ਼ੀਲ ਸਨ। ਫ਼ਤਹਿਗੜ੍ਹ ਸਾਹਿਬ ਦੀ ਧਰਤ ਸੁਹਾਵੀ 'ਤੇ ਮਾਤਾ ਗੁਜਰੀ ਜੀ ਨੇ ਆਪਣੇ ਲਾਡਲੇ ਪੋਤਰੇ ਬਾਬਾ ਫ਼ਤਹਿ ਸਿੰਘ ਨਾਲ ਅਨੰਦਪੁਰੀ 'ਚ ਕੀਤਾ ਕਰਾਰ ਪੂਰਾ ਕੀਤਾ। ਬਾਬਾ ਫ਼ਤਹਿ ਸਿੰਘ ਕੇਵਲ ਦੋ ਸਾਲ ਦੀ ਬਾਲ-ਵਰੇਸ 'ਚ ਸਨ ਕਿ ਮਾਤਾ ਜੀਤੋ ਜੀ ਅਕਾਲ ਚਲਾਣਾ ਕਰ ਗਏ। ਦਾਦੀ ਮਾਂ ਨੂੰ ਆਪਣੇ ਮਾਂ-ਮਹਿੱਟਰ ਪੋਤਰੇ ਦੀ ਪਾਲਣਾ ਕਰਨੀ ਪਈ। ਬਾਬਾ ਫ਼ਤਹਿ ਸਿੰਘ ਮਾਂ ਦੀ ਮੰਗ ਕਰਦੇ ਹਨ - ਮੇਰੀ ਮਾਂ ਕਿੱਥੇ ਹੈ? ਮੈਂ ਮਾਂ ਪਾਸ ਜਾਣਾ ਹੈ। ਸਾਹਿਬਜ਼ਾਦੇ ਨੂੰ ਵਰਚਾਉਣ ਵਾਸਤੇ ਭਾਈ ਚੌਪਾ ਸਿੰਘ ਘੋੜਾ ਬਣਦਾ ਹੈ, ਖਿਡੌਣੇ ਤੇ ਮਠਿਆਈਆਂ ਦਿਤੀਆਂ ਜਾਂਦੀਆਂ ਹਨ ਪਰ ਫਿਰ ਵੀ ਬਾਬਾ ਫ਼ਤਹਿ ਸਿੰਘ ਮਾਂ ਨੂੰ ਮਿਲਣਾ ਲੋਚਦੇ ਹਨ। ਮਾਂ ਗੁਜਰੀ ਜੀ ਵੱਡਾ ਦਿਲ ਕਰਕੇ ਕਹਿੰਦੇ ਨੇ - ਪੁੱਤ ਤੇਰੀ ਮਾਂ ਸੱਚਖੰਡ ਚਲੀ ਗਈ। ਸਾਹਿਬਜ਼ਾਦਾ ਕਹਿੰਦਾ - ਮੈਂ ਵੀ ਮਾਂ ਪਾਸ ਸੱਚਖੰਡ ਜਾਣਾ ਹੈ। ਮਾਤਾ ਗੁਜਰੀ ਜੀ ਸੁਭਾਵਿਕ ਹੀ ਕਹਿੰਦੇ ਹਨ ਲਾਲ ਜਿਸ ਦਿਨ ਤੂੰ ਸੱਚਖੰਡ ਜਾਵੇਂਗਾ, ਤੇਰੀ ਦਾਦੀ ਮਾਂ ਵੀ ਨਾਲ ਜਾਵੇਗੀ। ਤੇਰੀ ਦਾਦੀ ਮਾਂ ਦਾ ਵੀ ਧਰਤੀ 'ਤੇ ਉਹ ਆਖਰੀ ਦਿਨ ਹੋਵੇਗਾ। ਮਾਤਾ ਗੁਜਰੀ ਜੀ ਨੇ ਬਾਬਾ ਫ਼ਤਹਿ ਸਿੰਘ ਜੀ ਨਾਲ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਕੀਤਾ ਕਰਾਰ ਸਰਹਿੰਦ ਦੀ ਧਰਤੀ 'ਤੇ ਪੂਰਾ ਕਰ ਦਿਖਾਇਆ। ਜਦ ਦਾਦੀ ਮਾਂ, ਮਾਂ ਗੁਜਰੀ ਨੂੰ ਖਬਰ ਮਿਲੀ ਕਿ ਤੇਰੇ ਪੋਤਰੇ ਸ਼ਹੀਦ ਹੋ ਚੁੱਕੇ ਹਨ, ਮਾਂ ਵੀ ਆਪਣੇ ਪੋਤਰਿਆਂ ਨਾਲ ਹੀ ਸੱਚਖੰਡ ਪਿਆਨਾ ਕਰ ਗਈ। ਸੋਹਣ ਸਿੰਘ ਸੀਤਲ ਜੀ ਕਥਨ ਕਰਦੇ ਹਨ -

*ਚਲੋ ਮੇਰੇ ਹੀਰਿਓ! ਮੈਂ ਮਗਰੇ ਆਵਾਂ।*
*ਪੁੱਤਾਂ ਪਿੱਛੋਂ ਜਿਉਂਦੀਆਂ ਕਦ ਸੁਣੀਆਂ ਮਾਵਾਂ।*
*(ਮੇਰੇ ਇਤਿਹਾਸਕ ਲੈਕਚਰ, ਪੰਨਾ ੧੨੫)*

ਸਾਹਿਬਜ਼ਾਦਿਆਂ ਦੇ ਵਾਰਸ ਸਦਵਾਉਣ ਵਾਲਿਓ! ਇਨ੍ਹਾਂ ਦਿਨਾਂ 'ਚ ਮਹਿਸੂਸ ਕਰਕੇ ਦੇਖੋ, ਮਾਤਾ ਗੁਜਰੀ ਆਪਣੇ ਪੁੱਤ-ਪੋਤਰਿਆਂ ਦੀ ਸਲਾਮਤੀ ਵਾਸਤੇ ਬਜ਼ੁਰਗ ਹੱਥਾਂ ਨਾਲ ਦੁਆ ਕਰਦੀ ਨਜ਼ਰ ਆਵੇਗੀ। ਸਰਹਿੰਦ ਦਾ ਸ਼ਹੀਦੀ ਸਾਕਾ ਵਾਪਰਨ 'ਤੇ ਸੰਸਾਰ 'ਤੇ ਹਾਹਾਕਾਰ ਮਚ ਗਈ। ਇਤਨਾ ਸਬਰ ਜ਼ੁਲਮ, ਤਸ਼ੱਦਦ, ਲਾਲ ਹਨ੍ਹੇਰੀ ਝੁੱਲੀ। ਅਜਿਹਾ ਹੀ ਸ਼ਹੀਦੀ ਸਾਕਾ ਪਹਿਲਾਂ ਸੀਸ ਗੰਜ, ਚਾਂਦਨੀ ਚੌਂਕ ਦਿਲੀ 'ਚ ਦਿਨ ਦਿਹਾੜੇ ਵਾਪਰ ਚੁੱਕਾ ਸੀ, ਜਿਸ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ -

*ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ।*
*ਹੈ ਹੈ ਹੈ ਸਭ ਜਗ ਭਯੋ ਜੈ ਜੈ ਸੁਰ ਲੋਕ। (ਬਚਿੱਤ੍ਰ ਨਾਟਕ)*

ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਦੀ ਦਾਸਤਨ ਸੁਣ ਕੇ ਸਤਿਗੁਰੂ ਜੀ ਗ਼ਮਗੀਨ ਨਹੀਂ ਹੋਏ, ਸਗੋਂ ਫ਼ਖਰ ਨਾਲ ਕਿਹਾ ਸੀ -

*ਇਨ ਪੁਤਰਨ ਕੇ ਸੀਸ ਪੇ ਵਾਰ ਦੀਏ ਸੁਤ ਚਾਰ॥*
*ਚਾਰ ਮੁਏ ਤੋ ਕਿਆ ਭਯਾ ਜੀਵਤ ਕਈ ਹਜ਼ਾਰ॥*

ਦਸਮੇਸ਼ ਪਿਤਾ ਨੇ ਸਾਡੇ ਨਾਲ ਇਕ ਇਕਰਾਰ ਕੀਤਾ ਸੀ, ਜੋ ਪੂਰਾ ਕੀਤਾ।

*ਪਹਿਲੇ ਪਿਤਾ ਕਟਾਯਾ ਅਬ ਬੇਟੇ ਕਟਾਊਂਗਾ।*
*ਨਾਨਕ ਕਾ ਬਾਗ਼ ਖੂਨਿ ਜਿਗਰ ਸੇ ਖਿਲਾਊਂਗਾ।*

ਸਰਹਿੰਦ ਦੇ ਦਰਦਮਈ ਸਾਕੇ 'ਤੇ ਨਵਾਬ ਮਲੇਰ ਕੋਟਲੇ, ਮੋਤੀ ਮਹਿਰੇ ਤੇ ਦੀਵਾਨ ਟੋਡਰ ਮੱਲ ਨੇ ਹਾਅ ਦਾ ਨਾਅਰਾ ਮਾਰਿਆ, ਜਿਸ ਸਦਕਾ ਸਿੱਖ ਹਮੇਸ਼ਾ ਇਨ੍ਹਾਂ ਨੂੰ ਸਤਿਕਾਰ ਨਾਲ ਯਾਦ ਕਰਦੇ ਹਨ। ਬਹੁਤ ਸਾਰੇ ਦਾਨਿਸ਼ਮੰਦ ਲੇਖਕਾਂ ਕਵੀਆਂ ਨੇ ਕਲਮਾਂ ਦੀ ਜ਼ੋਰ-ਅਜ਼ਮਾਈ ਕਰ ਕੇ ਇਸ ਅਨੋਖੀ ਸ਼ਹੀਦੀ ਦਾਸਤਾਨ ਨੂੰ ਰੂਪਮਾਨ ਕਰ, ਸ਼ਰਧਾ ਸਤਿਕਾਰ ਭੇਂਟ ਕਰਨ ਦਾ ਯਤਨ ਕੀਤਾ। ਇਹ ਦਾਸਤਾਨ ਹਮੇਸ਼ਾ ਚਲਦੀ ਰਹੇਗੀ। ਹਿੰਦੀ ਦੇ ਪ੍ਰਸਿੱਧ ਕਵੀ ਮੈਥਲੀ ਸ਼ਰਨ ਗੁਪਤ ਨੇ ਆਪਣੇ ਦਿਲ ਦੇ ਵਲਵਲਿਆਂ ਨੂੰ ਇਸ ਤਰ੍ਹਾਂ ਪ੍ਰਗਟ ਕੀਤਾ ਹੈ -

*ਜਿਸ ਕੁਲ ਜਾਤਿ ਦੇਸ਼ ਕੇ ਬੱਚੇ, ਦੇ ਸਕਤੇ ਹੈਂ ਯੂੰ ਬਲੀਦਾਨ।*
*ਉਸ ਕਾ ਵਰਤਮਾਨ ਕੁਝ ਭੀ ਹੋ,*
*ਪਰ ਭਵਿਸ਼ਯ ਹੈ ਮਹਾਂ ਮਹਾਨ।*

ਦਸ਼ਮੇਸ਼ ਪਿਤਾ ਨੇ ਸਿੱਖੀ ਦੇ ਬਾਗ਼ ਨੂੰ ਪਿਤਾ,

ਸਾਹਿਬਜ਼ਾਦਿਆਂ, ਬਜ਼ੁਰਗ ਮਾਤਾ ਗੁਜਰੀ, ਮਹਾਨ ਗੁਰਸਿੱਖਾਂ ਦੇ ਪਵਿੱਤਰ ਖ਼ੂਨ ਨਾਲ ਸਿੰਜ ਕੇ ਖਿੜਾਓ ਬਖਸ਼ਿਸ਼ ਕੀਤਾ ਤਾਂ ਕਿ ਇਹ ਬਾਗ਼ ਸਦਾ ਚੜ੍ਹਦੀ ਕਲਾ, ਸਦਾ ਵਿਗਾਸ 'ਚ ਸਦਾ ਵਿਗਸਦਾ ਰਹੇ। ਪਰ ਸਿੱਖ ਸਦਵਾਉਣ ਵਾਲਿਓ! ਦਸ਼ਮੇਸ਼ ਪਿਤਾ ਨੇ ਕਦੇ ਕਿਸੇ ਨੂੰ ਸ੍ਰੀ ਗੁਰੂ ਨਾਨਕ ਦੇ ਸਦਾ ਬਹਾਰ ਬਾਗ਼, 'ਨਾਨਕ ਨਿਰਮਲ ਪੰਥ' ਨੂੰ ਬਰਬਾਦ ਕਰਨ ਦਾ ਹੱਕ ਨਹੀਂ ਦਿਤਾ। ਇਨ ਪੁਤਰਨ ਦਾ ਇਹ ਕਰਮ ਧਰਮ ਨਹੀਂ, ਉਹ ਸਿੱਖੀ ਸਰੂਪ, ਵਿਚਾਰਧਾਰਾ, ਮਰਯਾਦਾ ਤੇ ਪਰੰਪਰਾ ਨਾਲ ਖਿਲਵਾੜ ਕਰਨ। ਸਾਹਿਬਜ਼ਾਦਿਆਂ ਦੇ ਇਹ ਬੋਲ ਸਾਨੂੰ ਕਦੇ ਵੀ ਨਹੀਂ ਭੁੱਲਣੇ ਚਾਹੀਦੇ-

*ਹਮ ਜਾਨ ਦੇ ਕੇ ਔਰੋਂ ਕੀ ਜਾਨੇ ਬਚਾ ਚਲੇ।*
*ਸਿਖੀ ਕੀ ਨੀਵ ਹਮ ਹੈਂ ਸਰੋਂ ਪੇ ਉਠਾ ਚਲੇ।*

ਇਕ ਪੁਰਾਤਨ ਰੀਤ ਸੀ ਜਦ ਵੀ 'ਗੁਰੂ ਮਾਰ ਸਰਹਿੰਦ', ਕੋਈ ਗੁਰੂ ਦਾ ਸਿੱਖ ਜਾਂਦਾ ਤਾਂ ਦੋ ਚਾਰ ਇੱਟਾਂ ਜ਼ਰੂਰ ਤੋੜਦਾ ਹੋਇਆ, ਰੋਸ ਤੇ ਰੋਹ ਦਾ ਇਜ਼ਹਾਰ ਕਰਦਾ। ਇਕ ਦਿਨ ਅਜਿਹਾ ਆਇਆ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਦਸ਼ਮੇਸ਼ ਪਿਤਾ ਤੋਂ ਥਾਪੜਾ ਪ੍ਰਾਪਤ ਕਰ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿਤੀ....ਬਸਤੀ ਸਰਹਿੰਦ ਸ਼ਹਿਰ ਕੀ ਈਟੋਂ ਕਾ ਢੇਰ ਥੀ....ਇਹ ਰੋੜੀ (ਮਲਬਾ) ਅੰਗਰੇਜ਼ ਰਾਜ ਕਾਲ ਸਮੇਂ ਰੇਲਵੇ ਲਾਈਨ ਵਿਛਾਉਣ ਸਮੇਂ ਪਟੜੀ 'ਤੇ ਪਾਉਣ ਦੇ ਕੰਮ ਆਈ।

ਸਾਹਿਬਜ਼ਾਦੇ 'ਤੇ ਮਾਤਾ ਗੁਜਰੀ ਜੀ ਕਥਨੀ-ਕਰਨੀ ਤੇ ਕਿਰਦਾਰ ਦੇ ਸੂਰਮੇ ਸ਼ਹੀਦ ਸਨ। ਇਸ ਸ਼ਹੀਦੀ ਸਪਤਾਹ ਸਮੇਂ ਸਾਡਾ ਕਾਰ-ਵਿਹਾਰ, ਅਚਾਰ-ਰਹਿਣ-ਬਹਿਣ, ਬੋਲ-ਚਾਲ ਤੇ ਖਾਣ-ਪੀਣ 'ਚ ਅੰਤਰ ਦਿਖਾਈ ਦੇਣਾ ਚਾਹੀਦਾ ਹੈ ਪਰ ਸਿੱਖ ਸੋਚ ਸ਼ਕਤੀ ਨੂੰ ਤਾਂ ਦੀਮਕ ਲਗਦੀ ਭਾਸਦੀ ਹੈ। ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸਿਉਂਕ ਲੱਗੀ ਲੱਕੜੀ ਤਾਂ ਬਲਣ ਯੋਗ ਵੀ ਨਹੀਂ ਹੁੰਦੀ। ਨਿੱਜੀ ਰੂਪ ਵਿਚ ਅਸੀਂ ਭਾਵੇਂ ਸਾਰੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਤੇ ਮਾਤਾ ਗੁਜਰੀ ਨੂੰ ਸ਼ਰਧਾ ਸਤਿਕਾਰ ਭੇਂਟ ਕਰਨ ਲਈ ਨਹੀਂ ਪਹੁੰਚ ਸਕਦੇ, ਪਰ ਸਾਨੂੰ ਇਨ੍ਹਾ ਦਿਨਾਂ ਦੇ ਸਦਮੇ ਦਾ ਅਹਿਸਾਸ ਜ਼ਰੂਰ ਹੋਣਾ ਚਾਹੀਦਾ ਹੈ। ਅਹਿਸਾਸ ਇਹ ਹੋਵੇ ਕਿ ਇਹ ਸਾਡਾ ਕੌਮੀ ਸ਼ਹੀਦੀ-ਸਪਤਾਹ ਹੈ, ਇਸ ਦੌਰਾਨ ਅਸਾਂ ਨੇ ਖੁਸ਼ੀ ਦੇ ਪ੍ਰੋਗਰਾਮ ਨਹੀਂ ਰੱਖਣੇ, ਇਸ ਕੌਮੀ ਸਭਾ ਦੇ ਦਿਨਾਂ 'ਚ ਗੰਭੀਰਤਾ ਤੇ ਗ਼ਮ ਦਾ ਅਹਿਸਾਸ ਹੋਵੇ।

ਗੁਰੂ ਸਵਾਰੇ ਸਿੱਖੋ! ਇਨ੍ਹਾਂ ਦਿਨਾਂ 'ਚ ਤੁਹਾਡੇ ਪਾਸੋਂ ਸੁਹਿਦਤਾ, ਗ਼ਮਗੀਨਤਾ, ਗੰਭੀਰਤਾ, ਦਾਨਸ਼ਮੰਦੀ ਦੀ ਖੁਸ਼ਬੂ ਆਉਣੀ ਚਾਹੀਦੀ ਹੈ, ਨਾ ਕਿ ਖੁਦਗ਼ਰਜ਼ੀ, ਲਾਲਸਾ ਵਸ, ਖੁਸ਼ਾਮਦ ਕਰਕੇ ਇਨ੍ਹਾਂ ਗਹਿਰ-ਗੰਭੀਰ ਵਿਰਾਸਤੀ ਇਤਿਹਾਸਕ ਪਲਾਂ ਨੂੰ ਗਵਾਉਣ ਦੀ ਬਦਬੂ। ਸਾਹਿਬਜ਼ਾਦਿਆਂ, ਪੋਖ ਤੁਖਾਰ ਦੀਆਂ ਬਰਫ਼ੀਲੀਆਂ ਰਾਤਾਂ ਕਿਵੇਂ ਠੰਡੇ ਬੁਰਜ 'ਚ ਬਜ਼ੁਰਗ ਮਾਤਾ ਗੁਜਰੀ ਨਾਲ ਗੁਜ਼ਾਰੀਆਂ ਸਨ? ਇਨ੍ਹਾਂ ਪਲਾਂ ਦਾ ਅਹਿਸਾਸ ਕਰਨ ਵਾਸਤੇ ਕਲਪਨਾ ਕਰਨੀ ਚਾਹੀਦੀ ਹੈ। ਜੇਕਰ ਸੁਹਿਰਦ ਸਿੱਖਾਂ ਨੂੰ ਸਮਾਂ ਹੋਵੇ ਤਾਂ।

ਕਿਸੇ ਦਾ ਬੜਾ ਪਿਆਰਾ ਵਿਚਾਰ ਹੈ ਕਿ ਜਦ ਘਰ ਨੂੰ ਅੱਗ ਲੱਗ ਜਾਵੇ ਤਾਂ ਪਹਿਲਾਂ ਅੱਗ ਬੁਝਾਈ ਜਾਂਦੀ ਹੈ ਨਾ ਕਿ ਅੱਗ ਦੇ ਕਾਰਨਾਂ ਦੀ ਪੜਤਾਲ ਕੀਤੀ ਜਾਂਦੀ ਹੈ। ਅਸੀਂ ਸਿੱਖ ਸਦਵਾਉਣ ਵਾਲੇ ਅੱਜ ਮਹਾਨ ਵਿਰਸੇ-ਵਿਰਾਸਤ ਨਾਲੋਂ ਦੂਰ ਹੋ ਸਿੱਖੀ ਸਰੂਪ, ਸਿਧਾਂਤ ਤੇ ਮਰਯਾਦਾ ਨੂੰ ਤਿਲਾਂਜਲੀ ਦੇ ਰਹੇ ਹਾਂ। ਅਸੀਂ ਬਚਾਅ ਪੱਖ ਬਾਰੇ ਗੰਭੀਰ ਨਹੀਂ, ਸਗੋਂ ਇਕ ਦੂਸਰੇ 'ਤੇ ਦੂਸ਼ਣਬਾਜ਼ੀ ਲਗਾ ਜ਼ਿੰਮੇਵਾਰੀ ਤੋਂ ਫ਼ਾਰਗ ਹੋ ਰਹੇ ਹਾਂ। ਸ੍ਰੀ ਅਨੰਦਪੁਰ ਸਾਹਿਬ ਦੇ ਅਨੰਦਮਈ ਵਾਤਾਵਰਣ ਤੋਂ ਚਮਕੌਰ ਦੀ ਕੱਚੀ ਗੜ੍ਹੀ ਤੇ ਸਰਹਿੰਦ ਦੀਆਂ ਦੀਵਾਰਾਂ ਤੀਕ ਦੇ ਸਫ਼ਰ ਦੀ ਸਾਖੀ ਦੀ ਅਕਥ ਕਹਾਣੀ ਲੋਕ-ਮਾਨਸਿਕਤਾ 'ਚ ਘਰ ਕਰ ਚੁੱਕੀ ਹੈ। ਭਾਵੇਂ ਕਿ ਇਸ ਨੂੰ ਵਰਣਨ ਕਰਨ ਲਈ ਸਿੱਖ ਇਤਿਹਾਸ ਰਚਿਆ ਜਾ ਚੁੱਕਾ ਹੈ ਪਰ ਦਰਦ ਦੀ ਦਾਸਤਨ ਨੂੰ ਥੋੜ੍ਹਾ ਬਹੁਤਾ ਮਹਿਸੂਸ ਤਾਂ ਕੀਤਾ ਜਾ ਸਕਦਾ ਹੈ ਪਰ ਮੁਕੰਮਲ ਰੂਪ 'ਚ ਰੂਪਮਾਨ ਕਰਨਾ ਅਸੰਭਵ ਹੈ। ਸ਼ਹੀਦੀ ਸਾਕੇ ਦੀ ਦਾਸਤਾਨ ਤਿਆਗ, ਕੁਰਬਾਨੀ, ਧਾਰਮਿਕ, ਸਮਾਜਿਕ ਸੁਤੰਤਰਤਾ, ਸਵੈ-ਵਿਸ਼ਵਾਸ਼, ਸੱਚ, ਸਬਰ, ਸਿਦਕ, ਸ਼ਹਾਦਤ ਦੀ ਅਨੋਖੀ ਦਾਸਤਾਨ ਹੈ। ਇਸ ਕੌਮੀ ਸਭਾ ਦਾ ਮੂਲ ਮਨੋਰਥ ਤੇ ਉਦੇਸ਼ ਸਾਹਿਬਜ਼ਾਦਿਆਂ ਤੇ ਬਜ਼ੁਰਗ ਮਾਤਾ ਗੁਜਰੀ ਜੀ ਦੀ ਸ਼ਹੀਦੀ ਦਾਸਤਾਨ ਨੂੰ ਯਾਦ ਕਰਕੇ ਮਹਾਨ ਵਿਰਸੇ ਨਾਲ ਜੁੜਨਾ ਹੈ। ਦੂਸ਼ਣਬਾਜ਼ੀ ਵਾਲੀ ਦੁਸ਼ਟ ਸਭਾ ਤੋਂ ਪਰਹੇਜ਼ ਕਰਦੇ ਹੋਏ ਸੰਤ ਸਭਾ 'ਚ ਸ਼ਾਮਲ ਹੋ ਕੇ ਧਰਮੀਆਂ ਦਾ ਜੈਕਾਰ ਕਰਨਾ ਹੈ। ਆਉ, ਇਨ੍ਹਾਂ ਦਿਨਾਂ 'ਚ ਗੁਰਮੁਖਾਂ ਵਾਂਗ ਸਫ਼ਾ ਵਿਛਾ ਕੇ ਸਭਾ 'ਚ ਬੈਠੀਏ ਤੇ ਯਾਦ ਕਰੀਏ ਮਹਾਨ ਕੁਰਬਾਨੀ ਦੀ ਦਾਸਤਾਨ ਨੂੰ....।

# ਭਗਤ ਨਾਮਦੇਵ ਜੀ
# ਜਨਮ, ਬਚਪਨ ਤੇ ਆਰੰਭਿਕ ਜੀਵਨ

*ਗਿਆਨੀ ਪ੍ਰਤਾਪ ਸਿੰਘ*

*(ਲੜੀ ਜੋੜਨ ਲਈ ਦੇਖੋ, ਨਵੰਬਰ ਅੰਕ, ਪੰਨਾ-62)*

ਇਸ ਟਿਕਾਣੇ 'ਤੇ ਨਾਮਦੇਵ ਜੀ ਦੀ ਮੁਲਾਕਾਤ ਇਕ ਲੜਕੀ ਜੈਨਾ ਬਾਈ ਨਾਲ ਹੋਈ, ਜੋ ਮਾਪਿਆਂ ਦੇ ਘਰ 'ਵਿਠਲ' ਦੇ ਦਰਸ਼ਨ ਕਰਨ ਆਈ ਸੀ ਤੇ ਭਗਤੀ ਰੰਗ ਵਿਚ ਰੰਗੇ ਜਾਣ ਕਰਕੇ ਮੁੜ ਘਰ ਵਾਪਸ ਆ ਜਾਣ ਦਾ ਨਾਂ ਨਹੀਂ ਲੈਂਦੀ ਸੀ। ਜੈਨ ਬਾਈ ਨੇ ਕਈ ਕਹਾਣੀਆਂ ਤੇ ਕਵਿਤਾ ਲਿਖੀਆਂ ਹਨ। ਉਹ ਸਿਰਫ ਨਾਮਦੇਵ ਜੀ ਦੇ ਜੀਵਨ ਸਬੰਧੀ ਹੀ ਹਨ।

ਪੁੰਡਰਪੁਰ ਵਿਚ ਨਾਮਦੇਵ ਜੀ ਕੁਝ ਸਮਾਂ ਠਹਿਰੇ, ਰਾਜਾ ਬਾਈ ਭੀ ਨਾਲ ਹੀ ਸੀ। ਇਸ ਪਿੰਡ ਵਿਚ ਇਕ 'ਪਰਸਾ' ਨਾਮੇ ਪ੍ਰਸਿੱਧ ਬ੍ਰਾਹਮਣ ਰਹਿੰਦਾ ਸੀ। ਰੱਬ ਦੀ ਭਗਤੀ ਕਰਕੇ ਇਸ ਨੇ ਪਾਰਸ ਪ੍ਰਾਪਤ ਕੀਤਾ ਸੀ, ਇਸ ਲਈ ਇਸ ਦਾ ਨਾਮ 'ਪਰਸਾ' ਕਰਕੇ ਲੋਕਾਂ ਵਿਚ ਮਸ਼ਹੂਰ ਸੀ। ਮਰਹੱਟੀ ਪੁਸਤਕਾਂ ਵਿਚ ਲਿਖਿਆ ਹੈ ਕਿ ਇਕ ਦਿਨ ਪਰਸੇ ਦੀ ਇਸਤ੍ਰੀ ਦਰਿਆ ਤੋਂ ਪਾਣੀ ਲੈਣ ਗਈ, ਉਥੇ ਉਸ ਨੂੰ ਨਾਮਦੇਵ ਜੀ ਦੀ ਪਤਨੀ ਰਾਜਾ ਬਾਈ ਮਿਲ ਪਈ। ਗੱਲਾਂਬਾਤਾਂ ਕਰਦਿਆਂ ਰਾਜਾ ਬਾਈ ਨੇ ਉਸ ਅੱਗੇ ਘਰ ਦੀ ਗਰੀਬੀ ਦਾ ਦੁਖ ਰੋਇਆ। ਪਰਸੇ ਦੀ ਵਹੁਟੀ ਨੇ ਦੁਖ ਭਰੀ ਵਿਥਿਆ ਸੁਣ ਕੇ ਕਿਹਾ, ''ਸਾਡੇ ਪਾਸ ਇਕ ਪਾਰਸ ਹੈ, ਜੋ ਮੇਰੇ ਪਤੀ ਨੇ ਬੜੀ ਘਾਲਣਾ ਕਰਕੇ ਪ੍ਰਾਪਤ ਕੀਤਾ ਹੈ। ਤੂੰ ਉਹ ਮੇਰੇ ਪਾਸੋਂ ਲੈ ਜਾਵੀਂ ਤੇ ਲੋੜ ਅਨੁਸਾਰ ਸੋਨਾ ਬਣਾ ਕੇ ਮੋੜ ਦੇਵੀਂ।'' ਘਰ ਆ ਕੇ ਰਾਜਾ ਬਾਈ ਨੇ ਪਾਰਸ ਲਿਆਂਦਾ। ਜਦ ਸ੍ਰੀ ਨਾਮਦੇਵ ਜੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਪਾਰਸ ਲੈ ਕੇ ਨਦੀ ਵਿਚ ਸੁੱਟ ਦਿਤਾ। ਜਦ ਇਸ ਗੱਲ ਦਾ ਪਰਸੇ ਤੇ ਉਸ ਦੀ ਵਹੁਟੀ ਨੂੰ ਪਤਾ ਲੱਗਾ ਤਾਂ ਆ ਦੁਆਲੇ ਹੋਏ। ਸ੍ਰੀ ਨਾਮਦੇਵ ਜੀ ਨੂੰ ਪੁੱਛਣ ਲੱਗੇ, ''ਪਾਰਸ ਕਿਥੇ ਸੁੱਟਿਆ ਈ?''

ਆਪ ਨੇ ਕਿਹਾ, ''ਐਸ ਨਦੀ ਵਿਚ ਸੁਟਿਆ ਸੀ, ਤੁਸੀਂ ਟੁੱਭੀ ਮਾਰ ਕੇ ਲੱਭ ਲਓ।'' ਕਹਿੰਦੇ ਹਨ ਕਿ ਜਦ ਟੁੱਭੀਆਂ ਮਾਰੀਆਂ ਗਈਆਂ ਤਾਂ ਥੱਲਿਓਂ ਜਿਤਨੀਆਂ ਗੀਟੀਆਂ ਕੱਢੀਆਂ ਜਾਣ ਉਹ ਸਾਰੀਆਂ ਇਕੋ ਰੂਪ ਦੀਆਂ ਹੋਣ ਤੇ ਪਤਾ ਨਾ ਲੱਗੇ ਕਿ ਇਨ੍ਹਾਂ 'ਚੋਂ ਪਾਰਸ ਕਿਹੜਾ ਹੈ ਤੇ ਪੱਥਰ ਕਿਹੜਾ ਹੈ। ਉਸ ਸਮੇਂ ਸ੍ਰੀ ਨਾਮਦੇਵ ਜੀ ਨੇ ਉਪਦੇਸ਼ ਕੀਤਾ, ''ਮੇਰੇ ਮਿੱਤਰੋ! ਤੁਸੀਂ ਇਕ ਉਸ ਪੱਥਰ ਦੀ ਤਲਾਸ਼ ਵਿਚ ਟੱਕਰਾਂ ਪਏ ਮਾਰਦੇ ਹੋ, ਜਿਸ ਨੇ ਜੜ੍ਹ ਧਾਤਾਂ ਨੂੰ ਸੋਨਾ ਕਰਨਾ ਹੈ, ਪਰ ਮੈਂ ਉਹ ਪਾਰਸ (ਵਾਹਿਗੁਰੂ) ਲੱਭਾ ਹੈ, ਜੋ ਮਨੁੱਖਾਂ ਦੇ ਜੀਵਨ ਨੂੰ ਬਦਲ ਦੇਂਦਾ ਹੈ।'' ਇਹ ਸੁਣ ਕੇ ਲੋਕਾਂ ਨੇ ਸਮਝਿਆ ਕਿ ਸ੍ਰੀ ਨਾਮਦੇਵ ਜੀ ਦੀ ਭਗਤੀ ਸੱਚੀ ਤੇ ਨਿਸ਼ਕਾਮ ਹੈ।

ਇਕ ਵੇਰ ਸ੍ਰੀ ਨਾਮਦੇਵ ਜੀ ਕਿਤੇ ਬਾਹਰ ਗਏ ਹੋਏ ਸਨ, ਪਿੱਛੋਂ ਹਨ੍ਹੇਰੀ ਆ ਗਈ। ਹਨ੍ਹੇਰੀ ਨਾਲ ਆਪ ਦੀ ਛਪਰੀ ਡਿੱਗ ਪਈ। ਈਸ਼ਵਰ ਨੇ ਭਗਤ ਜੀ ਦੀ ਗੈਰ-ਹਾਜ਼ਰੀ ਵਿਚ ਛਪਰੀ ਬਣਵਾ ਦਿਤੀ। ਜਦ ਪਰਤ ਕੇ ਵਾਪਸ ਆਏ ਤਾਂ ਵਾਹਿਗੁਰੂ ਦਾ ਧੰਨਵਾਦ ਕਰਦੇ ਹਨ। ਇਕ ਗੁਆਂਢਣ ਛਪਰੀ ਦੀ ਸੁੰਦਰਤਾ ਵੇਖ ਕੇ ਪੁੱਛਦੀ ਹੈ, ਇਹ ਕਿਸੇ ਨੇ ਬਣਾਈ ਹੈ? ਉਸ ਨੂੰ ਉੱਤਰ ਦਿੰਦੇ ਹਨ –

*ਪਾੜ ਪੜੋਸਣਿ ਪੂਛਿ ਲੇ ਨਾਮਾ*
*ਕਾ ਪਹਿ ਛਾਨਿ ਛਵਾਈ ਹੋ ॥*
*ਤੋ ਪਹਿ ਦੁਗਣੀ ਮਜੂਰੀ ਦੈਹਉ*
*ਮੋ ਕਉ ਬੇਢੀ ਦੇਹੁ ਬਤਾਈ ਹੋ ॥ ੧ ॥*
*ਰੀ ਬਾਈ ਬੇਢੀ ਦੇਨੁ ਨ ਜਾਈ ॥*
*ਦੇਖੁ ਬੇਢੀ ਰਹਿਓ ਸਮਾਈ ॥*
*ਹਮਾਰੈ ਬੇਢੀ ਪ੍ਰਾਨ ਅਧਾਰਾ ॥ ੧ ॥ ਰਹਾਉ ॥*
*ਬੇਢੀ ਪ੍ਰੀਤਿ ਮਜੂਰੀ ਮਾਂਗੈ*
*ਜਉ ਕੋਊ ਛਾਨਿ ਛਵਾਵੈ ਹੋ ॥*
*ਲੋਗ ਕੁਟੰਬ ਸਭਹੁ ਤੇ ਤੋਰੈ*
*ਤਉ ਆਪਨ ਬੇਢੀ ਆਵੈ ਹੋ ॥ ੨ ॥*
*ਐਸੋ ਬੇਢੀ ਬਰਨਿ ਨ ਸਾਕਉ*
*ਸਭ ਅੰਤਰ ਸਭ ਠਾਂਈ ਹੋ ॥*
*ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ*
*ਪੂਛੇ ਕਹਨੁ ਨ ਜਾਈ ਹੋ ॥ ੩ ॥*
*ਬੇਢੀ ਕੇ ਗੁਣ ਸੁਨਿ ਰੀ ਬਾਈ*

*ਜਲਧਿ ਬਾਂਧਿ ਧ੍ਰੂ ਥਾਪਿਓ ਹੋ ॥*
*ਨਾਮੇ ਕੇ ਸੁਆਮੀ ਸੀਅ ਬਹੋਰੀ*
*ਲੰਕ ਭਭੀਖਣ ਆਪਿਓ ਹੋ ॥ ਅੰਗ - ੬੫੭*

ਪੁੰਡਰਪੁਰ ਵਿਖੇ ਇਕ ਗਿਆਨ ਦੇਵ ਵੇਦਾਂਤੀ ਸਾਧੂ ਸ੍ਰੀ ਨਾਮਦੇਵ ਜੀ ਨੂੰ ਮਿਲਿਆ, ਇਹ ਵਿਸ਼ੋਭਾ ਖੇਚਰ ਦਾ ਸ਼ਿਸ਼ ਸੀ। ਗਿਆਨ ਦੇਵ ਵੇਦਾਂਤੀ ਹੋਣ ਕਰਕੇ ਬਹੁਤਾ ਗਿਆਨ ਉਪਰ ਨਿਸਚਾ ਰੱਖਦਾ ਸੀ, ਪਰ ਸ੍ਰੀ ਨਾਮਦੇਵ ਜੀ ਪ੍ਰੇਮਾ-ਭਗਤੀ ਨੂੰ ਮੁੱਖ ਮੰਨਦੇ ਹਨ। ਦੋਹਾਂ ਦੀ ਗਿਆਨ ਗੋਸ਼ਟ ਹੁੰਦੀ ਰਹੀ। ਉਪਰੰਤ ਦੋਵੇਂ ਤੀਰਥ ਯਾਤਰਾ ਨੂੰ ਟੁਰ ਪਏ। ਫਿਰਦੇ-ਫਿਰਦੇ ਬਿਦਰ (ਵਰਤਮਾਨ ਆਂਧਰਾ) ਵਿਚ ਪੁੱਜੇ।

ਉਨ੍ਹਾਂ ਦਿਨਾਂ ਵਿਚ ਬਾਦਸ਼ਾਹ ਮੁਹੰਮਦ ਬਿਨ ਤੁਗ਼ਲਕ ਬਿਦਰ ਵਿਚ ਸੀ। ਜਦ ਉਸ ਨੇ ਲੋਕਾਂ ਕੋਲੋਂ ਸ੍ਰੀ ਨਾਮਦੇਵ ਜੀ ਬਾਬਤ ਬਹੁਤ ਅਸਚਰਜ ਗੱਲਾਂ ਸੁਣੀਆਂ ਤਾਂ ਆਪ ਨੂੰ ਪਕੜ ਮੰਗਾਇਆ ਤੇ ਕਿਹਾ ਕਿ ਜੇ ਤੂੰ ਸੱਚਾ ਭਗਤ ਹੈਂ ਤਾਂ ਕਰਾਮਾਤ ਦੱਸ। ਇਤਿਹਾਸ ਵਿਚ ਲਿਖਿਆ ਹੈ ਕਿ ਮੋਈ ਗਊ ਸ੍ਰੀ ਨਾਮਦੇਵ ਜੀ ਦੇ ਅੱਗੇ ਲਿਆ ਰੱਖੀ ਤੇ ਬਾਦਸ਼ਾਹ ਨੇ ਕਿਹਾ, "ਤੂੰ ਇਸ ਨੂੰ ਜ਼ਿੰਦਾ ਕਰ।" ਨਾਮਦੇਵ ਜੀ ਨੇ ਉੱਤਰ ਦਿਤਾ, "ਬਾਦਸ਼ਾਹ! ਰੱਬ ਜੋ ਕੁਝ ਕਰਦਾ ਹੈ, ਉਹੀ ਹੁੰਦਾ ਹੈ। ਮੇਰੇ ਆਖੇ ਗਊ ਕਿਵੇਂ ਜ਼ਿੰਦਾ ਹੋਵੇ?" ਇਹ ਉੱਤਰ ਸੁਣ ਕੇ ਬਾਦਸ਼ਾਹ ਨੂੰ ਬਹੁਤ ਕ੍ਰੋਧ ਆਇਆ। ਉਸ ਨੇ ਹੁਕਮ ਦਿਤਾ ਕਿ ਨਾਮਦੇਵ ਜੀ ਨੂੰ ਹੱਥਕੜੀਆਂ ਬੇੜੀਆਂ ਲਾ ਕੇ ਬੰਦੀਖਾਨੇ ਪਾ ਦਿਓ।

ਪਰ ਸ੍ਰੀ ਨਾਮਦੇਵ ਜੀ 'ਤੇ ਇਨ੍ਹਾਂ ਗੱਲਾਂ ਦਾ ਕੋਈ ਅਸਰ ਨਾ ਹੋਇਆ ਤਾਂ ਬਾਦਸ਼ਾਹ ਨੇ ਉਨ੍ਹਾਂ ਨੂੰ ਹਾਥੀ ਅੱਗੇ ਸੁੱਟਣ ਦਾ ਹੁਕਮ ਦਿਤਾ। ਜਦ ਭਗਤ ਜੀ ਨੂੰ ਹਾਥੀ ਅੱਗੇ ਸੁੱਟਿਆ ਗਿਆ ਤਾਂ ਉਸ ਨੇ ਚੋਟ ਨਾ ਕੀਤੀ। ਇਹ ਵੇਖ ਕੇ ਕਈਆਂ ਲੋਕਾਂ ਨੇ ਕਿਹਾ ਕਿ ਨਾਮਦੇਵ ਜੀ ਦੇ ਬਰਾਬਰ ਤੋਲ ਕੇ ਸੋਨਾ ਲੈ ਲਿਆ ਜਾਵੇ ਤੇ ਇਸ ਨੂੰ ਛੱਡ ਦਿਤਾ ਜਾਵੇ, ਪਰ ਬਾਦਸ਼ਾਹ ਨੇ ਇਹ ਗੱਲ ਨਾ ਮੰਨੀ। 'ਪਾਪੀ ਕੈ ਮਾਰਨੇ ਕੋ ਪਾਪ ਮਹਾਂ ਬਲੀ ਹੈ' ਦੇ ਕਥਨ ਅਨੁਸਾਰ ਬਾਦਸ਼ਾਹ ਨੂੰ ਉਸ ਦੀ ਕਰਨੀ ਦਾ ਫਲ ਮਿਲਿਆ। ਜਦ ਉਹ ਮਹਿਲਾਂ ਵਿਚ ਗਿਆ ਤਾਂ ਬੀਮਾਰ ਹੋ ਗਿਆ। ਵਜ਼ੀਰਾਂ ਉਮਰਾਵਾਂ ਨੇ ਉਸ ਨੂੰ ਕਿਹਾ ਕਿ ਇਹ ਨਾਮਦੇਵ ਵਰਗੇ ਭਗਤ ਉਪਰ ਜ਼ੁਲਮ ਕਰਨ ਦਾ ਫਲ ਹੈ। ਇਹ ਸੁਣ ਕੇ ਬਾਦਸ਼ਾਹ ਨੇ ਨਾਮਦੇਵ ਜੀ ਨੂੰ ਰਿਹਾਅ ਕਰਨ ਦਾ ਹੁਕਮ ਦਿਤਾ। ਪੁਰਾਣੇ ਗ੍ਰੰਥਾਂ ਵਿਚ ਇਹ ਭੀ ਲਿਖਿਆ ਹੈ ਕਿ ਸ੍ਰੀ ਨਾਮਦੇਵ ਜੀ ਨੇ ਰੱਬ ਅੱਗੇ ਗਊ ਜ਼ਿੰਦਾ ਕਰਨ ਦੀ ਅਰਦਾਸ ਕੀਤੀ, ਜੋ ਪਰਵਾਨ ਹੋਈ।

ਸ੍ਰੀ ਨਾਮਦੇਵ ਜੀ ਨੇ ਇਸ ਬਿਰਤਾਂਤ ਨੂੰ ਇਸ ਸ਼ਬਦ ਵਿਚ ਕਥਨ ਕੀਤਾ ਹੈ -

*ਸੁਲਤਾਨੁ ਪੂਛੈ ਸੁਨੁ ਬੇ ਨਾਮਾ ॥*
*ਦੇਖਉ ਰਾਮੁ ਤੁਮ੍ਹਾਰੇ ਕਾਮਾ ॥ ੧ ॥*
*ਨਾਮਾ ਸੁਲਤਾਨੇ ਬਾਧਿਲਾ ॥*
*ਦੇਖਉ ਤੇਰਾ ਹਰਿ ਬੀਠੁਲਾ ॥ ੧ ॥ ਰਹਾਉ ॥*
*ਬਿਸਮਿਲਿ ਗਊ ਦੇਹੁ ਜੀਵਾਇ ॥*
*ਨਾਤਰੁ ਗਰਦਨਿ ਮਾਰਉ ਠਾਂਇ ॥ ਅੰਗ - ੧੧੬੫*

ਸ੍ਰੀ ਨਾਮਦੇਵ ਤੇ ਗਿਆਨ ਦੇਵ ਨੇ ਮਿਲ ਕੇ ਕਈ ਤੀਰਥਾਂ ਦੀ ਯਾਤਰਾ ਕੀਤੀ। ਕਾਸ਼ੀ, ਪ੍ਰਾਗ, ਅਯੁੱਧਿਆ, ਗਯਾ, ਮਥੁਰਾ, ਬਿੰਦਰਾਬਨ, ਜਗਨਨਾਥ ਤੇ ਦਵਾਰਕਾ ਆਦਿ ਅਸਥਾਨਾਂ 'ਤੇ ਗਏ। ਉਨ੍ਹਾਂ ਰਾਮੇਸ਼ਵਰ ਤੇ ਓਅੰਕਾਰ ਦਾ ਮੰਦਰ ਭੀ ਦੇਖਿਆ। ਜਦ ਨਾਮਦੇਵ ਜੀ ਕਲਪਧਾਰਾ ਵਿਖੇ ਪੁੱਜੇ ਤਾਂ ਉਥੇ ਮੰਦਰ ਵਿਚ ਗਏ। ਆਪ ਬੜੇ ਪ੍ਰੇਮ ਨਾਲ ਰੱਬ ਦਾ ਭਜਨ ਤੇ ਕੀਰਤਨ ਕਰਨ ਲੱਗੇ। ਆਪ ਦੇ ਸ਼ਬਦ ਸੁਣ ਕੇ ਬਹੁਤ ਸਾਰੇ ਲੋਕ ਇਕੱਠੇ ਹੋ ਗਏ। ਪਾਂਡਿਆਂ ਨੂੰ ਇਹ ਗੱਲ ਬੁਰੀ ਲੱਗੀ। ਮੰਦਰ ਦੇ ਪੁਜਾਰੀਆਂ ਨੇ ਨਾਮਦੇਵ ਜੀ ਨੂੰ ਕਿਹਾ, "ਇਥੋਂ ਚਲਿਆ ਜਾ, ਛੋਟੀ ਜ਼ਾਤ ਦਾ ਹੋ ਕੇ ਸਾਡੇ ਮੰਦਰ ਨੂੰ ਅਪਵਿੱਤਰ ਨਾ ਕਰ।"

ਨਾਮਦੇਵ ਜੀ ਨੇ ਕਿਹਾ, "ਰੱਬ ਦੇ ਘਰ ਵਿਚ ਕੋਈ ਊਚ-ਨੀਚ ਨਹੀਂ।" ਪਰ ਪੁਜਾਰੀ ਕਦ ਮੰਨਣ ਵਾਲੇ ਸਨ, ਉਨ੍ਹਾਂ ਨੇ ਨਾਮਦੇਵ ਜੀ ਨੂੰ ਧਿੰਙੋਜ਼ੋਰੀ ਮੰਦਰ 'ਚੋਂ ਬਾਹਰ ਕੱਢ ਦਿਤਾ, ਆਪ ਪਿਛਵਾੜੇ ਜਾ ਬੈਠੇ ਤੇ ਵਾਹਿਗੁਰੂ ਪਾਸ ਇਹ ਬੇਨਤੀ ਕੀਤੀ -

*ਮੋ ਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ ॥*
*ਤੂ ਨ ਬਿਸਾਰੇ ਰਾਮਈਆ ॥ ੧ ॥ ਰਹਾਉ ॥*
*ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ ॥*
*ਸੂਦੁ ਸੂਦੁ ਕਰਿ ਮਾਰਿ ਉਠਾਇਓ*
*ਕਹਾ ਕਰਉ ਬਾਪ ਬੀਠੁਲਾ ॥ ੧ ॥*
*ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ ॥*
*ਏ ਪੰਡੀਆ ਮੋ ਕਉ ਢੇਢ ਕਹਤ*
*ਤੇਰੀ ਪੈਜ ਪਿਛੰਉਡੀ ਹੋਇਲਾ ॥ ਅੰਗ - ੧੨੯੨*

*(ਬਾਕੀ ਪੰਨਾ 56 'ਤੇ)*

# ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ

*ਡਾ. ਜਗਜੀਤ ਸਿੰਘ*
*ਚੀਫ ਐਡੀਟਰ, ਆਤਮ ਮਾਰਗ*

### *ਕਾਹੇ ਰੇ ਬਨ ਖੋਜਨ ਜਾਈ*

ਗੁਰਬਾਣੀ ਦਾ ਇਹ ਵਾਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਰਾਗ ਧਨਾਸਰੀ ਵਿਚ ਉਚਾਰਨ ਕੀਤੇ ਹੋਏ ਸ਼ਬਦ ਦੀਆਂ 'ਰਹਾਉ' ਦੀਆਂ ਪੰਕਤੀਆਂ ਵਿਚੋਂ ਹੈ। ਪੂਰੀ ਪੰਕਤੀ ਇਸ ਪ੍ਰਕਾਰ ਹੈ -

*ਕਾਹੇ ਰੇ ਬਨ ਖੋਜਨ ਜਾਈ ॥*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥*
*ਅੰਗ - ੬੮੪*

ਭਾਵ ਇਹ ਹੈ ਕਿ ਹੇ ਭਾਈ! ਤੂੰ ਪ੍ਰਮਾਤਮਾ ਨੂੰ ਭਾਲਣ ਲਈ ਜੰਗਲਾਂ ਬੀਆਬਾਨਾਂ ਵਿਚ ਕਿਉਂ ਭਟਕਦਾ ਫਿਰਦਾ ਹੈਂ। ਪ੍ਰਮਾਤਮਾ ਤਾਂ 'ਸਰਬ ਨਿਵਾਸੀ' ਹੈ, ਉਸ ਦਾ ਵਾਸਾ ਹਰ ਥਾਂ ਹੈ, ਮਾਇਆ ਤੋਂ ਨਿਰਲੇਪ ਪ੍ਰਭੂ ਆਪ ਹੀ ਸਰਗੁਣ ਅਤੇ ਆਪ ਹੀ ਨਿਰਗੁਣ ਹੈ। ਗੁਰਵਾਕ ਹੈ -

*ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥*
*ਕਲਾ ਧਾਰਿ ਜਿਨਿ ਸਗਲੀ ਮੋਹੀ ॥ ਅੰਗ - ੨੮੭*

ਐਸਾ ਪ੍ਰਮਾਤਮਾ ਤੇਰੇ ਅੰਗ ਸੰਗ ਵਸਦਾ ਹੈ, ਤੇਰੇ ਨਾਲ ਰਹਿੰਦਾ ਹੈ, ਉਸ ਦਾ ਟਿਕਾਣਾ ਤੇਰੇ ਹਿਰਦੇ ਵਿਚ ਹੈ। ਤੂੰ ਉਸ ਨੂੰ ਜੰਗਲਾਂ ਵਿਚ ਨਹੀਂ, ਆਪਣੇ ਹਿਰਦੇ ਵਿਚ ਟੋਲ। ਇਹ ਸੋਝੀ ਕਿਵੇਂ ਆਏ ਕਿ ਪ੍ਰਭੂ ਜੀਵ ਦੇ ਅੰਗ ਸੰਗ ਵਸਦਾ ਹੈ? ਇਸੇ ਸ਼ਬਦ ਦੀਆਂ ਅਗਲੀਆਂ ਪੰਕਤੀਆਂ ਵਿਚ ਦੋ ਉਦਾਹਰਣਾਂ ਦੇ ਕੇ ਸਪੱਸ਼ਟ ਕੀਤਾ ਹੈ। ਪਹਿਲੀ ਉਦਾਹਰਣ ਫੁੱਲ ਅਤੇ ਉਸ ਵਿਚ ਵਸਦੀ ਸੁਗੰਧ ਦੀ ਹੈ। ਫੁੱਲ ਦਿਸਦਾ ਹੈ ਪਰ ਸੁਗੰਧੀ ਦਿਸਦੀ ਨਹੀਂ ਪਰ ਫੁੱਲ ਵਿਚ ਸੁਗੰਧੀ ਦੀ ਮੌਜੂਦਗੀ ਤੋਂ ਤਾਂ ਕੋਈ ਮੁਨਕਰ ਨਹੀਂ ਹੋ ਸਕਦਾ? ਸਾਰੇ ਮੰਨਦੇ ਹਨ ਕਿ ਫੁੱਲਾਂ ਵਿਚ ਸੁਗੰਧੀ ਹੁੰਦੀ ਹੈ, ਇਸ ਨੂੰ ਸੁੰਘਿਆ ਜਾ ਸਕਦਾ ਹੈ, ਮਹਿਸੂਸ ਕੀਤਾ ਜਾ ਸਕਦਾ ਹੈ ਪਰ ਸੁਗੰਧੀ ਦ੍ਰਿਸ਼ਟਮਾਨ ਨਹੀਂ ਹੁੰਦੀ। ਤਿਵੇਂ ਹੀ ਪ੍ਰਮਾਤਮਾ ਦ੍ਰਿਸ਼ਟਮਾਨ ਵਿਸ਼ਵ ਵਿਚ ਅਦ੍ਰਿਸ਼ਟ ਰੂਪ ਵਿਚ ਵਿਆਪਕ ਹੋ ਰਿਹਾ ਹੈ। ਦੂਜੀ ਉਦਾਹਰਣ ਸ਼ੀਸ਼ੇ ਦੀ ਹੈ ਜਿਸ ਵਿਚੋਂ ਸਨਮੁਖ ਹੋਣ ਵਾਲੇ ਦਾ ਅਕਸ ਵੇਖਿਆ ਜਾ ਸਕਦਾ ਹੈ। ਪਰ ਸ਼ਰਤ ਇਹ ਹੈ ਕਿ ਸ਼ੀਸ਼ਾ ਸਾਫ ਹੋਵੇ ਤਾਂ ਹੀ ਅਕਸ ਦਿਸੇਗਾ। ਮਨ ਆਤਮਾ ਦਾ ਸ਼ੀਸ਼ਾ ਵਿਸ਼ੇ ਵਿਕਾਰਾਂ ਦੀ ਮੈਲ ਤੋਂ ਸਾਫ ਹੋਵੇ, ਵੈਰ-ਵਿਰੋਧ, ਈਰਖਾ, ਨਫਰਤ ਤੋਂ ਪਾਕ ਹੋਵੇ, ਦ੍ਵੈਤ ਭਾਵ ਤੋਂ ਮੁਕਤ ਹੋਵੇ ਤਾਂ ਇਸ ਵਿਚੋਂ ਪ੍ਰਮਾਤਮਾ ਦਾ ਅਕਸ ਦਿਸ ਪੈਂਦਾ ਹੈ। ਫੁੱਲ ਵਿਚ ਵਸਦੀ ਸੁਗੰਧੀ ਵਾਂਗ ਅਤੇ ਸ਼ੀਸ਼ੇ ਵਿਚ ਵਿਆਪਕ ਅਕਸ ਵਾਂਗ ਪ੍ਰਮਾਤਮਾ ਇਕ-ਰਸ, ਸਭਨੀ ਥਾਂਈ ਅਤੇ ਸਭਨਾਂ ਦੇ ਅੰਦਰ ਵਸਦਾ ਹੈ। ਇਸ ਲਈ ਬਾਹਰ ਟੋਲ੍ਹਣ ਦੀ ਬਜਾਏ, ਉਸ ਨੂੰ ਆਪਣੇ ਹਿਰਦੇ ਵਿਚ ਲੱਭੋ। ਫੁਰਮਾਨ ਹੈ -

*ਪੁਹਪ ਮਧਿ ਜਿਉ ਬਾਸੁ ਬਸਤੁ ਹੈ*
*ਮੁਕਰ ਮਾਹਿ ਜੈਸੇ ਛਾਈ ॥*
*ਤੈਸੇ ਹੀ ਹਰਿ ਬਸੇ ਨਿਰੰਤਰਿ*
*ਘਟ ਹੀ ਖੋਜਹੁ ਭਾਈ ॥ ਅੰਗ - ੬੮੪*

ਗੁਰਬਾਣੀ ਵਿਚ ਪ੍ਰਭੂ ਦੀ ਸਰਬ-ਵਿਆਪਕਤਾ ਦੀਆਂ ਦੋ ਉਦਾਹਰਣਾਂ ਹੋਰ ਵੀ ਪ੍ਰਾਪਤ ਹੁੰਦੀਆਂ ਹਨ। ਜਿਵੇਂ ਸਾਰੀ ਬਨਸਪਤੀ ਵਿਚ ਲੁਕਵੇਂ ਤੌਰ ਤੇ ਅੱਗ ਮੌਜੂਦ ਹੈ, ਭਾਵੇਂ ਅੱਖਾਂ ਨੂੰ ਦਿਸਦੀ ਨਹੀਂ ਪਰ ਵਿਸ਼ੇਸ਼ ਢੰਗ ਨਾਲ ਪ੍ਰਗਟ ਕੀਤੀ ਜਾ ਸਕਦੀ ਹੈ। ਜਿਵੇਂ ਦੁੱਧ ਵਿਚ ਘਿਉ ਮੌਜੂਦ ਹੁੰਦਾ ਹੈ ਪਰ ਦਿਖਦਾ ਨਹੀਂ। ਪਰ ਦੁੱਧ ਦੀ ਦਹੀਂ ਅਤੇ ਦਹੀਂ ਰਿੜਕ ਕੇ ਮੱਖਣ ਅਤੇ ਮੱਖਣ ਤੋਂ ਘਿਉ ਬਣਾਇਆ ਜਾ ਸਕਦਾ ਹੈ। ਤਿਵੇਂ ਹੀ ਪ੍ਰਭੂ ਸਭਨੀ ਥਾਂਈ ਅਤੇ ਉਚੇ ਨੀਵੇਂ ਸਭਨਾ ਮਨੁੱਖਾਂ ਵਿਚ ਵਸਦਾ ਹੈ ਤੇ ਪ੍ਰਗਟ ਕੀਤਾ ਜਾ ਸਕਦਾ ਹੈ। ਪੰਚਮ ਪਾਤਸ਼ਾਹ ਦਾ ਫੁਰਮਾਨ ਹੈ -

*ਸਗਲ ਬਨਸਪਤਿ ਮਹਿ ਬੈਸੰਤਰੁ*
*ਸਗਲ ਦੂਧ ਮਹਿ ਘੀਆ ॥*
*ਊਚ ਨੀਚ ਮਹਿ ਜੋਤਿ ਸਮਾਣੀ*
*ਘਟਿ ਘਟਿ ਮਾਧਉ ਜੀਆ ॥ ੧ ॥*
*ਸੰਤਹੁ ਘਟਿ ਘਟਿ ਰਹਿਆ ਸਮਾਹਿਓ ॥ ਅੰਗ - ੬੧੭*

ਬਾਬਾ ਫਰੀਦ ਜੀ ਨੇ ਸਹੀ ਫੁਰਮਾਨ ਕੀਤਾ ਹੈ-

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ*
*ਵਣਿ ਕੰਡਾ ਮੋੜੇਹਿ ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥*
*ਅੰਗ - ੧੩੭੮*

ਸ਼ਬਦ ਦੇ ਦੂਜੇ ਪਦ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਇਸ ਵਿਚਾਰ ਨੂੰ ਅੱਗੇ ਤੋਰਦੇ ਹੋਏ ਫੁਰਮਾਨ ਕਰਦੇ ਹਨ -

*ਬਾਹਰਿ ਭੀਤਰਿ ਏਕੋ ਜਾਨਹੁ*
*ਇਹੁ ਗੁਰ ਗਿਆਨੁ ਬਤਾਈ ॥*
*ਜਨ ਨਾਨਕ ਬਿਨੁ ਆਪਾ ਚੀਨੈ*
*ਮਿਟੈ ਨ ਭ੍ਰਮ ਕੀ ਕਾਈ ॥ ਅੰਗ - ੬੮੪*

ਗੁਰੂ ਜੀ ਦਾ ਆਤਮਿਕ ਗਿਆਨ ਇਹ ਸੋਝੀ ਬਖਸ਼ਦਾ ਹੈ ਕਿ ਆਪਣੇ ਸਰੀਰ ਦੇ ਅੰਦਰ ਤਾਂ ਉਸ ਦੀ ਭਾਲ ਕਰਨੀ ਹੀ ਹੈ, ਸਰੀਰ ਤੋਂ ਬਾਹਰ ਵੀ ਹਰ ਥਾਂ ਉਸ ਨੂੰ ਵਿਆਪਕ ਅਤੇ ਭਰਪੂਰ ਵੇਖੋ। ਪਰ ਅੰਦਰ ਬਾਹਰ ਇਕ ਨੂੰ ਵੇਖਣ ਦੀ ਅਵਸਥਾ 'ਆਪਾ ਚੀਨਣ' ਨਾਲ ਪ੍ਰਾਪਤ ਹੁੰਦੀ ਹੈ। ਆਤਮਿਕ ਸੂਝ ਨਾਲ ਇਹ ਦ੍ਰਿਸ਼ਟੀ ਮਿਲਦੀ ਹੈ। ਨਹੀਂ ਤਾਂ ਮਨ ਉਤੇ ਦ੍ਵੈਤ ਦੀ ਕਾਈ ਜਮੀ ਰਹਿੰਦੀ ਹੈ। ਜਿਵੇਂ ਪਾਣੀ ਉਪਰ ਜੰਮੀ ਕਾਈ ਨਿਰਮਲ ਜਲ ਨੂੰ ਢੱਕ ਲੈਂਦੀ ਹੈ, ਦ੍ਰਿਸ਼ਟਮਾਨ ਨਹੀਂ ਹੋਣ ਦਿੰਦੀ ਤਿਵੇਂ ਹੀ ਮਨ ਉਪਰ ਪਏ ਭਰਮਾਂ ਦੇ ਜਾਲੇ ਨੂੰ ਦੂਰ ਕੀਤੇ ਬਿਨਾਂ ਸਰਬ ਵਿਆਪਕ ਅੰਦਰ ਬਾਹਰ ਵਸਦੇ ਪ੍ਰਭੂ ਦੇ ਦਰਸ਼ਨ ਦੀਦਾਰ ਨਹੀਂ ਹੋ ਸਕਦੇ। ਹੈ ਤਾਂ ਉਹ ਸਰਬ ਵਿਆਪਕ ਪਰ ਦਿਸਦਾ ਨਹੀਂ, ਹੈ ਨਿਕਟ ਪਰ ਜਾਪਦਾ ਦੂਰ ਹੈ। ਗੁਰ ਫੁਰਮਾਨ ਹੈ -

*ਨਿਕਟਿ ਸੁਨਉ ਅਰੁ ਪੇਖਉ ਨਾਹੀ*
*ਭਰਮਿ ਭਰਮਿ ਦੁਖ ਭਰੀਆ ॥*
*ਹੋਇ ਕ੍ਰਿਪਾਲ ਗੁਰ ਲਾਹਿ ਪਾਰਦੋ*
*ਮਿਲਉ ਲਾਲ ਮਨੁ ਹਰੀਆ ॥ ਅੰਗ - ੧੨੦੯*

ਜਦੋਂ ਪ੍ਰਭੂ ਨੇ ਆਪਣੇ ਆਪ ਤੋਂ ਸ੍ਰਿਸ਼ਟੀ ਦੀ ਰਚਨਾ ਕੀਤੀ ਤਾਂ ਉਸ ਨੇ ਹਰ ਕਿਰਤ ਵਿਚ ਆਪਣਾ ਆਸਣ ਜਮਾ ਲਿਆ। ਪਵਿੱਤਰ ਫੁਰਮਾਨ ਹੈ -

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥*
*ਅੰਗ - ੪੬੩*

ਦ੍ਰਿਸ਼ਟਮਾਨ ਜਗਤ ਉਸ ਦਾ ਹੀ ਰੂਪ ਹੈ। ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ -

*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥*
*ਅੰਗ - ੯੨੨*

ਦਿਬ ਦ੍ਰਿਸ਼ਟੀ ਵਾਲਿਆਂ ਨੂੰ ਤਾਂ ਪ੍ਰਤੱਖ ਦਿਸਦਾ ਹੈ ਪਰ ਦੂਜਿਆਂ ਨੂੰ ਨਹੀਂ ਦਿਸਦਾ। ਬੁਲ੍ਹੇ ਸ਼ਾਹ ਨੇ ਠੀਕ ਹੀ ਕਿਹਾ ਸੀ -

*ਸ਼ਹੁ ਅਸਾਥੋਂ ਵਖ ਨਹੀਂ ਪਰ ਵੇਖਣ ਵਾਲੀ ਅੱਖ ਨਹੀਂ।*

ਸ਼ਾਇਦ ਉਹ ਨੇਤਰ ਹੋਰ ਹਨ ਜਿਨ੍ਹਾਂ ਰਾਹੀਂ ਉਹ ਸਰਬ ਵਿਆਪਕ ਦਿਸ ਆਉਂਦਾ ਹੈ -

*ਨਾਨਕ ਸੇ ਅਖੜੀਆਂ ਬਿਅੰਨਿ*
*ਜਿਨੀ ਡਿਸੰਦੋ ਮਾ ਪਿਰੀ ॥ ਅੰਗ - ੫੭੭*

ਦ੍ਵੈਤ-ਭਾਵ ਦੂਰ ਹੋਣ ਤੇ ਹੀ ਐਸੀ ਦ੍ਰਿਸ਼ਟੀ ਮਿਲਦੀ ਹੈ ਜਿਸ ਨਾਲ ਪ੍ਰਭੂ ਸਰਬ ਭਰਪੂਰ ਦਿਸ ਆਉਂਦਾ ਹੈ। ਜੋ ਅੱਖਾਂ ਵਿਚ ਭਰਮ ਦਾ ਜਾਲਾ ਹੋਵੇ ਤਾਂ ਪ੍ਰਭੂ ਦੂਰ ਹੀ ਦਿਸਦਾ ਹੈ। ਇਸ ਜਾਲੇ ਨੂੰ ਕੇਵਲ ਸਤਿਗੁਰੂ ਹੀ ਦੂਰ ਕਰਨ ਦੇ ਸਮਰੱਥ ਹਨ। ਪਵਿੱਤਰ ਫੁਰਮਾਨ ਹੈ -

*ਜਿਚਰੁ ਦੂਜਾ ਭਰਮੁ ਸਾ ਅੰਮਾਲੀ*
*ਤਿਚਰੁ ਮੈ ਜਾਣਿਆ ਪ੍ਰਭੁ ਦੂਰੇ ॥*
*ਜਾ ਮਿਲਿਆ ਪੂਰਾ ਸਤਿਗੁਰੂ ਅੰਮਾਲੀ*
*ਤਾ ਆਸਾ ਮਨਸਾ ਸਭ ਪੂਰੇ ॥*
*ਮੈ ਸਰਬ ਸੁਖਾ ਸੁਖ ਪਾਇਆ*
*ਅੰਮਾਲੀ ਪਿਰੁ ਸਰਬ ਰਹਿਆ ਭਰਪੂਰੇ ॥ ਅੰਗ - ਪ੬੪*

ਦ੍ਵੈਤ ਭਾਵ ਦੂਰ ਕਰ ਕੇ ਮਨੁੱਖ ਅਦ੍ਵੈਤ ਅਵਸਥਾ ਵਿਚ ਆ ਜਾਂਦਾ ਹੈ ਜਿਸ ਅਵਸਥਾ ਵਿਚ ਮੈਂ, ਮੇਰੀ, ਮੁੱਕ ਜਾਂਦੀ ਹੈ, 'ਹਉਮੈ' ਵਿਨਾਸ ਹੋ ਜਾਂਦੀ ਹੈ, ਸੱਚ ਸਰੂਪ '੧ਓ' ਹੀ ਸਰਬ ਵਿਆਪਕ ਦਿਸਦਾ ਹੈ ਜੋ ਸਦੀਵ ਸੱਚ ਹੈ, ਰਚਨਾ ਤੋਂ ਪਹਿਲਾਂ, ਰਚਨਾ ਦੀ ਆਰੰਭਤਾ ਸਮੇਂ ਹੁਣ ਵਰਤਮਾਨ ਵਿਚ ਅਤੇ ਆਉਣ ਵਾਲੇ ਕਾਲ ਵਿਚ ਅਤੇ ਕਾਲ ਵਿਨਾਸ਼ ਹੋਣ ਤੇ ਵੀ ਸਦਾ ਸੱਚ ਸਰੂਪ ਰਹਿੰਦਾ ਹੈ ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਸਾਹਿਬ ਦੇ ਪਹਿਲੇ ਸਲੋਕ ਵਿਚ 'ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥' ਕਿਹਾ ਹੈ।

ਬ੍ਰਹਮ ਗਿਆਨੀ ਨੂੰ ਅੰਦਰ ਬਾਹਰ ਹਰ ਪਾਸੇ ਇਕੋ ਬ੍ਰਹਮ ਹੀ ਦਿਸਦਾ ਹੈ, ਹਰ ਪਾਸੇ ਬ੍ਰਹਮ ਦਾ ਅਨਹਦ ਨਾਦ ਹੀ ਸੁਣਾਈ ਦਿੰਦਾ ਹੈ, ਪ੍ਰਭੂ ਦੇ ਆਤਮ

ਪਸਾਰੇ ਤੋਂ ਬਿਨਾਂ ਹੋਰ ਕੁਝ ਦਿਸਦਾ ਹੀ ਨਹੀਂ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*
*ਅੰਗ - ੮੪੬*

ਸ੍ਰੀ ਗੁਰੂ ਨਾਨਕ ਦੇਵ ਜੀ ਐਸੇ ਸਰਬ ਵਿਆਪਕ, ਸਰਬ ਕ੍ਰਿਆਸ਼ੀਲ, ਸਰਬ ਭਰਪੂਰ ਪ੍ਰਭੂ ਦਾ ਜ਼ਿਕਰ ਕਰਦੇ ਕਹਿੰਦੇ ਹਨ ਕਿ ਐਸਾ ਪਿਆਰ ਸਰੂਪ ਪ੍ਰਭੂ ਆਪ ਹੀ ਰਸ ਭਰਿਆ ਪਦਾਰਥ ਹੈ, ਆਪ ਹੀ ਉਸ ਵਿਚ ਰਸ ਹੈ, ਆਪ ਹੀ ਉਸ ਨੂੰ ਰਸ ਮਾਣਨ ਵਾਲਾ ਹੈ। ਮਾਛੀ, ਮਛਲੀ, ਜਾਲ ਆਪ ਹੀ ਹੈ। ਆਪ ਹੀ ਸਰੋਵਰ ਹੈ, ਆਪ ਹੀ ਹੰਸ ਹੈ। ਸੂਰਜ ਦੀ ਕਿਰਨ ਨਾਲ ਖਿੜਨ ਵਾਲਾ ਕੌਲ ਫੁੱਲ ਭੀ ਤੂੰ ਹੈ ਤੇ ਚੰਨ ਦੇ ਚਾਨਣ ਵਿਚ ਖਿੜਨ ਵਾਲੀ ਕੰਮੀ ਭੀ ਤੂੰ ਹੀ ਹੈ। ਫੁਰਮਾਨ ਹੈ -

*ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥*
*ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥ ॥ ੧ ॥*
*ਰੰਗਿ ਰਤਾ ਮੇਰਾ ਸਾਹਿਬੁ*
*ਰਵਿ ਰਹਿਆ ਭਰਪੂਰਿ ॥ ੧ ॥ ਰਹਾਉ ॥*
*ਅੰਗ - ੨੩*

ਐਸੀ ਸਰਬ ਭਰਪੂਰ, ਸਰਬ ਵਿਆਪਕ ਪ੍ਰਭੂ ਦੀ ਮਨ ਮੰਦਰ ਦੀ ਥਾਂ ਜੰਗਲਾਂ ਵਿਚ ਵਿਅਰਥ ਭਾਲ ਕਰਨ ਵਾਲਿਆਂ ਨੂੰ ਹੀ ਗੁਰੂ ਜੀ ਦਾ ਇਹ ਫੁਰਮਾਨ ਸੰਬੋਧਿਤ ਹੈ -

*ਕਾਹੇ ਰੇ ਬਨ ਖੋਜਨ ਜਾਈ॥ ਅੰਗ - ੬੮੪*

---

*(ਪੰਨਾ 53 ਦੀ ਬਾਕੀ)*

*ਹਸਤ ਖੇਲਤ ਤੇਰੇ ਦੇਹੁਰੇ ਆਇਆ ॥*
*ਭਗਤਿ ਕਰਤ ਨਾਮਾ ਪਕਰਿ ਉਠਾਇਆ ॥ ੧ ॥*
*ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥*
*ਛੀਪੇ ਕੇ ਜਨਮਿ ਕਾਹੇ ਕਉ ਆਇਆ ॥ ੧ ॥ ਰਹਾਉ ॥ ਲੈ ਕਮਲੀ ਚਲਿਓ ਪਲਟਾਇ ॥*
*ਦੇਹੁਰੈ ਪਾਛੈ ਬੈਠਾ ਜਾਇ ॥ ੨ ॥*
*ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥*
*ਭਗਤ ਜਨਾਂ ਕਉ ਦੇਹੁਰਾ ਫਿਰੈ ॥ ਅੰਗ - ੧੧੬੪*

ਸ੍ਰੀ ਨਾਮਦੇਵ ਜੀ ਮੰਦਰ ਦੇ ਪਿਛਲੇ ਪਾਸੇ ਜਾ ਬੈਠੇ। ਕਹਿੰਦੇ ਹਨ, ਭਗਵਾਨ ਦਾ ਮੂੰਹ ਉਧਰ ਹੋ ਗਿਆ। ਲੋਕੀਂ ਭੀ ਉਧਰ ਉਲਟ ਪਏ। ਇਕ ਸਾਖੀ ਹੈ ਕਿ ਦਵਾਰਕਾ ਵਿਚ ਇਕ ਪਠਾਣ ਨੇ ਭਗਤ ਨਾਮਦੇਵ ਜੀ ਨੂੰ ਵਗਾਰੀ ਪਕੜ ਲਿਆ। ਉਸ ਨੇ ਆਪ ਦੇ ਸਿਰ 'ਤੇ ਭਾਰ ਚੁਕਾਇਆ, ਆਪ ਉਪਰ ਸਖ਼ਤੀ ਕੀਤੀ। ਇਸ ਗੱਲ ਨੂੰ ਵਾਹਿਗੁਰੂ ਦੀ ਰਜ਼ਾ ਮੰਨ ਕੇ ਆਪ ਨੇ ਇਹ ਸ਼ਬਦ ਉਚਾਰਣ ਕੀਤਾ -

*ਹਲੇ ਯਾਰਾਂ ਹਲੇ ਯਾਰਾਂ ਖੁਸਿਖਬਰੀ ॥*
*ਬਲਿ ਬਲਿ ਜਾਂਉ ਹਉ ਬਲਿ ਬਲਿ ਜਾਂਉ ॥*
*ਨੀਕੀ ਤੇਰੀ ਬਿਗਾਰੀ ਆਲੇ ਤੇਰਾ ਨਾਉ ॥ ੧ ॥ ਰਹਾਉ ॥*
*ਕੁਜਾ ਆਮਦ ਕੁਜਾ ਰਫਤੀ ਕੁਜਾ ਮੇ ਰਵੀ ॥*
*ਦ੍ਵਾਰਿਕਾ ਨਗਰੀ ਰਾਸਿ ਬੁਗੋਈ ॥ ੧ ॥*
*ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ ॥*
*ਦ੍ਵਾਰਿਕਾ ਨਗਰੀ ਕਾਹੇ ਕੇ ਮਗੋਲ ॥ ੨ ॥*
*ਚੰਦੀ ਹਜਾਰ ਆਲਮ ਏਕਲ ਖਾਨਾਂ ॥*
*ਹਮ ਚਿਨੀ ਪਾਤਿਸਾਹ ਸਾਂਵਲੇ ਬਰਨਾਂ ॥ ੩ ॥*
*ਅਸਪਤਿ ਗਜਪਤਿ ਨਰਹ ਨਰਿੰਦ ॥*
*ਨਾਮੇ ਕੇ ਸ੍ਵਾਮੀ ਮੀਰ ਮੁਕੰਦ ॥ ਅੰਗ - ੭੨੭*

ਭਾਵ, ਹੇ ਮਿੱਤਰ, ਹੇ ਸੱਜਣ, ਆਪਣੀ ਪ੍ਰਸੰਨਤਾ ਦੀ ਖ਼ਬਰ ਦਿਉ। ਖੁਸ਼ ਹੋ? ਮੈਂ ਤੈਥੋਂ ਕੁਰਬਾਨ ਜਾਂਦਾ ਹਾਂ। ਤੇਰੀ ਵਗਾਰ ਬੜੀ ਚੰਗੀ (ਨੀਕੀ) ਹੈ। ਤੇਰਾ ਨਾਮ ਬੜਾ ਵੱਡਾ (ਆਲੀ) ਹੈ। ਕੁਜਾ ਆਮਦ-ਕਿਥੋਂ ਆਏ ਹੋ? ਕੁਜਾ ਰਫਤੀ-ਕਿਥੇ ਗਿਆ ਸੀ? ਕੁਜਾ ਮੇਰਵੀ-ਕਿਧਰ ਚੱਲਿਆ ਹੈਂ? ਇਹ ਦਵਾਰਕਾ ਨਗਰੀ ਹੈ, ਇਥੇ ਸੱਚ (ਰਾਸਿ ਬੁਗੋਈ) ਦੱਸੀਂ। ਮੁਗ਼ਲ ਗਾਹਲਾਂ ਕੱਢ ਰਿਹਾ ਸੀ। ਨਾਮਦੇਵ ਜੀ ਉਸ ਨੂੰ ਕਹਿੰਦੇ ਹਨ - ਤੇਰੀ ਪਗੜੀ ਕਿਹੀ ਸੋਹਣੀ ਹੈ। ਤੇਰੇ ਬੋਲ ਮਿੱਠੇ ਹਨ। ਦਵਾਰਕਾ ਵਿਚ ਮੁਗ਼ਲ ਕਿਥੋਂ? ਤੂੰ ਤਾਂ ਹਰੀ ਦਾ ਰੂਪ ਹੈਂ, ਚੰਦੀਂ ਹਜਾਰ ਆਲਮ - ਹਜ਼ਾਰਾਂ ਭਵਨਾਂ ਦਾ ਮਾਲਕ ਤੇ ਕ੍ਰਿਸ਼ਨ ਰੂਪ ਹੈਂ। ਤੂੰ ਅਸ ਪਤਿ-ਘੋੜਿਆਂ ਦਾ ਮਾਲਕ ਸੂਰਜ ਹੈ। ਤੂੰ ਹੀ ਗਜਿ ਪਤਿ-ਹਾਥੀਆਂ ਦਾ ਮਾਲਕ ਇੰਦਰ ਹੈਂ। ਨਰਹ ਨਰਿੰਦ-ਮਨੁੱਖਾਂ ਦਾ ਰਾਜਾ ਬ੍ਰਹਮਾ ਤੇ ਤੂੰ ਹੀ ਮੇਰੇ ਸਰਦਾਰ ਮੁਕੰਦ (ਮੁਕਤੀ ਦੇਣ ਵਾਲਾ) ਹੈਂ।

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

*(ਲੜੀ ਜੋੜਨ ਲਈ ਦੇਖੋ, ਨਵੰਬਰ ਅੰਕ, ਪੰਨਾ-28)*

**ਹਉ ਵਾਰੀ ਘੁੰਮਾ ਜਾਵਦਾ ॥**

ਹੇ ਪਾਤਸ਼ਾਹ ਜੀ! ਹਉ=ਮੈਂ ਆਪ ਜੀ ਤੋਂ ਮਨ, ਬਾਣੀ ਕਰਕੇ ਵਾਰੀ=ਵਾਰਨੇ ਜਾਂਦਾ ਹਾਂ ਅਤੇ ਸਰੀਰ ਕਰਕੇ ਘੁੰਮਾ=ਕੁਰਬਾਨ ਜਾਵਦਾ=ਜਾਂਦਾ ਹਾਂ ਵਾ: ਹਉ=ਹੰਗਤਾ ਨੂੰ ਵਾਰੀ=ਕੁਰਬਾਨ ਭਾਵ ਨਵਿਰਤ ਕਰਕੇ ਤੁਹਾਡੇ ਤੋਂ ਘੁੰਮਾ=ਬਲਿਹਾਰ ਜਾਂਦਾ ਹਾਂ।

**ਇਕ ਸਾਹਾ ਤੁਧੁ ਧਿਆਇਦਾ ॥**

ਹੇ ਪਰਮੇਸ਼ਰ ਜੀ! ਮੈਂ ਇਕ ਸਾਹਾ=ਇਕ ਰਸ ਤੁਧੁ=ਤੁਹਾਡੇ ਨਾਮ ਨੂੰ ਹੀ ਧਿਆਇਦਾ=ਧਿਆਉਣਾ ਕਰਦਾ ਹਾਂ ਵਾ: ਹੇ ਸਾਹਾ=ਪਾਤਸ਼ਾਹ! ਮੈਂ ਇਕ ਤੈਨੂੰ ਹੀ ਧਿਆਉਂਦਾ ਹਾਂ ਵਾ: ਸਾਹਾ=ਨਿਰੰਤਰ ਧਿਆਉਣਾ ਕਰਦਾ ਹਾਂ।

**ਉਜੜੁ ਥੇਹੁ ਵਸਾਇਓ**
**ਹਉ ਤੁਧ ਵਿਟਹੁ ਕੁਰਬਾਣੁ ਜੀਉ ॥੬॥**

ਹੇ ਮਹਾਰਾਜ ਜੀਉ=ਜੀ! ਤੁਸੀਂ ਮੇਰੇ ਕਾਮ, ਕ੍ਰੋਧ ਆਦਿ ਵਿਕਾਰਾਂ ਕਰਕੇ ਅੰਤਸ਼ਕਰਣ ਰੂਪੀ ਉਜੜੁ ਥੇਹੁ=ਉਜੜੇ ਹੋਏ ਨਗਰ ਨੂੰ ਸ਼ੁਭ ਗੁਣਾਂ ਦੇ ਸਹਿਤ ਵਸਾਇਓ=ਵਸਾਉਣਾ ਕੀਤਾ ਹੈ, ਇਸ ਕਰਕੇ ਹਉ=ਮੈਂ ਤੁਧੁ=ਤੁਹਾਡੇ ਵਿਟਹੁ=ਉਪਰੋਂ ਕੁਰਬਾਣੁ=ਬਲਿਹਾਰ ਜਾਂਦਾ ਹਾਂ। ਅਗਲੀ ਤੁਕ ਵਿਚ ਸਤਿਗੁਰੂ ਜੀ ਲਹਿੰਦੇ ਦੇਸ਼ ਦੀ ਬੋਲੀ ਨਾਲ ਝੰਗੀਆਂ ਦੀ ਬੋਲੀ ਮਿਲਾ ਕੇ ਸੰਗਤਾਂ ਨੂੰ ਉਪਦੇਸ਼ ਦਿੰਦੇ ਹਨ -

**ਹਰਿ ਇਠੈ ਨਿਤ ਧਿਆਇਦਾ ॥**

ਹੇ ਹਰਿ=ਹਰੀ ਵਾਹਿਗੁਰੂ ਜੀ! ਆਪ ਜੀ ਮੈਨੂੰ ਅਤਿਅੰਤ ਇਠੈ=ਪਿਆਰੇ ਹੋ, ਮੈਂ ਨਿਤ=ਨਿਤਾਪ੍ਰਤੀ ਹੀ ਆਪ ਜੀ ਨੂੰ ਧਿਆਇਦਾ=ਧਿਆਉਣਾ ਕਰਦਾ ਹਾਂ।

**ਮਨਿ ਚਿੰਦੀ ਸੋ ਫਲੁ ਪਾਇਦਾ ॥**

ਜੋ ਮੈਂ ਮਨ ਵਿਚ ਚਿੰਦੀ=ਚਿਤਵਣੀ ਕਰਦਾ ਹਾਂ, ਸੁ=ਉਹੋ ਹੀ ਫਲ ਪਾਇਦਾ=ਪਾ ਲੈਂਦਾ ਹਾਂ ਅਥਵਾ ਜੋ ਉਸ ਪਿਆਰੇ ਹਰੀ ਨੂੰ ਨਿੱਤ ਧਿਆਉਂਦੇ ਹਨ, ਉਹ ਮਨ ਭਾਉਂਦੇ ਧਰਮ, ਅਰਥ, ਕਾਮ, ਮੋਖ ਫਲ ਪ੍ਰਾਪਤ ਕਰ ਲੈਂਦੇ ਹਨ।

**ਸਭੇ ਕਾਜ ਸਵਾਰਿਅਨੁ**
**ਲਾਹੀਅਨੁ ਮਨ ਕੀ ਭੁਖ ਜੀਉ ॥੭॥**

ਹੇ ਪਿਆਰੇ ਜੀ! ਮੇਰੇ ਪ੍ਰਤੱਖ ਵਾ: ਅੰਤਰੀਵ ਸਭੇ=ਸਾਰੇ ਕਾਰਜ=ਕਾਰਜਾਂ ਨੂੰ ਗੁਰਾਂ ਵਾ: ਪਰਮੇਸ਼ਰ ਨੇ ਸਵਾਰਿਅਨੁ=ਸੰਵਾਰਨਾ ਕੀਤਾ ਹੈ ਵਾ: ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦਾ ਰਚਨਾ, ਸਿੱਖਾਂ ਨੂੰ ਭਾਉ=ਭਗਤੀ ਤੇ ਮੁਕਤੀ ਬਖਸ਼ਣੀ, ਸਰੂਪਾਨੰਦ ਦੀ ਪ੍ਰਾਪਤੀ ਆਦਿ ਵਿਵਹਾਰਕ ਤੇ ਪ੍ਰਮਾਰਥ ਦੇ ਸਾਰੇ ਕਾਰਜ ਸੰਵਾਰ ਦਿਤੇ ਹਨ ਅਤੇ ਮਨ ਕੀ=ਦੀ ਆਸਾ ਤ੍ਰਿਸ਼ਨਾ ਰੂਪੀ ਸਾਰੀ ਭੁੱਖ ਵੀ ਲਾਹੀਅਨ=ਲਾਹ ਦਿਤੀ ਹੈ।

**ਮੈ ਛਡਿਆ ਸਭੋ ਧੰਧੜਾ ॥**

ਮੈਂ ਦੁਨੀਆਂ ਵਿਚ ਭਰਮਾਉਣ ਵਾਲੇ ਸਭੋ=ਸਾਰੇ ਮਾਇਕੀ ਧੰਧੜਾ=ਧੰਦਿਆਂ ਨੂੰ ਛਡਿਆ=ਛੱਡ ਦਿਤਾ ਹੈ ਅਤੇ

**ਗੋਸਾਈ ਸੇਵੀ ਸਚੜਾ ॥**

ਸਚੜਾ=ਸੱਚੇ ਗੋਸਾਈ=ਪਰਮੇਸ਼ਰ ਨੂੰ ਸੇਵੀ=ਸੇਵਨਾ ਕਰਦਾ ਹਾਂ ਵਾ: ਹੇ ਗੁਰਸਿੱਖੋ! ਤੁਸੀਂ ਵੀ ਉਸ ਸੱਚੇ ਗੋਸਾਈ=ਧਰਤੀ ਦੇ ਮਾਲਕ ਪਰਮੇਸ਼ਰ ਨੂੰ ਸੇਵੀ=ਅਰਾਧਨਾ ਕਰੋ ਭਾਵ ਭਜਨ ਸਿਮਰਨ ਕਰੋ।

**ਨਉ ਨਿਧਿ ਨਾਮੁ ਨਿਧਾਨੁ ਹਰਿ**
**ਮੈ ਪਲੈ ਬਧਾ ਛਿਕਿ ਜੀਉ ॥੮॥**

ਹਰਿ=ਪਰਮੇਸ਼ਰ ਦਾ ਨਉ=ਨੌਂ ਨਿਧਿ=ਨਿਧੀਆਂ ਦੇਣ ਵਾਲਾ ਨਾਮ ਰੂਪੀ ਨਿਧਾਨੁ=ਖਜ਼ਾਨਾ ਮੈਂ ਆਪਣੇ ਹਿਰਦੇ ਰੂਪੀ ਪਲੈ=ਪੱਲੇ ਵਿਚ ਛਿਕਿ=ਖਿੱਚ, ਘੁੱਟ ਕੇ ਸ਼ਰਧਾ ਰੂਪੀ ਗੰਢ ਨਾਲ ਬਧਾ=ਬੰਨ੍ਹ ਲੈਣਾ ਕੀਤਾ ਹੈ।

**ਮੈ ਸੁਖੀ ਹੂੰ ਸੁਖੁ ਪਾਇਆ ॥**

ਹੇ ਗੁਰਸਿੱਖੋ! ਮੈ ਸਾਰੇ ਸੁਖੀ=ਸੁੱਖਾਂ ਹੂੰ=ਤੋਂ ਸ੍ਰੇਸ਼ਟ ਆਤਮਾਨੰਦ ਰੂਪੀ ਸੁਖ ਪਾਇਆ=ਪਾਉਣਾ ਕੀਤਾ ਹੈ ਵਾ: ਮੈਂ=ਅਸੀਂ ਵਾਹਿਗੁਰੂ ਹੂੰ=ਤੋਂ ਆਤਮਾਨੰਦ ਰੂਪ ਸੁੱਖ ਨੂੰ ਪਾਇਆ=ਪ੍ਰਾਪਤ ਕਰਕੇ ਸੁਖੀ ਹੋ ਗਿਆ ਹਾਂ।

**ਗੁਰਿ ਅੰਤਰਿ ਸਬਦੁ ਵਸਾਇਆ ॥**

ਸਤਿਗੁਰੂ ਸਾਹਿਬ ਜੀ ਨੇ ਸਾਡੇ ਹਿਰਦੇ

ਅੰਤਰਿ=ਅੰਦਰ ਆਪਣਾ ਸਬਦੁ=ਉਪਦੇਸ਼ ਵਸਾਇਆ=ਵਸਾ ਦਿਤਾ ਹੈ, ਜਿਸ ਦੇ ਕਾਰਨ ਸਾਨੂੰ ਐਸੇ ਸੁਖ ਦੀ ਪ੍ਰਾਪਤੀ ਹੋ ਗਈ ਹੈ। ਭਾਵ ਗੁਰੂ ਸਾਹਿਬ ਜੀ ਨੇ ਕਥਨ ਕੀਤਾ ਹੈ ਕਿ ਸਾਨੂੰ ਸਤਿਗੁਰਾਂ ਨੇ ਆਤਮਕ ਅਨੰਦ ਦੇ ਸੁੱਖ ਦੀ ਬਖਸ਼ਿਸ਼ ਕਰਨਾ ਕੀਤੀ ਹੈ।

ਸਤਿਗੁਰਿ ਪੁਰਖਿ ਵਿਖਾਲਿਆ
ਮਸਤਕਿ ਧਰਿ ਕੈ ਹਥੁ ਜੀਉ ॥ ੯ ॥

ਹੇ ਪਿਆਰੇ ਜੀ! ਮੇਰੇ ਅੰਤਸ਼ਕਰਣ ਰੂਪੀ ਮਸਤਕਿ=ਮੱਥੇ ਉਪਰ ਆਪਣਾ ਕ੍ਰਿਪਾ ਰੂਪੀ ਹੱਥ ਧਰ ਕੇ ਸਤਿਗੁਰ ਪੁਰਖ ਨੇ ਪਰਮੇਸ਼ਰ ਦੇ ਸਰੂਪ ਨੂੰ ਪ੍ਰਗਟ ਕਰ ਕੇ ਵਿਖਾਲਿਆ=ਵਿਖਾ ਦਿਤਾ ਹੈ।

ਮੈ ਬਧੀ ਸਚੁ ਧਰਮ ਸਾਲ ਹੈ ॥
ਗੁਰਸਿਖਾ ਲਹਦਾ ਭਾਲਿ ਕੈ ॥

ਮੈਂ ਗੁਰਾਂ ਦੀ ਕ੍ਰਿਪਾ ਦੁਆਰਾ ਸਚੁ=ਸੱਚੇ ਪ੍ਰਮੇਸ਼ਰ ਦੇ ਗੁਣ ਗਾਉਣ ਲਈ ਸਾਧਸੰਗਤ ਰੂਪ ਧਰਮ ਦੀ ਸਾਲ=ਜਗ੍ਹਾ ਬਧੀ=ਬੰਨਣਾ ਕੀਤੀ ਹੈ ਵਾ: ਬ੍ਰਹਮ ਵਿਦਿਆ ਰੂਪੀ ਧਰਮ ਦਾ ਅਸਥਾਨ ਬਧੀ=ਬੰਨ੍ਹਣਾ ਕੀਤਾ ਹੈ। ਉਸ ਸਾਧਸੰਗਤ ਰੂਪੀ ਥਾਂ ਵਿਚ ਭਾਲਿ=ਖੋਜ ਕੈ=ਕੇ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਆਦਿਕ ਗੁਰੂ ਰਾਮਦਾਸ ਸਾਹਿਬ ਜੀ ਉਪਰ ਸ਼ਰਧਾ ਭਾਵਨਾ ਰੱਖਣ ਵਾਲੇ ਗੁਰਸਿੱਖਾਂ ਨੂੰ ਲਹਦਾ=ਲੱਭਦਾ ਹਾਂ ਵਾ: ਗੁਰੂ ਰਾਮਦਾਸ ਸਾਹਿਬ ਜੀ ਦੇ ਦਿਤੇ ਹੋਏ ਉਪਦੇਸ਼ ਦੁਆਰਾ ਬ੍ਰਹਮ ਨੂੰ ਭਾਲਿ=ਖੋਜਣ ਵਾਲੇ ਗੁਰਸਿੱਖਾਂ ਕੈ=ਦੇ ਤਾਈਂ ਲੱਭਦਾ ਹਾਂ ਵਾ: ਗੁਰਸਿੱਖਾ=ਗੁਰੂ ਸਿੱਖਾਂ ਦੇ ਤਾਈਂ ਖੋਜ-ਖੋਜ ਕੇ ਸਤਿਗੁਰਾਂ ਦੀ ਸਿੱਖਿਆ ਗੁਰਸਿੱਖਾਂ ਤੋਂ ਲੈਂਦੇ ਹਾਂ।

ਪੈਰ ਧੋਵਾ ਪਖਾ ਫੇਰਦਾ
ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥ ੧੦ ॥

ਹੇ ਪਿਆਰੇ ਜੀ! ਮੈਂ ਉਨ੍ਹਾਂ ਗੁਰਸਿੱਖਾਂ ਦੇ (ਸੱਜਾ ਖੱਬਾ) ਪੈਰ=ਚਰਨ ਧੋਵਾ=ਧੋਂਦਾ ਹਾਂ, ਗਰਮੀ ਦੀ ਰੁੱਤ ਵਿਚ ਪੱਖਾ ਫੇਰਦਾ=ਝੱਲਣਾ ਕਰਦਾ ਹਾਂ ਅਤੇ ਤਿਸੁ=ਉਸ ਗੁਰਸਿੱਖਾਂ ਦੇ ਨਿਵਿ ਨਿਵਿ=ਝੁਕ ਝੁਕ ਕੇ ਪਾਇ=ਪੈਰੀਂ ਲਗਾ=ਲਗਦਾ ਹਾਂ।

ਸੁਣਿ ਗਲਾ ਗੁਰ ਪਹਿ ਆਇਆ ॥

ਜਦੋਂ ਗੁਰੂ ਸਾਹਿਬ ਜੀ ਦੀਆਂ ਸੰਸਾਰ-ਸਮੁੰਦਰ ਤੋਂ ਤਾਰਨ ਵਾਲੀਆਂ ਵਡਿਆਈਆਂ ਰੂਪ ਗੱਲਾਂ ਸੁਣਿ=ਸਰਵਣ ਕਰ ਕੇ ਵਾ: ਗੁਰੂ ਸਾਹਿਬ ਜੀ ਦੀਆਂ ਸਰਵਣ, ਮੰਨਣ, ਨਿਧਿਆਸਣ, ਤੱਤ ਤ੍ਵੰ ਪਦ ਦਾ ਸੰਸ਼ੋਧਨ ਤੇ ਸੱਚ ਸਰੂਪ ਵਿਚ ਲੀਨਤਾ ਪਾਉਣ ਵਾਲੀਆਂ ਗੱਲਾਂ ਸੁਣ ਕੇ ਉਪਦੇਸ਼ ਲੈਣ ਵਾਸਤੇ ਗੁਰਾਂ ਪਹਿ=ਕੋਲ ਆਇਆ।

ਨਾਮੁ ਦਾਨੁ ਇਸਨਾਨੁ ਦਿੜਾਇਆ ॥

ਤਾਂ ਗੁਰਾਂ ਨੇ ਅੰਮ੍ਰਿਤ ਨਾਮ ਦਾ ਜਪਣਾ, ਧਰਮ ਦੀ ਕਿਰਤ ਕਰ ਕੇ ਦਾਨ ਕਰਨਾ ਅਤੇ ਅੰਮ੍ਰਿਤ ਵੇਲੇ ਇਸ਼ਨਾਨ ਕਰਨਾ, ਇਹ ਦਿੜਾਇਆ=ਪੱਕਾ ਕਰਵਾ ਦਿਤਾ।

ਸਭੁ ਮੁਕਤੁ ਹੋਆ ਸੈਸਾਰੜਾ
ਨਾਨਕ ਸਚੀ ਬੇੜੀ ਚਾੜਿ ਜੀਉ ॥ ੧੧ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਮੈਨੂ ਸਤਿਗੁਰੂ ਜੀ ਨੇ ਗੁਰਸਿੱਖੀ ਦੀ ਦਾਤ ਦੇ ਕੇ ਭਗਤੀ ਰੂਪੀ ਬੇੜ 'ਤੇ ਚਾੜ ਦਿਤਾ ਜਿਸ ਕਰਕੇ ਸਭ=ਸਾਰੇ ਸੰਸਾਰ ਦੇ ਬੰਧਨ ਤੋਂ ਮੁਕਤ ਹੋਆ=ਹੋ ਗਿਆ ਹਾਂ ਅਥਵਾ ਜੋ-ਜੋ ਗੁਰਾਂ ਦੀ ਸੰਗਤ ਨਾਲ ਮਿਲ ਕੇ ਭਗਤੀ ਰੂਪੀ ਬੇੜੀ 'ਤੇ ਚੜ੍ਹਨਗੇ ਉਹ ਸਾਰੇ ਹੀ ਸੰਸਾਰਕ ਬੰਧਨਾਂ ਤੋਂ ਮੁਕਤ ਹੋ ਜਾਣਗੇ।

ਸਭ ਸ੍ਰਿਸਟਿ ਸੇਵੇ ਦਿਨੁ ਰਾਤਿ ਜੀਉ ॥

ਹੇ ਪ੍ਰਭੂ! ਸਭ=ਸਾਰੀ ਸ੍ਰਿਸਟਿ=ਦੁਨੀਆਂ ਆਪ ਜੀ ਦੀ ਦਿਨ ਰਾਤ ਸੇਵੇ=ਅਰਾਧਨਾ ਕਰਦੀ ਹੈ। ਕੋਈ ਧਰਮ ਵਾਸਤੇ, ਕੋਈ ਮੁਕਤੀ ਵਾਸਤੇ, ਕੋਈ ਕਾਮਨਾ ਪੂਰੀ ਕਰਨ ਲਈ ਅਤੇ ਕੋਈ ਪਦਾਰਥਾਂ ਲਈ ਅਰਾਧਨਾ ਕਰਦਾ ਹੈ।

ਦੇ ਕੰਨੁ ਸੁਣਹੁ ਅਰਦਾਸਿ ਜੀਉ ॥

ਹੇ ਸੱਚੇ ਪਾਤਸ਼ਾਹ ਜੀ! ਕੰਨ ਦੇ ਕੇ ਭਾਵ ਧਿਆਨ ਦੇ ਕੇ ਸਾਡੀ ਅਰਦਾਸਿ=ਬੇਨਤੀ ਨੂ ਸੁਣਹੁ=ਸੁਣਨਾ ਕਰੋ।

ਠੋਕਿ ਵਜਾਇ ਸਭ ਡਿਠੀਆ
ਤੁਸਿ ਆਪੇ ਲਇਅਨੁ ਛਡਾਇ ਜੀਉ ॥ ੧੨ ॥

ਅਸੀਂ ਸਭ=ਸਾਰੀ ਸ੍ਰਿਸ਼ਟੀ ਨੂੰ ਠੋਕਿ ਵਜਾਇ=ਪਰਤਾਵਾ, ਨਿਰਣਾ ਕਰ ਕੇ ਡਿਠੀਆ=ਵੇਖਿਆ ਹੈ (ਇਸੇ ਤਰ੍ਹਾਂ ਪੰਡਤ ਤਾਰਾ ਸਿੰਘ ਨੇ ਵਜਾਇ ਦੇ ਅਰਥ ਜਗ੍ਹਾ-ਜਗ੍ਹਾ ਕੀਤੇ ਹਨ।) ਵਾ: ਠੋਕ ਕੇ, ਅਜ਼ਮਾਇਸ਼ ਕਰਕੇ ਜਗ੍ਹਾ-ਜਗ੍ਹਾ ਜਾ ਕੇ ਸਾਰੀ ਸ੍ਰਿਸ਼ਟੀ ਨੂੰ ਡਿਠੀਆ=ਵੇਖਿਆ ਹੈ। ਕਿਸੇ ਦੇ ਹੱਥ ਵਿਚ ਕੁਝ ਨਹੀਂ ਹੈ। ਭਾਵ ਕੋਈ ਕੁਝ ਨਹੀਂ ਕਰ ਸਕਦਾ। ਜਿਨ੍ਹਾਂ 'ਤੇ ਤੁਸੀਂ ਤੁਸਿ=ਪ੍ਰਸੰਨ ਹੋਏ ਹੋ, ਉਨ੍ਹਾਂ ਨੂੰ ਆਪ ਕ੍ਰਿਪਾ ਕਰਕੇ ਜੰਮਣ ਮਰਣ ਦੇ ਬੰਧਨ ਭਾਵ ਜਮਾਂ ਤੋਂ ਛੁਡਾ ਲਿਆ ਹੈ। ਉਹਨਾਂ ਨੂੰ ਆਪਣੇ ਸਰੂਪ

ਦੀ ਬਖਸ਼ਿਸ਼ ਕਰਕੇ ਸੰਸਾਰ ਤੋਂ ਮੁਕਤ ਕਰ ਦਿਤਾ।

ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥
ਪੈ ਕੋਇ ਨ ਕਿਸੈ ਰਞਾਣਦਾ ॥

ਮਿਹਰਵਾਣ=ਕ੍ਰਿਪਾਲੂ ਪਰਮੇਸ਼ਰ ਦਾ ਹੁਣ ਹੁਕਮ ਹੋਆ=ਹੋ ਗਿਆ ਹੈ। ਗੁਰੂ ਸਾਹਿਬ ਜੀ ਨੇ ਸੰਗਤਾਂ ਦੇ ਹਿਰਦੇ ਅੰਦਰ ਧਰਮ ਦਾ ਰਾਜ ਕਾਇਮ ਕਰ ਦਿਤਾ ਹੈ ਕਿ ਪੈ=ਫਿਰ ਜ਼ਬਰਦਸਤ ਕੋਇ=ਕੋਈ ਵੀ ਕਿਸੇ ਨੂੰ ਰਞਾਣਦਾ=ਦੁਖ ਨ=ਨਹੀਂ ਦੇ ਸਕਦਾ ਵਾ: ਰਞਾਣਦਾ=ਦਬਾ ਨਾਲ ਪਾਪੀ ਨਹੀਂ ਬਣਾ ਸਕਦਾ। ਅਕਾਲ ਪੁਰਖ ਵਾਹਿਗੁਰੂ ਦੀ ਇਹ ਹੁਕਮੁ=ਆਗਿਆ ਹੋ ਗਈ ਹੈ ਵਾ: ਹੁਣ ਇਸ ਸਰੀਰ ਦਾ ਅੰਤਹਕਰਣ ਰੂਪੀ ਨਗਰ ਵਿਚ ਮਿਹਰਵਾਨ ਅਕਾਲ ਪੁਰਖ ਦਾ ਹੁਕਮ ਇਸਥਿਤ ਹੋ ਗਿਆ ਹੈ।

ਸਭ ਸੁਖਾਲੀ ਵੁਠੀਆ
ਇਹੁ ਹੋਆ ਹਲੇਮੀ ਰਾਜੁ ਜੀਉ ॥ ੧੩ ॥

ਸਭ=ਸਾਰੀਆਂ ਸੰਗਤਾਂ ਸੁਖਾਲੀ=ਸੁੱਖ ਦੇ ਸਹਿਤ ਵੁਠੀਆ=ਵਸੀਆਂ ਹਨ। ਮਹਾਰਾਜ ਸਾਹਿਬ ਜੀ ਨੇ ਇਹੁ=ਇਹੀ ਹਲੇਮੀ=ਗਰੀਬੀ ਦਾ ਰਾਜ ਬਖਸ਼ ਦਿਤਾ ਹੈ ਵਾ: ਇਉਂ ਜਦੋਂ ਹਿਰਦੇ ਵਿਚ ਹਲੇਮੀ=ਗਰੀਬੀ ਦਾ ਰਾਜ ਹੋ ਗਿਆ, ਉਸ ਵੇਲੇ ਹਰਦੇ ਵਿਚ ਸਾਰੇ ਸ਼ੁਭ ਗੁਣ ਸੁਖਾਲੀ=ਸੁਖ ਦੇ ਸਹਿਤ ਵੁਠੀਆਂ=ਵਸ ਗਏ। ਮਹਾਰਾਜ ਸਾਹਿਬ ਜੀ ਨੇ ਅੰਦਰੋਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਮਾਰ ਕੇ ਕੱਢ ਦਿਤੇ। ਗਰੀਬੀ ਵਾਲੇ ਹਿਰਦੇ ਵਿਚ ਸਰੂਪਾਨੰਦ ਵਾਹਿਗੁਰੂ ਦਾ ਰਾਜੁ=ਪ੍ਰਕਾਸ਼ ਹੋ ਗਿਆ ਭਾਵ ਗਿਆਨ ਪ੍ਰਾਪਤ ਹੋ ਗਿਆ।

ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ ॥

ਗੁਰੂ ਰੂਪੀ ਬੱਦਲ ਝਿੰਮਿਝਿੰਮਿ=ਇਕ ਰਸ ਨਾਮ ਅੰਮ੍ਰਿਤ ਦੀ ਉਪਦੇਸ਼ ਰੂਪੀ ਵਰਖਾ ਵਰਸਾ ਰਹੇ ਹਨ ਅਥਵਾ ਜਿਵੇਂ ਸਾਉਣ ਦੇ ਮਹੀਨੇ ਝਿੰਮਿਝਿੰਮਿ=ਇਕ ਰਸ ਜਿਸ ਵਿਚ ਬਿਜਲੀ ਦਾ ਲਿਸ਼ਕਾਰਾ ਪਵੇ। ਟਿਕ-ਟਿਕ ਕੇ ਬੱਦਲ ਵਰਸਦਾ=ਵਰਸੇ, ਜੋ ਇਕ ਰਸ ਝੜੀ ਲਾ ਕੇ ਵਰਸੇ ਉਸ ਨੂੰ ਝਿੰਮਿ-ਝਿੰਮਿ ਕਹਿੰਦੇ ਹਨ ਵਾ: ਝਿੰਮਿਝਿੰਮਿ=ਥਿੰਮ-ਥਿੰਮ ਕੇ ਬੱਦਲ ਵਰਸ ਰਿਹਾ ਹੈ।

ਬੋਲਾਇਆ ਬੋਲੀ ਖਸਮ ਦਾ ॥

ਹੇ ਖਸਮ=ਮਾਲਕ ਪਰਮੇਸ਼ਰ ਜੀ! ਮੈਂ ਆਪ ਜੀ ਦਾ ਬੁਲਾਇਆ ਹੋਇਆ ਹੀ ਬਚਨ ਬੋਲਦਾ ਹਾਂ।

ਬਹੁ ਮਾਣੁ ਕੀਆ ਤੁਧੁ ਉਪਰੇ
ਤੂੰ ਆਪੇ ਪਾਇਹਿ ਥਾਇ ਜੀਉ ॥ ੧੪ ॥

ਹੇ ਅੰਤਰਜਾਮੀ! ਮੈਂ ਤਾਂ ਤੁਧੁ=ਤੁਹਾਡੇ ਉਪਰ ਬਹੁ=ਬਹੁਤ ਸਾਰਾ ਮਾਣ ਕੀਆ=ਕੀਤਾ ਹੈ ਤੂੰ ਹੀ ਮੇਰਾ ਲੋਕ ਪ੍ਰਲੋਕ ਵਿਚ ਆਸਰਾ ਰੂਪ ਹੈਂ ਤੇ ਤੂੰ ਆਪ ਹੀ ਮੇਰੀ ਭਾਉ-ਭਗਤੀ ਰੂਪ ਘਾਲਣਾ ਥਾਇ=ਲੇਖੇ ਵਿਚ ਪਾਇਹਿ=ਪਾਉਣ ਵਾਲਾ ਹੈਂ ਵਾ: ਮੇਰੀ ਕਮਾਈ ਥਾਇ ਪਾਉਣ ਵਾਲਾ ਹੈਂ।

ਤੇਰਿਆ ਭਗਤਾ ਭੁਖ ਸਦ ਤੇਰੀਆ ॥

ਹੇ ਮਹਾਰਾਜ ਜੀ! ਤੇਰਿਆ=ਤੇਰੇ ਭਗਤ ਜਨਾਂ ਨੂੰ ਸਦ=ਹਮੇਸ਼ਾ ਤੇਰੀਆ=ਤੇਰੀ ਪ੍ਰਾਪਤੀ ਦੀ ਵਾ: ਨਾਮ ਦੀ ਭੁੱਖ ਲੱਗੀ ਰਹਿੰਦੀ ਹੈ।

ਹਰਿ ਲੋਚਾ ਪੂਰਨ ਮੇਰੀਆ ॥

ਹੇ ਹਰਿ! ਪਰਮੇਸ਼ਰ ਜੀ! ਤੁਸੀਂ ਮੇਰੀਆ=ਮੇਰੀ ਵੀ ਲੋਚਾ=ਇੱਛਾ ਪੂਰਨ ਕਰੋ। ਕਿ -

ਦੇਹੁ ਦਰਸੁ ਸੁਖਦਾਤਿਆ
ਮੈ ਗਲਿ ਵਿਚਿ ਲੈਹੁ ਮਿਲਾਇ ਜੀਉ ॥ ੧੫ ॥

ਹੇ ਸਰਬ ਸੁਖਦਾਇਆ=ਸੁਖਾਂ ਦੇ ਦਾਤੇ ਅਕਾਲ ਪੁਰਖ ਜੀ! ਮੈਨੂੰ ਆਪਣੇ ਦਰਸੁ=ਦਰਸ਼ਨਾਂ ਦੀ ਬਖਸ਼ਿਸ਼ ਦੇਹੁ=ਦੇਣਾ ਕਰੋ ਅਤੇ ਮੈਨੂੰ ਗਲ ਵਿਚ ਮਿਲਾ ਲੈਹੁ=ਲੈਣਾ ਕਰੋ ਭਾਵ ਆਪਣੇ ਵਿਚ ਅਭੇਦ ਕਰ ਲਵੋ ਅਥਵਾ ਜਿਵੇਂ ਸਰਗੁਣ ਸਰੂਪ ਵਿਚ ਗੁਰੂ ਰਾਮਦਾਸ ਸਾਹਿਬ ਰੂਪ ਹੋ ਕੇ ਪ੍ਰਤੱਖ ਗਲ ਨਾਲ ਮਿਲਾ ਲੈਣਾ ਕੀਤਾ ਹੈ ਵਾ: ਇਸ ਪ੍ਰਕਾਰ ਤੱਤ ਤੂੰ ਪਦ ਦਾ ਸੰਸ਼ੋਧਨ ਕਰਵਾ ਕੇ ਨਿਰਗੁਣ ਸਰੂਪ ਵਿਚ ਵੀ ਅਭੇਦ ਨਿਸਚੇ ਰੂਪ ਕੰਠ ਨਾਲ ਮਿਲਾ ਲੈਣਾ ਕਰੋ।

ਤੁਧੁ ਜੇਵਡੁ ਅਵਰੁ ਨ ਭਾਲਿਆ ॥

ਹੇ ਮਹਾਰਾਜ! ਮੈਂ ਸਾਰੀ ਦੁਨੀਆਂ ਨੂੰ ਭਾਲਿਆ=ਖੋਜ ਕੇ ਵੇਖਿਆ ਹੈ ਪਰ ਤੁਧੁ=ਤੁਹਾਡੇ ਜੇਵਡੁ=ਜਿੱਡਾ ਵੱਡਾ ਅਵਰੁ=ਹੋਰ ਕੋਈ ਨਹੀਂ ਹੈ ਵਾ: ਅਵਰ ਸਥਾਨ ਵਿਚ ਕੋਈ ਨਹੀਂ ਹੈ।

ਤੂੰ ਦੀਪ ਲੋਅ ਪਇਆਲਿਆ ॥

ਹੇ ਸੱਚੇ ਪਾਤਸ਼ਾਹ! ਤੂੰ ਸੱਤਾਂ ਦੀਪ=ਦੀਪਾਂ, ਚੌਦਾਂ ਲੋਅ=ਲੋਕਾਂ ਅਤੇ ਸੱਤਾਂ ਪਇਆਲਿਆ=ਪਾਤਾਲਾਂ ਵਿਚ ਪਰੀਪੂਰਨ ਹੈਂ ਵਾ: ਜਿਨ੍ਹਾਂ ਦਾ ਹਿਰਦਾ ਗਰੀਬੀ (ਨਿਮਰਤਾ) ਵਾਲਾ ਹੋ ਗਿਆ, ਉਹਨਾਂ ਦੇ ਅੰਦਰ ਨਿਰਾਵਰਨ, ਨਿਰਵਿਖੇਪ ਸ਼ਕਤੀ ਦੇ ਕੇ ਅਪਰੋਖ ਗਿਆਨ ਦੇ ਦੀਪ=ਦੀਵੇ ਦਾ ਲੋਅ=ਪ੍ਰਕਾਸ਼ ਕੀਤਾ ਹੈ,

ਇਉਂ ਨਿਮਰਤਾ ਵਾਲਿਆਂ ਨੇ ਤੇਰੇ ਸਰੂਪ ਨੂੰ ਪਇਆਲਿਆ=ਪਾ ਲਿਆ ਹੈ ਭਾਵ ਤੈਨੂੰ ਪ੍ਰਾਪਤ ਕਰ ਲਿਆ ਹੈ।

ਤੂੰ ਥਾਨਿ ਥਨੰਤਰਿ ਰਵਿ ਰਹਿਆ
ਨਾਨਕ ਭਗਤਾ ਸਚੁ ਅਧਾਰੁ ਜੀਉ ॥੧੬॥

ਹੇ ਮਹਾਰਾਜ ਜੀ! ਤੂੰ ਥਾਨਿ=ਅਸਥਾਨਾਂ ਵਿਚ ਅਤੇ ਥਨੰਤਰਿ=ਜਿਹੜੇ ਥਾਵਾਂ ਵਿਚ ਹੋਰ ਅਸਥਾਨ ਹਨ ਵਾ: ਉਹਨਾਂ ਅਸਥਾਨਾਂ ਅਤੇ ਅਸਥਾਨਾਂ ਵਿਚ ਵਸਣ ਵਾਲੇ ਜੀਵਾਂ ਵਿਚ ਰਵਿ ਰਹਿਆ=ਵਿਆਪਕ ਹੋ ਰਿਹਾ ਹੈਂ ਵਾ: ਸਰੀਰਾਂ ਰੂਪੀ ਥਾਨਿ=ਅਸਥਾਨ ਵਿਚ ਅਤੇ ਥਨੰਤਰਿ=ਜੀਵ ਆਤਮਾ ਵਿਚ ਰਵਿ ਰਹਿਆ=ਵਿਆਪਕ ਹੋ ਰਿਹਾ ਹੈਂ। ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਸਤਿਗੁਰੂ ਸੱਚੇ ਪਾਤਸ਼ਾਹ ਜੀ! ਤੇਰੇ ਭਗਤਾਂ ਨੂੰ ਤੇਰਾ ਸੱਚਾ ਅਧਾਰੁ=ਆਸਰਾ ਹੈ, ਸੱਚੇ ਨਾਮ ਦੇ ਆਸਰੇ ਤੇਰੇ ਭਗਤ ਜਿਉਂਦੇ ਹਨ ਜੋ ਤਿੰਨਾਂ ਕਾਲਾਂ ਵਿਚ ਨਾਸ਼ ਤੋਂ ਰਹਿਤ ਹੈ।

ਹਉ ਗੋਸਾਈ ਦਾ ਪਹਿਲਵਾਨੜਾ ॥

ਹਉ=ਮੈਂ ਗੋਸਾਈ=ਅਕਾਲ ਪੁਰਖ ਵਾਹਿਗੁਰੂ ਦਾ ਪਹਿਲਵਾਨੜਾ=ਪਹਿਲਵਾਨ ਬਣਾਇਆ ਹੋਇਆ ਹਾਂ। ਕਿਉਂਕਿ ਮੈਂ ਕਾਮ ਆਦਿ ਮੱਲਾਂ ਨੂੰ ਜਿੱਤਿਆ ਹੋਇਆ ਹੈ।

ਮੈ ਗੁਰ ਮਿਲਿ ਉਚ ਦੁਮਾਲੜਾ ॥

ਮੈਂ ਗੁਰੂ ਰਾਮਦਾਸ ਮਹਾਰਾਜ ਜੀ ਦੇ ਨਾਲ ਮਿਲ ਕੇ ਜਸ ਰੂਪ ਉੱਚਾ ਦੁਮਾਲੜਾ=ਦਸਤਾਰਾ ਸਾਜਿਆ ਹੈ। ਵਾ: ਮੈਂ ਪੂਰੇ ਗੁਰਾਂ ਨਾਲ ਮਿਲ ਕੇ ਤਿੰਨਾਂ ਲੋਕਾਂ ਵਿਚ ਦਮਾਲੜਾ (ਦੁ+ਮਾਲੜਾ) ਦੂ=ਦਵੈਤ ਨੂੰ ਮਾਲੜਾ=ਮਲਨ ਵਾਲਾ ਭਗਤੀ ਰੂਪੀ ਦਸਤਾਰਾ ਸਜਾਇਆ ਹੋਇਆ ਹੈ ਵਾ: ਮੈਂ ਗੁਰਾਂ ਦੀ ਸੰਗਤ ਕਰਕੇ ਉਚ=ਸ੍ਰੇਸ਼ਟ ਗੁਰਤਾ ਗੱਦੀ ਰੂਪ ਪਦਵੀ ਭਾਵ ਦੁਮਾਲੜਾ ਸਜਿਆ ਹੋਇਆ ਹੈ।

ਸਭ ਹੋਈ ਛਿੰਝ ਇਕਠੀਆ
ਦਯੁ ਬੈਠਾ ਵੇਖੈ ਆਪਿ ਜੀਉ ॥੧੭॥

ਜਿਵੇਂ ਬਹੁਤ ਸਭ=ਸਾਰੀ ਲੋਕਾਂ ਦੀ ਭੀੜ ਛਿੰਝ=ਮੱਲ ਅਖਾੜੇ ਵਿਚ ਪਹਿਲਵਾਨਾਂ ਦੀ ਕੁਸ਼ਤੀ ਦੇਖਣ ਲਈ ਇਕੱਠੀਆਂ=ਇਕੱਠੀ ਹੋਈ=ਹੁੰਦੀ ਹੈ, ਇਸੇ ਪ੍ਰਕਾਰ ਸਾਰੀ ਸ੍ਰਿਸ਼ਟੀ ਰੂਪ ਛਿੰਝ=ਅਖਾੜੇ ਵਿਚ ਗੁਰਮੁਖ ਤੇ ਮਨਮੁਖ ਰੂਪ ਪਹਿਲਵਾਨਾਂ ਦੀ ਇਕੱਤਰਤਾ ਹੋਈ ਹੈ ਇਸ ਸ੍ਰਿਸ਼ਟੀ ਦੀ ਛਿੰਝ ਨੂੰ ਪਵਾਉਣ ਵਾਲਾ ਦਊ=ਪ੍ਰੇਰਕ ਪਰਮੇਸ਼ਰ ਆਪ ਹੀ ਘਟਾ-ਘਟਾ ਵਿਚ ਬੈਠਾ=ਇਸਥਿਤ ਹੋਇਆ ਵੇਖੈ=ਵੇਖ ਰਿਹਾ ਹੈ ਜੀ।

ਵਾਤ ਵਜਨਿ ਟੰਮਕ ਭੇਰੀਆ ॥

ਹੇ ਭਾਈ! ਜੋ ਜੀਵ ਵਾਤ=ਮੁਖ ਦੁਆਰਾ ਬਚਨ ਬੋਲ ਰਹੇ ਹਨ, ਇਹੋ ਹੀ ਟੰਮਕ=ਛੋਟੇ ਨਗਾਰੇ ਤੇ ਭੇਰੀਆ=ਵੱਡੇ ਨਗਾਰੇ ਵਜਨਿ=ਵਜ ਰਹੇ ਹਨ ਵਾ: ਜਿਹੜੇ ਮਹਾਵਾਕ ਜੀਵ ਅਤੇ ਈਸ਼ ਦੇ ਸਰੂਪ ਦੀ ਏਕਤਾ ਕਰਾਉਂਦੇ ਹਨ। ਉਹ ਭੇਰੀਆ=ਵੱਡੇ ਨਗਾਰੇ ਜੋ ਜੀਵ ਅਤੇ ਈਸ਼ ਦੇ ਸਰੂਪ ਨੂੰ ਵੱਖੋ-ਵੱਖਰਾ ਦਸ ਕੇ ਆਤਮਾ ਸਰੂਪ ਦੇ ਤਾਈਂ ਈਸ਼ਰ ਦੇ ਸਰੂਪ ਦਾ ਚਿੰਤਨ, ਜੀਵ ਨੂੰ ਮਾਇਆ ਦੇਸ ਰੂਪ ਸਹਿਤ ਵਖਿਆਨ ਕਰਦੇ ਹਨ ਵਾ: ਈਸ਼ਵਰ ਨੂੰ ਈਸ਼ਵਰ ਦਾ ਤੱਤ ਪਦ ਅਤੇ ਜੀਵ ਦਾ ਤੂੰ ਪਦ ਜੋ ਕਥਨ ਕਰਦੇ ਹਨ ਜਿਹੜੇ ਇਸ ਪ੍ਰਕਾਰ ਦੇ ਵਾਕ ਹਨ, ਇਨ੍ਹਾਂ ਨੂੰ ਤੱਟਸਥੀ ਵਾਕ ਕਹਿੰਦੇ ਹਨ। ਇਉਂ ਇਹ ਟੰਮਕ=ਛੋਟੀਆਂ ਭੇਰੀਆਂ ਹਨ। ਤਟਸਥੀ ਵਾਕ ਕੀ ਹੁੰਦੇ ਹਨ? ਜਿਹੜੇ ਵਾਕ ਕਦੇ ਹੋਣ ਅਤੇ ਕਦੇ ਨਾ ਹੋਣ, ਉਹ ਤਟਸਥੀ ਵਾਕ ਹੁੰਦੇ ਹਨ। ਜਿਹੜੇ ਸਰੂਪ ਦੀ ਸਾਖਿਆਤਤਾ ਕਰਨ ਵਾਲੇ ਹਨ, ਉਨ੍ਹਾਂ ਨੂੰ ਮਹਾਂਵਾਕ ਭਾਵ ਵੱਡੀਆਂ-ਵੱਡੀਆਂ ਭੇਰੀਆਂ ਕਿਹਾ ਜਾਂਦਾ ਹੈ। ਇਸ ਤਰ੍ਹਾਂ ਜਿਹੜੇ ਅਵਾਂਤਾਰ ਵਾਕ ਜੀਵ ਅਤੇ ਈਸ਼ ਨੂੰ ਭਿੰਨ-ਭਿੰਨ ਦਰਸਾਉਣ ਵਾਲੇ ਟੰਮਕ=ਛੋਟੀਆਂ ਭੇਰੀਆਂ ਹਨ। ਤੱਤਪਦ ਅਤੇ ਤੂੰ ਪਦ ਭਾਵ ਜੀਵ ਅਤੇ ਈਸ਼ ਦੋਹਾਂ ਦੀ ਏਕਤਾ ਕਰਾਉਣ ਵਾਲੇ ਭੇਰੀਆ=ਵੱਡੇ ਦਮਾਮਿਆਂ ਦੀ ਨਿਆਈਂ ਵਾਜੇ=ਵੱਜਣ ਵਾਲੇ ਹਨ।

ਮਲ ਲਥੇ ਲੈਦੇ ਫੇਰੀਆ ॥

ਜਿਸ ਪ੍ਰਕਾਰ ਪਹਿਲਵਾਨ ਬਸਤਰ ਲਾਹ ਕੇ ਅਖਾੜੇ ਵਾਲੀ ਜਗ੍ਹਾ ਵਿਚ ਖੜ੍ਹ ਜਾਂਦੇ ਹਨ ਤੇ ਅਖਾੜੇ ਵਿਚ ਕੁਸ਼ਤੀ ਕਰਨ ਵਾਸਤੇ ਫੇਰੀਆਂ ਪਾਉਣ ਲਗ ਜਾਂਦੇ ਹਨ, ਇਸੇ ਪ੍ਰਕਾਰ ਗੁਰਮੁਖ ਤੇ ਮਨਮੁਖ ਰੂਪ ਮਲ=ਪਹਿਲਵਾਨ ਸੰਸਾਰ ਰੂਪੀ ਅਖਾੜੇ ਵਿਚ ਲਥੇ=ਉਤਰੇ ਹੋਏ ਫੇਰੀਆਂ ਲੈਂਦੇ ਹਨ ਅਥਵਾ ਗੁਰਮੁਖ ਜਨ ਸੰਸਾਰ ਵਲੋਂ ਸਤਿਸੰਗਤ ਦੁਆਰਾ ਮਨ ਨੂੰ ਫੇਰ ਕੇ ਵਾਹਿਗੁਰੂ ਵੱਲ ਲਾ ਲੈਂਦੇ ਹਨ ਅਤੇ ਮਨਮੁਖ ਕੁਸੰਗਤ ਵਿਚ ਲੱਗਣ ਕਰਕੇ ਜੂਨਾਂ ਵਿਚ ਫੇਰੀਆਂ ਲੈਂਦੇ ਭਾਵ ਚੱਕਰ ਕੱਢਦੇ ਰਹਿੰਦੇ ਹਨ।

ਨਿਹਤੇ ਪੰਜਿ ਜੁਆਨ ਮੈ

ਗੁਰ ਥਾਪੀ ਦਿਤੀ ਕੰਡਿ ਜੀਉ ॥ ੧੮ ॥

ਜਦੋਂ ਗੁਰ=ਸਤਿਗੁਰੂ ਸਾਹਿਬ ਜੀ ਨੇ ਮੇਰੀ ਬੁੱਧ ਰੂਪ ਕੰਡਿ=ਪਿੱਠ ਦੇ ਉਤੇ ਕ੍ਰਿਪਾ ਰੂਪੀ ਥਾਪੀ ਦਿਤੀ ਤਾਂ ਉਸ ਵੇਲੇ ਮੈਂ ਪੰਜੇ ਕਾਮ ਆਦਿਕਾ ਜਵਾਨਾਂ ਨੂੰ ਨਿਹਤੇ=ਕਾਬੂ ਕਰ ਲਿਆ ਅਥਵਾ ਪੰਜੇ ਕਾਮ ਆਦਿਕ ਜਵਾਨਾਂ ਨੂੰ ਸਮਦਮ ਰੂਪੀ ਰੱਸਿਆਂ ਨਾਲ ਨਿਹਤੇ=ਨਰੜ ਬੰਨ੍ਹ ਲਿਆ ਹੈ ਭਾਵ ਪੰਜਾਂ ਜਵਾਨਾਂ ਨੂੰ ਢਾਹ ਲਿਆ ਤਾਂ ਸਤਿਗੁਰਾਂ ਨੇ ਮੇਰੀ ਬੁੱਧ ਰੂਪ ਪਿੱਠ ਦੇ ਉਤੇ ਭਗਤੀ ਰੂਪ (ਗੁਰਤਾ-ਗੱਦੀ) ਰੂਪ ਥਾਪੀ ਦਿਤੀ ਕਿ ਤੁਸੀਂ ਮੇਰਾ ਹੀ ਸਰੂਪ ਹੋ।

ਸਭ ਇਕਠੇ ਹੋਇ ਆਇਆ ॥
ਘਰਿ ਜਾਸਨਿ ਵਾਟ ਵਟਾਇਆ ॥

ਜਿਸ ਪ੍ਰਕਾਰ ਪ੍ਰਤੱਖ ਮੱਲ ਅਖਾੜੇ ਵਿਚ ਬਹੁਤ ਸਭ=ਸਾਰੇ ਪਹਿਲਵਾਨ ਇਕੱਠੇ ਹੋਇ=ਹੋ ਕੇ ਕੁਸ਼ਤੀ ਕਰਨ ਲਈ ਆਇਆ=ਆਉਂਦੇ ਹਨ। ਪਰੰਤੂ ਜਦੋਂ ਕੁਸ਼ਤੀ ਕਰਕੇ ਵਾਪਸ ਘਰਾਂ ਨੂੰ ਜਾਸਨਿ=ਜਾਂਦੇ ਹਨ ਤਾਂ ਆਪਸ ਵਿਚ ਵਾਟ=ਰਸਤਾ ਵਟਾਇਆ=ਬਦਲਾ ਕੇ ਜਾਂਦੇ ਹਨ ਭਾਵ ਜਿਸ ਰਾਹ ਜਿੱਤ ਵਾਲੇ ਪਹਿਲਵਾਨ ਜਾਂਦੇ ਹਨ, ਉਸ ਰਾਹ ਹਾਰ ਵਾਲੇ ਨਹੀਂ ਜਾਂਦੇ।

ਗੁਰਮੁਖਿ ਲਾਹਾ ਲੈ ਗਏ
ਮਨਮੁਖ ਚਲੇ ਮੂਲੁ ਗਵਾਇ ਜੀਉ ॥ ੧੯ ॥

ਹੇ ਪਿਆਰੇ ਜੀ! ਇਸ ਪ੍ਰਕਾਰ ਗੁਰਮੁਖ ਜਨ ਆਤਮਾਨੰਦ ਦਾ ਲਾਭ ਲੈ ਕੇ ਸੰਸਾਰ ਤੋਂ ਚਲੇ ਗਏ ਹਨ। ਅਤੇ ਮਨਮੁਖ ਲੋਕ ਆਪਣੇ ਮਨੁੱਖਾ ਜਨਮ ਦੀ ਸੁਆਸਾਂ ਰੂਪੀ ਪੂੰਜੀ ਨੂੰ ਮੂਲੁ=ਮੁੱਢ ਤੋਂ ਲੈ ਕੇ ਪਰਮੇਸ਼ਰ ਨੂੰ ਭੁੱਲ ਗਏ ਭਾਵ ਮੂਲੁ=ਮੁੱਢ ਰੂਪੀ ਪੂੰਜੀ ਨੂੰ ਗਵਾ ਕੇ ਪੁੰਨਾਂ ਨੂੰ ਨਾਸ਼ ਕਰਕੇ ਵਿਕਾਰਾਂ ਵਿਚ ਲਾ ਕੇ ਪ੍ਰਲੋਕ ਨੂੰ ਚਲੇ ਗਏ ਹਨ।

ਤੂੰ ਵਰਨਾ ਚਿਹਨਾ ਬਾਹਰਾ ॥

ਹੇ ਪਰੇਸ਼ਰ! ਤੂੰ ਖੱਤਰੀ, ਬ੍ਰਾਹਮਣ, ਸੂਦ, ਵੈਸ ਆਦਿ ਵਰਨਾਂ, ਕੰਠੀਮ, ਰੁਦਰਾਖਸ਼ੀ ਮਾਲਾ ਆਦਿ ਚਿਹਨਾ=ਚਿੰਨਾਂ ਤੋਂ ਬਾਹਰਾ=ਰਹਿਤ ਹੈਂ।

ਹਰਿ ਦਿਸਹਿ ਹਾਜਰੁ ਜਾਹਰਾ ॥

ਹੇ ਹਰਿ=ਪਰਮੇਸ਼ਰ! ਤੂੰ ਬ੍ਰਹਮ ਗਿਆਨੀਆਂ ਨੂੰ ਜਾਹਰਾ=ਪ੍ਰਤੱਖ ਤੌਰ 'ਤੇ ਹਾਜਰੁ=ਨੇੜੇ ਦਿਸਹਿ=ਦਿਖ ਰਿਹਾ ਹੈਂ ਭਾਵ ਬ੍ਰਹਮ ਗਿਆਨੀ ਹਰ ਵਕਤ ਸਾਰਿਆਂ ਨੂੰ ਆਤਮਾ ਰੂਪ ਕਰਕੇ ਵੇਖਦੇ ਹਨ।

ਸੁਣਿ ਸੁਣਿ ਤੁਝੈ ਧਿਆਇਦੇ
ਤੇਰੇ ਭਗਤ ਰਤੇ ਗੁਣਤਾਸੁ ਜੀਉ ॥ ੨੦ ॥

ਜਿਹੜੇ ਸ਼ਰਧਾ ਤੇ ਭਰੋਸੇ ਰੂਪੀ ਕੰਨਾਂ ਦੁਆਰਾ ਸਤ ਸ਼ਾਸਤਰਾਂ ਨੂੰ ਸਰਵਨ ਕਰ ਕੇ ਫਿਰ ਮੰਨਣ ਕਰਦੇ ਹਨ, ਉਹ ਤੁਝੈ=ਤੁਹਾਨੂੰ ਇਕ ਚਿਤ ਹੋ ਕੇ ਧਿਆਉਂਦੇ ਹਨ। ਹੇ ਗੁਣਤਾਸੁ=ਗੁਣਾਂ ਦੇ ਤਾਸੁ=ਖਜ਼ਾਨਾ ਰੂਪ ਪਰਮੇਸ਼ਰ ਜੀਉ। ਜਿਹੜੇ ਤੇਰੇ ਭਗਤ ਹਨ, ਉਹ ਤੇਰੇ ਰੰਗ ਵਿਚ ਹੀ ਰਤੇ=ਰੰਗੇ ਰਹਿੰਦੇ ਹਨ।

ਮੈ ਜੁਗਿ ਜੁਗਿ ਦਯੈ ਸੇਵੜੀ ॥

ਗੁਰੂ ਸਾਹਿਬ ਜੀ ਆਖਣ ਲੱਗੇ ਕਿ ਹੇ ਗੁਰਸਿੱਖੋ! ਮੈਂ ਤਾਂ ਇਉਂ ਚਾਹੁੰਦਾ ਹਾਂ ਕਿ ਜੁਗਿ-ਜੁਗਿ=ਜੁਗਾਂ-ਜੁਗਾਂ ਵਿਚ ਦਯੈ=ਪ੍ਰੇਰਕ ਪਰਮੇਸ਼ਰ ਵਾਹਿਗੁਰੂ ਦਾ ਸੇਵਕ ਬਣ ਕੇ ਸੇਵੜੀ=ਸੇਵਾ ਕਰਦਾ ਰਿਹਾਂ। ਗੁਰਸਿੱਖਾਂ ਨੇ ਕਿਹਾ ਕਿ ਪਾਤਸ਼ਾਹ ਜੀ! ਇਹ ਕੀ ਫਲ ਹੋਇਆ? ਜੁਗ-ਜੁਗ ਵਿਚ ਜੰਮਦੇ ਹੀ ਰਹੋਗੇ। ਮਹਾਰਾਜ ਸਾਹਿਬ ਜੀ ਆਖਣ ਲੱਗੇ ਕਿ ਨਹੀਂ, ਜੁਗਾਂ-ਜੁਗਾਂ ਵਿਚ ਆਉਣ ਦਾ ਮਤਲਬ ਨਹੀਂ, ਇਹ ਭਗਤ ਹੇਤ ਹੈ। ਭਗਤੀ ਦੇ ਹਿਤ ਵਾਸਤੇ ਬਚਨ ਕਹਿ ਰਹੇ ਹਾਂ। ਗੁਰਸਿੱਖਾਂ ਨੇ ਪ੍ਰਸ਼ਨ ਕੀਤਾ ਕਿ ਮਹਾਰਾਜ ਜੀ ਇਸ ਦਾ ਕੀ ਕਾਰਨ ਹੈ?

ਗੁਰਿ ਕਟੀ ਮਿਹਡੀ ਜੇਵੜੀ ॥

ਮਹਾਰਾਜ ਸਾਹਿਬ ਨੇ ਫੁਰਮਾਇਆ ਕਿ ਗੁਰੂ ਨੇ ਵਿਚਾਰ ਰੂਪੀ ਤਲਵਾਰ ਨਾਲ ਮਿਹਡੀ=ਮੇਰੀ ਜੰਮਣ ਮਰਣ ਦੀ ਵਾਸ਼ਨਾ ਰੂਪੀ ਜੇਵੜੀ=ਰੱਸੀ ਇੱਕੋ ਵਾਰ ਕੱਟੀ=ਕੱਟ ਦਿਤੀ ਹੈ।

ਹਉ ਬਾਹੁੜਿ ਛਿੰਝ ਨ ਨਚਊ
ਨਾਨਕ ਅਉਸਰੁ ਲਧਾ ਭਾਲਿ ਜੀਉ
॥ ੨੧ ॥ ੨ ॥ ੨੯ ॥

ਹਉ=ਮੈਂ ਬਾਹੁੜਿ=ਦੁਬਾਰਾ ਸੰਸਾਰ ਰੂਪੀ ਛਿੰਝ=ਮੱਲ ਅਖਾੜੇ ਵਿਚ ਨ=ਨਹੀਂ ਨਚਊ=ਨੱਚਾਂਗਾ, ਭਾਵ ਜੰਮਣ ਮਰਨ ਵਿਚ ਪੈ ਕੇ ਜੂਨਾਂ ਵਿਚ ਨਹੀਂ ਨੱਚਾਂਗਾ, ਕਿਉਂਕਿ ਮੈਂ ਮਨੁੱਖਾ ਜਨਮ ਰੂਪੀ ਅਉਸਰੁ=ਸਮੇਂ ਵਿਚ ਗੁਰਾਂ ਦੀ ਸੰਗਤ ਦੁਆਰਾ ਪਰਮੇਸ਼ਰ ਜੀ ਨੂੰ ਭਾਲਿ=ਖੋਜ ਕੇ ਲਧਾ=ਲੱਭ ਲਿਆ ਹੈ।

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-47)*

### 45. ਅਰਸ਼ੀ ਪਰਉਪਕਾਰੀ

ਝੁੰਗੀ ਦਰਦ ਰਵਾਣਿਆਂ ਵੰਨੇ ਅਜ ਸਮੀਰ! ਚਲਿ ਆਈ! ਲਪਟਾਂ ਛੱਡ ਕੁਲਪਟਾਂ ਵੰਨੇ ਤੂੰ, ਫੇਰੀ ਕਿਉਂ ਪਾਈ? ਵਿਚ ਉਜਾੜ ਅਸਾਡੇ ਡੇਰੇ, ਇਕ ਕਿੱਕਰ ਦੀ ਛਾਯਾ, ਕਿਉਂ ਬੁਲਬੁਲ ਗੁਲ ਛੱਡ ਏਸਤੇ ਤੂੰ ਡੇਰਾ ਅਜ ਲਾਇਆ? ਜਿੱਥੇ ਕਦੇ ਕਾਉਂ ਸੀ ਡਰਦਾ ਇਕ ਫੇਰਾ ਬੀ ਪਾਣੋਂ, ਮੋਰ ਪਿਆ ਅਜ ਪੈਲਾ ਪਾਵੇ, ਸੰਗਦਾ ਹੈ ਉਡ ਜਾਣੋਂ। ਪੀਲੇ ਲੋਂਗ ਕਿੱਕਰਾਂ ਵਾਲੇ ਲਪਟਾਂ ਮਾਰ ਉਠੇ ਹਨ, ਕਿਉਂ ਕੁਦਰਤ ਦੇ ਰੰਗ ਸੁਹਾਵੇ ਆਪੇ ਆਣ ਵੁਠੇ ਹਨ। ਦਰਦਾਂ ਦੀ ਚਾਂਗਰ ਸੁਣ ਸਾਰ ਦੂਰ-ਦੂਰ ਨਠ ਜਾਂਦੇ, ਦਰਦ ਰਵਾਣਯਾਂ-ਦਰ ਤੇ ਅੱਜ ਕਿਉਂ ਸੁਹਣੇ ਹਨ ਪਏ ਆਂਦੇ? ਝੁੰਗੀ ਕੱਖਾਂ ਉਹ ਵੀ ਟੁੱਟੀ,ਕੌਣ ਅਸਾਂ ਦਰ ਆਵੇ, ਆਂਦਰ ਕਿਸੇ ਰੰਗੀਲੇ ਖਾਤਰ ਕੁਦਰਤ ਰੰਗ ਜਮਾਵੇ? ਕੀ ਕੋਈ ਅੱਜ ਹੁਸਨ ਰਾਜ ਦਾ ਛੈਲਾ ਏਥੇ ਅਸੀਂ? ਆਪੇ ਬਝਦੀ ਆਪੇ ਟੁੱਟਦੀ ਬਣ-ਬਣ ਆਸ ਨਿਰ-ਆਸੀ। ਕਿਨਿ ਆਨਾ ਕਿਨਿ ਜਾਨਾ ਏਥੇ! ਗਮ ਖਾਧੇ ਦਿਲ ਮੇਰੇ। ਏ ਅਭਿਲਾਖ ਕਿ ਸੁਪਨੇ ਤੇਰੇ, ਏ ਸੁਪਨੇ ਮਨ! ਤੇਰੇ।

### ਉਦਾਸੀ

ਹਾਂ, ਉਦਾਸੀ ਵੀ ਕਦੇ-ਕਦੇ ਆ ਜਾਂਦੀ ਹੇ ਤੇ ਛਾ ਜਾਂਦੀ ਹੈ ਦਿਲ ਉਪਰ, ਪਰ ਉਦਾਸੀ ਕਈ ਤਰ੍ਹਾਂ ਦੀ ਹੈ। ਮਨ ਬਹੁਤ ਲੜੇ ਤੇ ਮਿਲੇ ਥੋੜ੍ਹਾ, ਇਕ ਉਦਾਸੀ ਇਹ ਹੈ। ਮਿਲੇ ਬਹੁਤਾ ਤਾਂ ਰਜਿਹਾਣ ਹੋ ਕੇ ਬੀ ਇਕ ਉਪਰਾਮਤਾ ਆ ਜਾਂਦੀ ਹੈ, ਹਾਂ ਭੋਗਾਂ ਦੇ ਅੰਤ ਪਰ ਬੀ ਆਪਾ ਸੱਖਣਾ ਹੋ ਕੇ ਕਦੇ ਉਦਾਸੀ ਵਿਚ ਚਲਾ ਜਾਂਦਾ ਹੈ। ਇਹ ਬੀ ਇਕ ਉਦਾਸੀ ਹੈ, ਪਰ ਇਕ ਉਦਾਸੀ ਹੋਰ ਹੈ, ਜੋ ਪਰਮੇਸ਼ੁਰ ਦੇ ਪਿਆਰਿਆਂ ਨੂੰ ਆਉਂਦੀ ਹੈ। ਉਹ ਹੁੰਦੀ ਹੈ ਇਕਾਂਦ ਦੀ ਇੱਛਾ। ਜਗਤ ਦਾ ਭਲਾ ਕਰਦਿਆਂ ਜਦੋਂ ਆਪਾਂ ਕਦੇ ਹੋ ਜਾਂਦਾ ਹੈ ਕਿਉ ਉਚਿਆਨ ਤੋਂ ਰਤਾ ਹੇਠਾਂ ਤਾਂ ਫਿਰ ਚਾਹੁੰਦਾ ਹੈ ਓਹੋ ਅੰਦਰਲੇ ਦੀ ਉਚਿਆਨ ਤੇ ਉਸ ਖਾਤਰ ਹੁੰਦਾ ਹੈ ਉਦਾਸ ਤੇ ਮੰਗਦਾ ਹੈ ਏਕਾਂਤ। ਏਕਾਂਤ ਜਿੱਥੇ ਮਨ ਕੁਦਰਤ ਨਾਲ ਗੱਲਾਂ ਕਰੇ, ਕੁਦਰਤ ਦਾ ਰੰਗ ਲਵੇ ਤੇ ਖਿੜੇ ਇਕ ਸੁਰ ਹੋ ਕੇ ਕੁਦਰਤ ਨਾਲ। ਹਾਂ, ਨਦੀ, ਨਾਲੇ, ਨਿੱਕੀਆਂ-ਨਿੱਕੀਆਂ ਕੂਲਾਂ ਦਾ ਵਿਲਪ-ਵਿਲਪ ਨਾਦ ਕੰਨਾਂ ਵਿਚ ਗੂੰਜੇ। ਚੰਦ, ਤਾਰੇ, ਆਕਾਸ਼, ਵਿਸ਼ਾਲਤਾ ਤੇ ਅਸਚਰਜਤਾ ਦਾ ਰੰਗ ਦੇਣ। ਬ੍ਰਿਛ, ਬੂਟੇ, ਘਾਹ, ਫੁੱਲ ਤਰਾਵਤ ਭਰ ਦੇਣ ਅੱਖਾਂ ਵਿਚ ਤੇ ਅੱਖਾਂ ਭੇਜ ਦੇਣ ਇਹ ਤਾਜ਼ਗੀ ਦਿਲ ਨੂੰ। ਉਚਾਣਾਂ, ਨਿਵਾਣਾਂ, ਖੱਡਾਂ ਸਿਖਰਾਂ ਦੇ ਨਜ਼ਰੇ ਨਜ਼ਰ ਨੂੰ ਕਰ ਦੇਣ ਆਪੇ ਵਿਚ ਝਾਤੀ ਮਾਰਨ ਵਾਲਾ, ਅੰਦਰਲੇ ਉਚਾਣ ਨਿਵਾਣ ਟੋਏ ਟਿੱਬੇ ਦਿੱਸਣ ਤੇ ਫੇਰ ਸਮਤਾ ਹੋ ਜਾਵੇ ਅੰਦਰ ਰਸ ਭਰੀ। ਕੁਦਰਤ ਦਾ ਇਹ ਰੰਗ ਲਗ-ਲਗ ਕੇ ਅੰਦਰ ਜਗਾ ਦੇਵੇ ਕੋਈ ਹੋਰ ਕਲਾ, ਜੋ ਦੇਖੇ ਕਿ ਇਹ ਦਿਸਦੇ ਦੇ ਮਗਰ ਅਣਦਿਸਦਾ ਬੀ ਵਸਦਾ ਹੈ, ਜਿਸ ਦੇ ਰਚੇ ਇਹ ਰੰਗ ਹਨ। ਹਾਂ, ਅੰਦਰਲਾ ਉਸ ਅਣਦਿਸਦੇ ਦੇ ਸੁਹਣੱਪ ਨੂੰ ਸਮਝੇ ਇਸ ਕੁਦਰਤੀ ਸੁਹਣੱਪ ਤੋਂ ਜੋ ਕਦੇ-ਕਦੇ ਮਨ ਨੂੰ ਆਪਣੀ ਸੁਹਣੱਪ ਦੀ ਛੁਹ ਨਾਲ ਨਵੀਂ ਜਿੰਦ ਪਾ ਕੇ ਆਪੇ ਨਾਲ ਇਕ ਸੁਰ ਕਰ ਦੇਂਦਾ ਹੈ। ਇਸ ਏਕਾਂਤ ਦੇ ਇਕੱਲ ਵਿਚ ਆਪਾ, ਡਾਵਾਂਡੋਲ ਇਕੱਲ ਵਿਚ ਨਹੀਂ ਜਾ ਪੈਂਦਾ, ਸਗੋਂ ਪ੍ਰਤੀਤ ਕਰਦਾ ਹੈ ਅੰਦਰ ਕਿ ਮੇਰਾ ਆਪਾ ਜੋ ਹੁਣ ਨਿਖਰਿਆ ਹੈ, ਇਹ ਇਕੱਲ ਨਹੀਂ ਹੈ, ਪਰ ਕੋਈ ਹੈ ਇਸ ਦੇ ਪਿੱਛੇ ਜਿਸ ਨਾਲ ਇਹ ਜਾ ਲੱਗਾ ਹੈ ਤੇ ਜਿਸ ਦਾ ਸੁਹਜ ਕੁਦਰਤ ਵਿਚ ਪਿਆ ਸ਼ੋਭਦਾ ਹੈ। ਇਉਂ ਆਪਾ ਨਵਾਂ ਨਰੋਆ, ਬਲਵਾਨ, ਉੱਚਾ-ਉੱਚਾ ਤੇ ਸੁਖ ਰੂਪ ਜਿਹਾ ਹੋ ਜਾਂਦਾ ਹੈ, ਉਸ ਉਦਾਸੀ ਦੇ ਫਲ ਵਿਚ, ਜੋ ਪੈਂਦੀ ਹੈ ਨਾਮ ਰਸੀਏ ਗੁਰਮੁਖਾਂ ਨੂੰ ਕਦੇ-ਕਦੇ ਤੇ ਲੈ ਜਾਂਦੀ ਹੈ ਏਕਾਂਤ ਵਿਚ। ਹਾਂ, ਏਕਾਂਤ ਵਿਚ ਰਸਮਯ ਕਰਕੇ ਉਪਕਾਰੀ ਬੱਦਲ ਬਾਂਗੂ ਫਿਰ ਕੋਈ ਅਗੰਮੀ ਵੇਗ ਲੈ ਆਉਂਦਾ ਹੈ ਜਗਤ ਵਿਚ ਪੀੜਾਂ ਦੇ ਦੇਸ਼-ਪੀੜਾ ਹਰਨ ਲਈ ਜਿੰਨੀ ਕੁ ਹੋ ਸਕੇ, ਆਪੋ ਆਪਣੇ ਵਿਤ ਅਨੁਸਾਰ।

ਇਹ ਗੱਲ ਨਹੀਂ ਸਮਝਣੀ ਚਾਹੀਏ ਕਿ ਗੁਰਮੁਖ ਕਦੇ ਪ੍ਰੇਮ ਤੋਂ ਖਾਲੀ ਹੋ ਜਾਂਦੇ ਹਨ, ਯਾ ਨਾਮ ਤੋਂ ਸੱਖਣੇ, ਯਾ ਗਿਆਨ ਤੋਂ ਵਿਰਵੇ ਹੋ ਜਾਂਦੇ ਹਨ। ਇਹ ਇਕ ਰਸੀਏ ਤੇ ਉਪਕਾਰੀ ਜੀਵਨ ਦਾ ਪਹਿਲੂ ਹੁੰਦਾ ਹੈ ਜੋ ਸਰੀਰਧਾਰੀ ਹੋਣ ਕਰਕੇ ਕਦੇ-ਕਦੇ ਏਕਾਂਤ ਮੰਗਦਾ ਹੈ। ਇਹ ਉਹ ਉਦਾਸੀ ਨਹੀਂ ਜੋ ਸੰਸਾਰ ਦੇ ਦੁੱਖਾਂ ਤੋਂ ਨਫਰਤ ਦੇ ਘਰ ਲਿਜਾ ਕੇ ਬਨਾਂ ਪਰਬਤਾਂ ਵਿਚ, ਲਿਜਾ ਗਾਲਦੀ ਹੈ, ਪਰ ਇਹ ਉਹ ਉਤਮ ਉਦਾਸੀ ਹੈ ਜੋ ਸੰਤ-ਹਿਰਦੇ ਵਿਚ ਸਦਾ ਵਿਆਪੀ ਰਹਿੰਦੀ ਹੈ, ਜੋ ਇਸ ਨੂੰ ਹਉਂ ਤੋਂ ਧੋ ਕੇ ਕਿਸੇ ਆਪੇ ਦੇ ਸੁਖ ਵਿਚ ਰਖਦੀ ਹੈ ਤੇ ਇਸ ਨੂੰ ਸੁਖ ਦਾਤਾ ਬਣਾ ਦੇਂਦੀ ਹੈ। ਸੁਖਦਾਤਾ ਹੋਣ ਵੇਲੇ ਜਾਂ ਸੁਖ ਦੇਣ ਵੇਲੇ ਹਉਂ, ਜੋ ਪ੍ਰਬਲ ਹੈ, ਜਗਤ ਦੇ ਕੋੜੇ ਤਜਰਬਿਆਂ ਨਾਲ ਕਦੇ-ਕਦੇ ਕੁਛ ਸਿਥਲਤਾ ਲੈ ਆਉਂਦੀ ਹੈ ਯਾ ਇਉਂ ਸਮਝੋ ਕਿ ਜਗਤ ਦਾ ਆਪਣੇ ਸੁਖਦਾਤਿਆਂ ਨਾਲ ਵਰਤਾਰਾ ਸਤ ਹਿਰਦੇ ਦੀ ਝਾਲੂ ਸ਼ਕਤੀ ਨੂੰ ਸੱਟਾ ਮਾਰ-ਮਾਰ ਕੇ ਕੁਛ ਥਕਾਨ ਯਾ ਸਿਥਲਤਾ ਯਾ ਉਪਰਾਮਤਾ ਕਰਨ ਲਈ ਉਪਕਾਰੀ ਸੰਤ ਕਦੇ-ਕਦੇ ਏਕਾਂਤ ਵਾਸੀ ਹੋ ਜਾਂਦਾ ਹੈ।

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥*
*ਸਾਵਧਾਨ ਏਕਾਗਰ ਚੀਤ ॥* *ਅੰਗ - ੨੯੫*

